ISSN : 2583-746X
VOLUME : V ISSUE - II
December 2023

ਬਹੁ–ਭਾਸ਼ਾਈ ਛਿਮਾਹੀ
ਸਮਾਜ ਵਿਗਿਆਨਕ ਮਾਹਰ ਸਮੀਖਿਆ
ਖੋਜ ਪੱਤ੍ਰਿਕਾ

# ਵਿੱਦਿਆ ਸਾਗਰ ਪੱਤ੍ਰਿਕਾ

Multilingual Biannual Social Sciences Peer Reviewed Research Journal

ਦਸੰਬਰ 2023

# VIDIYA SAGAR PATRIKA

E-Research Journal

www.sovs.in

ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ

# Multilingual Biannual

# Social Sciences Peer Reviewed Journal

# Vidiya Sagar Patrika

# ਵਿੱਦਿਆ ਸਾਗਰ ਪੱਤ੍ਰਿਕਾ

ਮੁੱਖ ਸੰਪਾਦਕ
ਡਾ. ਸੋਨਦੀਪ ਮੋਂਗਾ

ਦਸੰਬਰ 2023

**ISSN : 2583-746X**

ਪ੍ਰਕਾਸ਼ਕ:
ਪਬਲੀਕੇਸ਼ਨ ਬਿਊਰੋ
ਸੰਨੀ ਓਬਰਾਏ ਵਿਵੇਕ ਸਦਨ :
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ
ਸੰਪਰਕ ਨੰਬਰ: 01887-292286
ਈ-ਮੇਲ: **editorinchief@sovs.in**
ਵੈੱਬਸਾਇਟ: **www.sovs.in**

ਭੇਟਾ ਰਹਿਤ

Published & Printed by
**Unistar Books Pvt. Ltd.**
301, Industrial Area, Phase-9, Sector 66-A,
S.A.S. Nagar, Mohali-Chandigarh-160062 (India)
email : unistarbooks@gmail.com
website : www.unistarbooks.com
Ph. +91-172-5027427, 5027429

Multilingual Biannual

Social Sciences Peer Reviewed Journal

# VIDIYA SAGAR PATRIKA

# ਵਿੱਦਿਆ ਸਾਗਰ ਪੱਤ੍ਰਿਕਾ

ਦਸੰਬਰ 2023

ਮੁੱਖ ਸੰਪਾਦਕ

ਡਾ. ਸੋਨਦੀਪ ਮੋਂਗਾ

ਸੰਨੀ ਓਬਰਾਏ ਵਿਵੇਕ ਸਦਨ :
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

## ਸੰਦੇਸ਼



ਪੰਜਾਬ ਇੱਕ ਖੁਸ਼ਹਾਲ ਸੂਬਾ ਹੈ। ਇਸ ਦੀ ਖੁਸ਼ਹਾਲੀ ਦਾ ਰਾਜ ਇੱਥੋਂ ਦੇ ਲੋਕਾਂ ਦੀ ਚੜ੍ਹਦੀ ਕਲਾ ਨਾਲ ਹਰ ਚੁਣੌਤੀ ਨੂੰ ਸਵੀਕਾਰਨਾ ਅਤੇ ਉਸ ਨਾਲ ਜੂਝਣਾ ਹੈ ਜੋ ਗੁਰੂਆਂ ਪੀਰਾਂ ਦੀ ਵਿਰਾਸਤੀ ਅਸੀਸ ਦਾ ਸਦਕਾ ਹੈ। ਅਜੋਕਾ ਪੰਜਾਬ ਉਦਯੋਗਿਕ ਕ੍ਰਾਂਤੀ, ਤਕਨੀਕੀ ਵਿਕਾਸ ਅਤੇ ਖੇਤੀ ਵਿਭਿੰਨਤਾ ਦਾ ਮਾਡਲ ਹੈ ਜੋ ਆਪਣੇ ਲੋਕਤੰਤਰੀ ਅਹਿਸਾਸ ਨਾਲ ਅਵਾਮ ਦੀ ਰਾਏ ਸ਼ੁਮਾਰੀ ਵਿੱਚ ਬਦਲਾਅ ਕਰਨ ਦਾ ਦਮ ਰੱਖਦਾ ਹੈ। ਇਸ ਦਾ ਸੱਭਿਆਚਾਰਕ ਮਾਡਲ ਸਮੁੱਚੇ ਗਲੋਬ ਵਿੱਚ ਅਪਣਾਇਆ ਗਿਆ ਹੈ। ਪੰਜਾਬੀਆਂ ਦੇ ਬੁਲੰਦ ਹੌਸਲੇਂ ਪਰਵਾਸ ਰਾਹੀਂ ਵੀ ਘਾਲ ਕਮਾਈਆਂ ਰੱਖਦੇ ਹਨ।

ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼, ਪੰਜਾਬ ਦੇ ਬਦਲਦੇ ਮੰਜਰ ਨੂੰ ਆਪਣੇ ਸਾਹਿਤਕ ਖੋਜ ਪ੍ਰਗਟਾਵੇ ਸਹਿਤ ਪੇਸ਼ ਖੋਜ ਪੱਤ੍ਰਿਕਾ 'ਵਿੱਦਿਆ ਸਾਗਰ ਪੱਤ੍ਰਿਕਾ' ਵਿੱਚ ਸੰਜੋਣ ਲਈ ਪ੍ਰਯਤਨਸ਼ੀਲ ਹੈ। ਇਸ ਵਿੱਚ ਨਾ ਸਿਰਫ਼ ਪੰਜਾਬ ਸਗੋਂ ਪੂਰੇ ਭਾਰਤ ਤੋਂ ਵਿਦਵਾਨ, ਖੋਜਾਰਥੀ, ਵਿਭਿੰਨ ਫ਼ੈਕਲਟੀਜ਼ ਆਪਣੇ ਵਿਚਾਰ ਖੋਜ ਦੇ ਮਾਧਿਅਮ ਰਾਹੀਂ ਦਰਜ ਕਰਦੇ ਹਨ ਤਾਂ ਕਿ ਕੋਈ ਨਵਾਂ ਦ੍ਰਿਸ਼ਟੀਕੋਣ ਮਿਲ ਸਕੇ। ਮੇਰੀਆਂ ਇਹਨਾਂ ਸਭਨਾਂ ਨੂੰ ਸ਼ੁਭ ਕਾਮਨਾਵਾਂ ਜੋ ਕਿ ਪੰਜਾਬ ਦੀ ਸਾਹਿਤਕ ਵਿਰਾਸਤ ਨੂੰ ਸੰਭਾਲਣ ਵਿੱਚ ਯੋਗਦਾਨ ਪਾ ਰਹੇ ਹਨ।


**ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ**
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

## ਸੰਪਾਦਕੀ



ਪੰਜ ਪਾਣੀਆਂ ਦੀ ਧਰਤਿ ਪੰਜਾਬ ਦੇ ਲੋਕਮਨ ਦਾ ਵੇਗ ਅਤਿ ਪ੍ਰਬਲ ਹੈ। ਸਾਹਿਤ ਲੋਕਮਨ ਦੀ ਕਸਤੂਰੀ ਹੈ। ਲੋਕ ਮਨ ਇੱਕ ਪ੍ਰਕ੍ਰਿਤਕ ਵਰਤਾਰਾ ਹੈ ਜਿਸ ਰਾਹੀਂ ਸੱਭਿਆਚਾਰ ਵਿਵਹਾਰ ਨਿਸ਼ਚਿਤ ਕੀਤਾ ਜਾਂਦਾ ਹੈ।ਪੰਜਾਬੀ ਲੋਕਮਨ ਨੂੰ ਵੀ ਇਸ ਦੇ ਭਾਸ਼ਾ ਸਾਹਿਤ ਅਤੇ ਕੋਮਲ ਕਲਾਵਾਂ ਵਿੱਚ ਵਾਚਿਆ ਜਾ ਸਕਦਾ ਹੈ ਅਤੇ ਵਿਵਹਾਰਕ ਰੂਪ ਵਿੱਚ ਲੋਕ ਸਾਹਿਤ, ਲੋਕ ਹੁਨਰ, ਲੋਕ ਵਿਸ਼ਵਾਸ ਅਤੇ ਲੋਕ ਧੰਦੇ, ਰੀਤੀ ਰਿਵਾਜ, ਪਹਿਰਾਵਾ ਅਤੇ ਦਿਲ ਪ੍ਰਚਾਵੇ ਰਾਹੀਂ ਮਾਣਿਆ ਜਾਂਦਾ ਰਿਹਾ ਹੈ। ਅੱਜ ਪੂਰੇ ਵਿਸ਼ਵ ਵਿੱਚ ਇਸ ਦਾ ਪ੍ਰਸਾਰ ਪ੍ਰਚਾਰ ਹੈ ਇਹ ਪੰਜ ਦਰਿਆਵਾਂ ਦੀ ਪਵਿੱਤਰ ਧਰਤਿ ਗੁਰੂਆਂ ਪੀਰਾਂ ਦੀ ਅਸੀਸ ਸਦਕਾ ਖੇਤਰੀ ਸੱਭਿਆਚਾਰ ਹੋਣ ਦੇ ਬਾਵਜੂਦ ਵੀ ਕੁੱਲ ਦੁਨੀਆਂ ਵਿੱਚ ਆਪਣਾ ਪਰਚਮ ਬੁਲੰਦ ਕਰ ਰਹੀ ਹੈ।ਇਸ ਦਾ ਅਦਬੀ ਵਿਰਸਾ ਅੱਜ ਇਲੈਕਟ੍ਰੋਨਿਕ ਮਾਧਿਅਮ ਰਾਹੀਂ ਵੀ ਸੰਚਾਰ ਵਿੱਚ ਹੈ ਅਤੇ ਵਿਦੇਸ਼ੀ ਡਾਇਸਪੋਰੇ ਵਜੋਂ ਵਿਕਸਿਤ ਵੀ ਹੋ ਚੁੱਕਾ ਹੈ।ਇਨਫਰਮੇਸ਼ਨ ਟੈਕਨੋਲੋਜੀ ਦੇ ਯੁੱਗ ਅਤੇ ਉਦਯੋਗਿਕ ਵਿਗਿਆਨਕ ਉੱਨਤੀ ਇਸ ਦੀ ਨੁਹਾਰ ਪਰਵਰਤਿਤ ਕਰ ਰਹੀ ਹੈ।ਅਕਾਦਮਿਕਤਾ ਦੀ ਪਿੜ ਵਿੱਚ ਪੰਜਾਬ ਨਵੇਂ ਦਿਸਹੱਦੇ ਕਾਇਮ ਕਰ ਰਿਹਾ ਹੈ।ਸਮੁੱਚਾ ਸੰਸਾਰ ਇਸ ਦੀ ਸ਼ਾਹਦੀ ਭਰ ਰਿਹਾ ਹੈ ਕਿਉਂਕਿ ਪੰਜਾਬੀ ਕਾਨਫਰੰਸਾਂ ਹੁਣ ਗਲੋਬ ਦੀ ਸਮਾਜਿਕਤਾ ਤੇ ਸੱਭਿਆਚਾਰ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਪੰਜਾਬ ਦੀ ਹਰ ਸਮੱਸਿਆ ਨੂੰ ਵਾਬਸਤਾ ਹਨ ਅਤੇ ਇੱਥੋਂ ਦੀ ਅਕਾਦਮਿਕਤਾ ਨੂੰ ਨਵਾਂ ਵੇਗ ਦੇਣ ਦੀ ਸਮਰੱਥਾ ਦੇ ਰਹੇ ਹਨ।ਗੁਰੂ ਸਾਹਿਬਾਨ ਦੁਆਰਾ ਦਿੱਤੀ ਅਕਾਦਮਿਕ ਚੇਤਨਤਾ ਨੂੰ ਪ੍ਰਗਟਾਉਂਦੀ ਸਮਾਜ ਵਿਗਿਆਨਕ ਮਾਹਰ ਸਮੀਖਿਆ ਪੱਤ੍ਰਿਕਾ 'ਵਿੱਦਿਆ ਸਾਗਰ ਪੱਤ੍ਰਿਕਾ' ਦਾ ਇਹ ਅੰਕ ਅਸੀਂ ਪੰਜਾਬ ਨੂੰ ਸਮਰਪਿਤ ਕਰ ਰਹੇ ਹਾਂ। ਉਮੀਦ ਹੈ, ਸਮੂਹ ਵਿਦਵਾਨ, ਖੋਜਾਰਥੀ ਤੇ ਪਾਠਕ ਇਸ ਨੂੰ ਸਸ਼ਕਤ ਵਿਚਾਰਧਾਰਾਵਾਂ ਨਾਲ ਸ਼ਿੰਗਾਰਦੇ ਰਹਿਣਗੇ।

**ਡਾ. ਸੋਨਦੀਪ ਮੋਂਗਾ**
ਪ੍ਰੋਫੈਸਰ ਅਤੇ ਮੁਖੀ
ਸੰਨੀ ਓਬਰਾਏ ਵਿਵੇਕ ਸਦਨ :
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ।

# ਸਰਪ੍ਰਸਤ

## ਡਾ. ਐਸ. ਪੀ. ਸਿੰਘ ਓਬਰਾਏ

## ਮੈਨੇਜਿੰਗ ਟਰੱਸਟੀ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ

| ਸਲਾਹਕਾਰ ਬੋਰਡ | ਸੰਪਾਦਕੀ ਮੰਡਲ |
|---|---|
| **ਡਾ. ਰਾਜ ਬਹਾਦੁਰ**<br>ਵਿਸ਼ਵ ਪ੍ਰਸਿੱਧ ਸਰਜਨ ਅਤੇ ਸਲਾਹਕਾਰ,<br>ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)<br>ਸਾਬਕਾ ਵਾਈਸ ਚਾਂਸਲਰ, ਬਾਬਾ ਫਰੀਦ ਯੂਨੀ. ਆਫ<br>ਹੈਲਥ ਸਾਇੰਸਜ਼, ਫਰੀਦਕੋਟ | **ਡਾ. ਸੋਨਦੀਪ ਮੋਂਗਾ**<br>ਮੁੱਖ ਸੰਪਾਦਕ, ਪ੍ਰੋਫੈਸਰ ਅਤੇ ਮੁਖੀ<br>ਸੰਨੀ ਓਬਰਾਏ ਵਿਵੇਕ ਸਦਨ:ਐਡਵਾਂਸ ਇੰਸਟੀਚਿਊਟ<br>ਆਫ਼ ਸੋਸ਼ਲ ਸਾਇੰਸਜ਼, ਸ੍ਰੀ ਅਨੰਦਪੁਰ ਸਾਹਿਬ,<br>ਪੰਜਾਬ |
| **ਪਦਮ ਸ਼੍ਰੀ ਸੁਰਜੀਤ ਪਾਤਰ**<br>ਸ਼੍ਰੋਮਣੀ ਸਾਹਿਤਕਾਰ ਅਤੇ ਪ੍ਰਧਾਨ,<br>ਪੰਜਾਬ ਕਲਾ ਪ੍ਰੀਸ਼ਦ,<br>ਚੰਡੀਗੜ੍ਹ | **ਡਾ. ਜਮੀਰਪਾਲ ਕੌਰ ਸੰਧੂ**<br>ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ,<br>ਡੀਨ ਅਤੇ ਕੰਟਰੋਲਰ ਪ੍ਰੀਖਿਆਵਾਂ<br>ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ |
| **ਡਾ. ਜੋਰਾ ਸਿੰਘ**<br>ਚਾਂਸਲਰ,<br>ਦੇਸ਼ ਭਗਤ ਯੂਨੀਵਰਸਿਟੀ, ਪੰਜਾਬ | **ਡਾ. ਰਾਜੇਸ਼ ਸ਼ਰਮਾ**<br>ਅਸਿਸਟੈਂਟ ਪ੍ਰੋਫੈਸਰ, ਸੰਗੀਤ ਵਿਭਾਗ<br>ਗੁਰੂ ਨਾਨਕ ਦੇਵ ਯੂਨੀਵਰਸਿਟੀ<br>ਅੰਮ੍ਰਿਤਸਰ, ਪੰਜਾਬ। |
| **ਡਾ. ਬਲਕਾਰ ਸਿੰਘ**<br>ਸ਼੍ਰੋਮਣੀ ਸਾਹਿਤਕਾਰ<br>ਪੰਜਾਬੀ ਯੂਨੀਵਰਸਿਟੀ, ਪਟਿਆਲਾ | **ਡਾ. ਮਨਮੀਤ ਕੌਰ**<br>ਐਸੋਸਿਏਟ ਪ੍ਰੋਫੈਸਰ<br>ਮੁਖੀ, ਪੋਲੀਟੀਕਲ ਸਾਇੰਸ ਵਿਭਾਗ<br>ਬਰੇਲੀ ਕਾਲਜ, ਬਰੇਲੀ, ਯੂ.ਪੀ. |
| **ਡਾ. ਸਰਬਜਿੰਦਰ ਸਿੰਘ**<br>ਪ੍ਰੋਫੈਸਰ ਅਤੇ ਡੀਨ<br>ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ | **ਡਾ. ਮੀਨਾਕਸ਼ੀ ਮਦਾਨ**<br>ਸਹਾਇਕ ਪ੍ਰੋਫੈਸਰ<br>ਪੋਸਟ ਗਰੈਜੂਏਟ ਸਰਕਾਰੀ ਕਾਲਜ<br>ਸੈਕਟਰ - 46, ਚੰਡੀਗੜ੍ਹ |
| **ਡਾ. ਲਖਵਿੰਦਰ ਜੌਹਲ**<br>ਟੈਲੀਵਿਜ਼ਨ ਅਤੇ ਪੱਤਰਕਾਰੀ ਮਾਹਰ,<br>ਜਲੰਧਰ | **ਡਾ. ਪੁਸ਼ਪਮ ਨਾਰਾਇਣਨ**<br>ਪ੍ਰੋ. ਅਤੇ ਮੁਖੀ,ਸੰਗੀਤ ਵਿਭਾਗ<br>ਲਲਿਤ ਨਾਰਾਇਣ ਮਿਥਿਲਾ ਯੂਨੀਵਰਸਿਟੀ<br>ਕਾਮੇਸ਼ਵਰ ਨਗਰ, ਦਰਭੰਗਾ, ਬਿਹਾਰ |
| **ਸ਼੍ਰੀਮਤੀ ਨਵਜੋਤ ਕੌਰ**<br>ਸਹਾਇਕ ਸੰਪਾਦਕ, ਨੈਸ਼ਨਲ ਬੁੱਕ ਟਰੱਸਟ<br>ਨਵੀ ਦਿੱਲੀ | **ਡਾ. ਜਗਦੇਵ ਕੁਮਾਰ**<br>ਸਹਾਇਕ ਪ੍ਰੋਫੈਸਰ, ਸੰਗੀਤ ਵਿਭਾਗ<br>ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ |
| **ਡਾ. ਜਸਪਾਲ ਕੌਰ ਕਾਂਗ**<br>ਪ੍ਰੋਫੈਸਰ ਅਤੇ ਮੁਖੀ,<br>ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ<br>ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬ | **ਡਾ. ਮਰਿਤੁੰਜੇ ਸ਼ਰਮਾ**<br>ਐਸੋ. ਪ੍ਰੋਫੈਸਰ, ਸੰਗੀਤ ਵਿਭਾਗ<br>ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ<br>ਸਮਰਹਿਲ ਸ਼ਿਮਲਾ, ਹਿਮਾਚਲ ਪ੍ਰਦੇਸ਼ |

**VIDIYA SAGAR PATRIKA Multilingual Biannual Social Sciences Peer Reviewed Journal**
**December 2023, Vol.V Issue II, ISSN 2583-746X**
**ਵਿੱਦਿਆ ਸਾਗਰ ਪੱਤ੍ਰਿਕਾ ਬਹੁ-ਭਾਸ਼ਾਈ ਛਿਮਾਹੀ ਸਮਾਜ ਵਿਗਿਆਨਕ ਮਾਹਰ ਸਮੀਖਿਆ ਪੱਤ੍ਰਿਕਾ, ਦਸੰਬਰ 2023**

# ਮਾਹਰ ਸਮੀਖਿਆ ਪੈਨਲ


| | |
|---|---|
| **ਡਾ. ਪ੍ਰਭਲੀਨ ਸਿੰਘ**<br>ਪ੍ਰਬੰਧਨ ਅਤੇ ਇੰਜਨਿਅਰਿੰਗ ਵਿਭਾਗ<br>ਪ੍ਰਬੰਧਕੀ ਅਫ਼ਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ। | **ਡਾ. ਸੁਜਾਤਾ ਸ਼ਰਮਾ**<br>ਡਾਇਰੈਕਟਰ, ਤਪਨ ਰਿਹੈਬਿਲੀਟੇਸ਼ਨ ਸੋਸਾਇਟੀ<br>ਨੀਲੋਖੇੜੀ, ਕਰਨਾਲ, ਹਰਿਆਣਾ। |
| **ਡਾ. ਮਰਿਤੁੰਜੇ ਸ਼ਰਮਾ**<br>ਸੰਗੀਤ ਵਿਭਾਗ,<br>ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸਮਰਹਿਲ,<br>ਸ਼ਿਮਲਾ, ਹਿਮਾਚਲ ਪ੍ਰਦੇਸ਼। | **ਡਾ. ਜਮੀਰਪਾਲ ਕੌਰ ਸੰਧੂ**<br>ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ,<br>ਡੀਨ ਅਤੇ ਕੰਟਰੋਲਰ ਪ੍ਰੀਖਿਆਵਾਂ<br>ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ। |
| **ਡਾ. ਜਸਬੀਰ ਕੌਰ**<br>ਸਾਬਕਾ ਪ੍ਰੋਫੈਸਰ ਅਤੇ ਡੀਨ, ਭਾਸ਼ਾ ਫੈਕਲਟੀ, ਪੰ. ਯੂਨੀ, ਪਟਿਆਲਾ,<br>ਪ੍ਰਿੰਸੀਪਲ, ਗੁਰਮਤਿ ਕਾਲਜਪਟਿਆਲਾ। | **ਡਾ. ਉਮਾ ਸ਼ਰਮਾ**<br>ਸਾਬਕਾ ਡਾਇਰੈਕਟਰ,<br>ਲੋਕ ਸੰਪਰਕ ਵਿਭਾਗ, ਚੰਡੀਗੜ੍ਹ, ਪੰਜਾਬ। |
| **ਡਾ. ਰਾਜੇਸ਼ ਸ਼ਰਮਾ**<br>ਅਸਿਸਟੈਂਟ ਪ੍ਰੋਫੈਸਰ, ਸੰਗੀਤ ਵਿਭਾਗ<br>ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ। | **ਡਾ. ਸੁਗੰਧਾ ਕੋਹਲੀ**<br>ਸਮਾਜ ਵਿਗਿਆਨ ਵਿਭਾਗ<br>ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ,ਸੈਕਟਰ -26 ਚੰਡੀਗੜ੍ਹ। |
| **ਡਾ. ਪੁਸ਼ਪਮ ਨਾਰਾਇਣ**<br>ਲਲਿਤ ਨਾਰਾਇਣ ਮਿਥਿਲਾ ਯੂਨੀਵਰਸਿਟੀ<br>ਕਾਮੇਸ਼ਵਰ ਨਗਰ, ਦਰਭੰਗਾ, ਬਿਹਾਰ। | **ਪ੍ਰੋ. ਮਨਜੀਤ ਧਾਰੀਵਾਲ**<br>ਐਸੋਸਿਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਮੇਹਰ ਚੰਦ ਕਾਲਜ<br>ਆਫ ਐਜੂਕੇਸ਼ਨ, ਭਨੂਪਲੀ, ਨੰਗਲ, ਪੰਜਾਬ। |
| **ਡਾ. ਨੀਲਮ ਭਾਰਦਵਾਜ**<br>ਐਸੋਸਿਏਟ ਪ੍ਰੋਫੈਸਰ, ਪੋਸਟ ਗ੍ਰੈਜੁਏਟ ਅੰਗਰੇਜੀ ਵਿਭਾਗ<br>ਐਸ.ਸੀ.ਡੀ. ਸਰਕਾਰੀ ਕਾਲਜ, ਲੁਧਿਆਣਾ। | **ਡਾ. ਹਰਜਸ ਕੌਰ**<br>ਐਸੋਸਿਏਟ ਪ੍ਰੋਫੈਸਰ, ਮੁਖੀ, ਸੰਗੀਤ ਵਿਭਾਗ,<br>ਸਰਕਾਰੀ ਕਾਲਜ, ਰੋਪੜ। |
| **ਡਾ. ਮਨਜੀਤ ਸਿੰਘ ਘੁੰਮਣ**<br>ਮੁਖੀ, ਕਾਮਰਸ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ,<br>ਸ੍ਰੀ ਅਨੰਦਪੁਰ ਸਾਹਿਬ, ਪੰਜਾਬ। | **ਡਾ. ਅਸ਼ਵਨੀ ਕੁਮਾਰ**<br>ਅਸਿਸਟੈਂਟ ਪ੍ਰੋਫੈਸਰ, ਜੰਮੂ ਯੂਨੀਵਰਸਿਟੀ<br>ਜੰਮੂ। |
| **ਡਾ. ਜਗਦੇਵ ਕੁਮਾਰ**<br>ਸੰਗੀਤ ਵਿਭਾਗ, ਸਰਕਾਰੀ ਮਹਿੰਦਰਾ ਕਾਲਜ,<br>ਪਟਿਆਲਾ। | **ਡਾ. ਮਨਮੀਤ ਕੌਰ**<br>ਐਸੋਸਿਏਟ ਪ੍ਰੋਫੈਸਰ, ਮੁਖੀ, ਪੋਲੀਟੀਕਲ ਸਾਇੰਸ ਵਿਭਾਗ<br>ਬਰੇਲੀ ਕਾਲਜ,ਬਰੇਲੀ, ਯੂ.ਪੀ। |
| **ਡਾ. ਪ੍ਰਿਥਵੀ ਰਾਜ ਥਾਪਰ**<br>ਪ੍ਰੋਫੈਸਰ,<br>ਦਿਆਲ ਸਿੰਘ ਇਵਨਿੰਗ ਕਾਲਜ,ਦਿੱਲੀ | **ਡਾ. ਗੁਰਪ੍ਰੀਤ ਕੌਰ**<br>ਪੰਜਾਬੀ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ,<br>ਸ੍ਰੀ ਅਨੰਦਪੁਰ ਸਾਹਿਬ, ਪੰਜਾਬ। |
| **ਡਾ. ਪਰਮਜੀਤ ਸਿੰਘ**<br>ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ<br>ਪੀ.ਜੀ.ਜੀ.ਸੀ., ਸੈਕਟਰ -11 ਚੰਡੀਗੜ੍ਹ। | **ਡਾ. ਦੀਪਸ਼ਿਖਾ**<br>ਜਗਤ ਗੁਰੂ ਨਾਨਕ ਦੇਵ<br>ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ। |

**VIDIYA SAGAR PATRIKA Multilingual Biannual Social Sciences Peer Reviewed Journal**
**December 2023, Vol. V Issue II, ISSN 2583-746X**
**ਵਿੱਦਿਆ ਸਾਗਰ ਪੱਤ੍ਰਿਕਾ ਬਹੁ-ਭਾਸ਼ਾਈ ਛਿਮਾਹੀ ਸਮਾਜ ਵਿਗਿਆਨਕ ਮਾਹਰ ਸਮੀਖਿਆ ਪੱਤ੍ਰਿਕਾ, ਦਸੰਬਰ 2023**

# ਤਤਕਰਾ


| ਨੰ. | ਲੇਖਕ | ਖੋਜ ਪੱਤਰ | ਪੰਨਾ |
|---|---|---|---|
| 1. | ਡਾ. ਸੋਨਦੀਪ ਮੋਂਗਾ | ਅਣਵੰਡੇ ਪੰਜਾਬ ਦਾ ਪ੍ਰਤਿਬਿੰਬ : ਅਜੋਕਾ ਪੰਜਾਬੀ ਸੱਭਿਆਚਾਰ | 1 |
| 2. | ਡਾ. ਜਸਬੀਰ ਕੌਰ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਸੰਗੀਤ ਪਰੰਪਰਾ, ਇਕ ਇਤਿਹਾਸਕ ਵਿਸ਼ਲੇਸ਼ਣ | 8 |
| 3. | ਮਨਮੋਹਨ ਸਿੰਘ | ਗੁਰੂ ਅਰਜਨ ਦੇਵ : ਸ਼ਹਾਦਤ ਤੇ ਜੀਵਨ ਦਰਸ਼ਨ | 19 |
| 4. | ਡਾ. ਮਨਪ੍ਰੀਤ ਕੌਰ | ਸ੍ਰੀ ਗੁਰੂ ਤੇਗ ਬਹਾਦਰ ਵੀ ਦੀ ਬਾਣੀ ਵਿਚ ਬ੍ਰਹਮ ਦਾ ਸਰੂਪ | 27 |
| 5. | ਤਜਿੰਦਰ ਕੌਰ | ਬੁੱਧ ਧਰਮ ਵਿੱਚ ਕਰਮ ਸਿਧਾਂਤ | 37 |
| 6. | ਹਰਵਿੰਦਰ ਬੀਰ ਕੌਰ | ਮਿਸ਼ਨਰੀ ਕਾਲਜਾਂ ਵਿੱਚ ਸੰਗੀਤ ਸਿੱਖਿਆ ਦਾ ਸਰਵੇਖਣ ਅਤੇ ਮੁਲਾਂਕਣ | 46 |
| 7. | ਗੁਰਸਿਮਰਨ ਕੌਰ | ਸਾਂਝੇ ਪੰਜਾਬ ਦੀ ਮੱਲਿਕਾ ਤਰੰਨੁਮ ਨੂਰਜਹਾਂ ਦਾ ਫ਼ਿਲਮੀ ਜਗਤ ਨੂੰ ਯੋਗਦਾਨ | 58 |
| 8. | ਡਾ. ਗੁਰਪ੍ਰੀਤ ਕੌਰ | 'ਤੁਮ ਕਿਉਂ ਉਦਾਸ ਹੋ' ਕਹਾਣੀ-ਸੰਗ੍ਰਹਿ ਵਿੱਚ ਸਮਾਜਿਕ ਯਥਾਰਥ | 64 |
| 9. | ਡਾ. ਸੁਖਵਿੰਦਰ ਕੌਰ | ਅਮਰੀਕਾ ਦੀ ਧਰਤੀ ਪ੍ਰਤੀ ਬਲਵੰਤ ਗਾਰਗੀ ਅਤੇ ਡਾ. ਨਰਿੰਦਰ ਸਿੰਘ ਕਪੂਰ ਦਾ ਦ੍ਰਿਸ਼ਟੀਕੋਣ (ਸਫ਼ਰਨਾਮੇ 'ਪਤਾਲ ਦੀ ਧਰਤੀ' ਅਤੇ 'ਸੱਚੋ-ਸੱਚ' ਦੇ ਸੰਦਰਭ ਵਿੱਚ) | 68 |
| 10. | ਡਾ. ਸਰਬਜੀਤ ਕੌਰ ਸੋਹਲ<br>ਮਨਦੀਪ ਕੌਰ | ਸੁੰਦਰਤਾ ਮਿੱਥ<br>(ਨਾਉਮੀ ਵੌਲਫ ਦੀ ਪੁਸਤਕ 'ਬਿਊਟੀ ਮਿੱਥ' ਦੇ ਆਧਾਰ 'ਤੇ) | 75 |
| 11. | ਬਲਜੀਤ ਸਿੰਘ | 'ਪੰਜਾਬੀ ਬੌਰੀਆ ਬਿਰਾਦਰੀ' ਦੀ ਬੋਲੀ ਅਤੇ ਖੇਤਰੀ-ਭਾਸ਼ਾਈ ਵਖਰੇਵੇਂ (ਭਾਰਤੀ ਬਹੁ-ਭਾਸ਼ਾਵਾਦ ਦੇ ਪ੍ਰਸੰਗ ਵਿੱਚ) | 82 |
| 12. | ਨਿਸ਼ਾ ਦੇਵੀ | ਲਾਇਬ੍ਰੇਰੀ ਸਾਇੰਸ ਵਿੱਚ ਵਰਗੀਕਰਣ ਵਿਧੀ | 88 |
| 13. | Dr. Neelam Bhardwaj | "We are just shells of the same Absolute": Reconfigured Cultural Spheres of Women in Bharati Mukherjee's Select Novels | 93 |
| 14. | Prof. Manmeet Kaur &<br>Prof. Vandana Sharma | Globalised World And Human Rights In India | 99 |
| 15. | Utkarsh Patel | Indian As a Rising Economy : Challenges And Opportunities | 106 |
| 16. | Manjeet Dhariwal | National Education Policy 2020: Higher education | 116 |
| 17. | Dr. Rashmi Chaturvedi | Promotion of Mother Language Act: Punjab Vs Uttar Pradesh | 123 |
| 18. | Nishita Goel | Impact Of Digitalisation On Woman Political Participation In India | 129 |
| 19. | डॉ. ऋतु अग्रवालएव<br>डॉ. अनूप कुमार | नारी स्वातंत्र्य का वर्तमान परिप्रेक्ष्य | 136 |
| 20. | डॉ. दीप शिखा | जपु जी साहिब एवं श्रीमद्भगवदगीता | 144 |

# ਅਣਵੰਡੇ ਪੰਜਾਬ ਦਾ ਪ੍ਰਤਿਬਿੰਬ : ਅਜੋਕਾ ਪੰਜਾਬੀ ਸੱਭਿਆਚਾਰ

**ਡਾ. ਸੋਨਦੀਪ ਮੋਂਗਾ**
ਪ੍ਰੋਫ਼ੈਸਰ ਅਤੇ ਮੁਖੀ, ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼, ਸ੍ਰੀ ਅਨੰਦਪੁਰ ਸਾਹਿਬ।

**ਅਮੂਰਤ**

ਪੰਜਾਬ ਦੇ ਸੱਭਿਆਚਾਰਕ ਪਿਛੋਕੜ ਨੂੰ ਵਾਚੀਏ ਤਾਂ ਇਹ ਅਣਵੰਡੇ ਪੰਜਾਬ ਦਾ ਧਿਆਨ ਦਿਵਾਉਂਦਾ ਹੈ, ਜਿਸ ਵਿੱਚ ਪੰਜਾਬ ਦਾ ਇਤਿਹਾਸ, ਭਾਸ਼ਾ, ਸਾਹਿਤ, ਕੋਮਲ ਕਲਾਵਾਂ ਆ ਜਾਂਦੀਆਂ ਹਨ, ਜਿਸ ਦਾ ਵਿਵਹਾਰਕ ਸਰੂਪ ਲੋਕ ਸਾਹਿਤ, ਲੋਕ ਹੁਨਰ, ਲੋਕ ਵਿਸ਼ਵਾਸ, ਲੋਕ ਧੰਦੇ, ਰੀਤੀ ਰਿਵਾਜ, ਪਹਿਰਾਵਾ, ਦਿਲ ਪ੍ਰਚਾਵੇ ਦੇ ਸਾਧਨ ਹਨ।1947 ਤੋਂ ਪਹਿਲਾਂ ਦੇ ਸਾਂਝੇ ਅਦਬੀ ਵਿਰਸੇ ਵਜੋਂ ਪੰਜਾਬੀ ਭਾਸ਼ਾ ਦੇ ਸਾਹਿਤਕ ਖਜਾਨੇ ਜਿਨ੍ਹਾਂ ਵਿਚੋਂ ਸ਼ਲੋਕ ਬਾਬਾ ਫਰੀਦ, ਕਲਾਮ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ, ਹੀਰ ਵਾਰਿਸ, ਸੱਸੀ ਹਾਸ਼ਮ, ਸੈਫੁਲਮਲੂਕ, ਮੁਹੰਮਦ ਬਖਸ਼ ਆਉਂਦੇ ਹਨ ਜਿਨ੍ਹਾਂ ਨੂੰ ਕਦੇ ਵੀ ਬਾਬਾ ਨਾਨਕ ਦੀ ਬਾਣੀ, ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ ਤੇ ਅੰਮ੍ਰਿਤਾ ਪ੍ਰੀਤਮ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ।ਭਾਵੇਂ ਇਸ ਪਿਛੋਕੜ ਕਾਰਨ ਬੋਲਚਾਲ ਦੀ ਪੰਜਾਬੀ ਸਾਂਝੇ ਲੋਕਧਾਰਕ ਵਿਰਸੇ ਸਹਿਤ ਸੰਕਲਪ ਪੱਖੋਂ ਅੱਡਰੀ ਹੋ ਗਈ ਤੇ ਹਿੰਦੁਸਤਾਨੀ ਤੇ ਪਾਕਿਸਤਾਨੀ ਪਰੰਪਰਾ ਦੀ ਲਖਾਇਕ ਹੋ ਗਈ, ਪਰੰਤੂ ਪੰਜਾਬ ਤਾਂ ਅੱਜ ਵੀ ਪੰਜ ਦਰਿਆਵਾਂ ਰਾਹੀਂ ਹੀ ਵਗਦਾ ਹੈ।ਇੱਥੋਂ ਦੀ ਤਹਿਜੀਬ ਪੱਛਮੀ ਪੰਜਾਬ ਤੋਂ ਵੱਧ ਭਾਵੇਂ ਹੋ ਗਈ ਹੈ ਪਰ ਇਸ ਦੇ ਝਲਕਾਰੇ ਪੂਰਵੀ ਪੰਜਾਬ ਦੀ ਲੋਕ ਪਰੰਪਰਾ ਤੇ ਸੱਭਿਆਚਾਰ ਵਿੱਚ ਸ਼ਾਮਲ ਹਨ, ਕਿਉਂਕਿ ਲੋਕ ਮਨ ਨਿੱਤ ਬਦਲਦਾ ਹੈ ਅਤੇ ਸੱਭਿਆਚਾਰ ਵੀ ਆਪਣੀ ਨਵੀਂ ਦਿਸ਼ਾ ਗ੍ਰਹਿਣ ਕਰਦੇ ਹਨ ਇਸ ਤਰ੍ਹਾਂ ਪੰਜਾਬੀ ਸੱਭਿਆਚਾਰ ਨੇ ਆਪਣੇ ਵਿਰਸੇ ਨੂੰ ਅਮੀਰ ਬਣਾਉਂਦਿਆਂ ਨਵੀਂਆਂ ਮੰਜ਼ਿਲਾਂ ਤਹਿ ਕੀਤੀਆਂ।

**ਕੁੰਜੀ ਸ਼ਬਦ:** ਪੰਜਾਬੀ ਸੱਭਿਆਚਾਰ,ਅਣਵੰਡੇ ਪੰਜਾਬ ਦਾ ਪਿਛੋਕੜ, ਲੋਕ ਗੀਤਾਂ ਦਾ ਮੁਹਾਂਦਰਾ, ਆਧੁਨਿਕ ਪਰਿਪੇਖ।

ਪੰਜਾਬ ਨੇ ਉਦਯੋਗਿਕ ਵਿਗਿਆਨਕ ਉੱਨਤੀ ਦੇ ਚਲਦਿਆਂ ਪਰਿਵਰਤਨ ਨੂੰ ਵੀ ਬਾਹਾਂ ਖਿਲਾਰ ਅਪਣਾਇਆ ਅੱਗੇ ਇਸ ਦੇ ਲੋਕ ਗੀਤ ਖੂਹਾਂ ਟੋਭਿਆਂ ਦੇ ਦੁਆਲੇ ਘੁੰਮਦੇ ਸਨ ਪਰ ਹੁਣ ਜੀਵਨ ਸੁਖਾਲਾ ਤੇ ਸਹੂਲਤਾਂ ਵਾਲੇ ਸੱਭਿਆਚਾਰ ਨੂੰ ਅਪੜਦਾ ਲੋਕ ਪਰੰਪਰਾ ਨੂੰ ਵੀ ਬਦਲਦਾ ਹੈ ਕਿ 'ਖੂਹਾਂ ਟੋਭਿਆਂ ਤੇ ਮਿਲਣੋ ਰਹਿ ਗਏ, ਜਦੋਂ ਦੇ ਲੁਆ ਲਏ ਚੰਦਰੇ ਨਲਕੇ'।ਜਿਸ ਤਰ੍ਹਾਂ ਗੁਰਬਖਸ਼ ਸਿੰਘ ਫਰੈਂਕ ਵੀ ਲਿਖਦੇ ਹਨ ਕਿ ਪੰਜਾਬੀ ਸੱਭਿਆਚਾਰ ਆਦਿ ਕਾਲ ਤੋਂ ਸ਼ੁਰੂ ਨਹੀਂ ਹੁੰਦਾ ਸਗੋਂ ਉਦੋਂ ਜਦ ਅੱਜ ਦੇ ਪੰਜਾਬੀ ਸੱਭਿਆਚਾਰ ਨੇ ਰੂਪ ਧਾਰਨਾ ਸ਼ੁਰੂ ਕੀਤਾ ਅਤੇ ਇਹ ਸਮਾਂ ਨੌਵੀਂ ਤੋਂ ਬਾਰ੍ਹਵੀਂ ਸਦੀ ਦਾ ਸਮਾਂ ਹੈ ਜਦੋਂ ਕਿ ਨਾ ਸਿਰਫ ਪੰਜਾਬੀ ਭਾਸ਼ਾ ਤੇ ਸਾਹਿਤ ਨੇ ਰੂਪ ਧਾਰਨਾ ਸ਼ੁਰੂ ਕੀਤਾ ਸਗੋਂ ਇੱਥੋਂ ਦੇ ਰਾਜਨੀਤਿਕ ਸਮਾਜਿਕ ਤੇ ਬੌਧਿਕ ਖੇਤਰ ਵਿੱਚ ਐਸੇ ਡੂੰਘੇ ਜਾਂਦੇ ਪਰਿਵਰਤਨ ਸ਼ੁਰੂ ਹੋਏ ਜਿਨ੍ਹਾਂ ਨੇ ਪੁਰਾਤਨ ਸੱਭਿਆਚਾਰ ਨਾਲੋਂ ਨਿਖੇੜ ਕਰਦਿਆਂ, ਆਧੁਨਿਕ ਕੌਮੀਅਤਾਂ ਤੇ ਵਿੱਲਖਣ ਸੱਭਿਆਚਾਰਾਂ ਨੂੰ ਸਿਰਜਨ ਵਿੱਚ ਹਿੱਸਾ ਪਾਇਆ।[1]

ਪੰਜਾਬ ਦੇ ਭੂਗੋਲਿਕ ਖੇਤਰ ਦੀ ਵੰਡ ਨੂੰ ਇਸਦੇ ਸੱਭਿਆਚਾਰਕ ਵਿਰਸੇ ਦਾ ਅਧਾਰ ਬਣਾਉਣਾ ਕਠਿਨ ਕਾਰਜ ਹੈ ਕਿਉਂਕਿ ਇਹ ਕਦੇ ਵੀ ਸਾਂਝਾ ਨਹੀਂ ਹੋਇਆ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵੀ

ਇਸ ਦਾ ਅੱਧਾ ਹਿੱਸਾ ਅੰਗਰੇਜ਼ਾਂ ਅਧੀਨ ਸੀ ਬਰਤਾਨਵੀ ਸ਼ਾਸਨ ਦੌਰਾਨ ਵੀ ਇਸ ਦੇ ਕਈ ਸੂਬੇ ਇਸ ਤੋਂ ਅਲੱਗ ਅੰਗਰੇਜ਼ਾਂ ਅਧੀਨ ਸਨ।ਇਸ ਲਈ ਜਦੋਂ 1947 ਦੀ ਵੰਡ ਹੋਈ ਤਾਂ ਅੱਧਾ ਪੰਜਾਬ ਹਿਮਾਚਲ, ਹਰਿਆਣਾ, ਕਸ਼ਮੀਰ ਤੱਕ ਵੰਡਿਆ ਗਿਆ ਪਰ ਇਸ ਦਾ ਸੱਭਿਆਚਾਰ ਪ੍ਰਫੁਲਿਤ ਹੋਇਆ ਦੇਸ਼ਾਂ ਵਿਦੇਸ਼ਾਂ ਤੱਕ ਪਸਰ ਗਿਆ।ਡਾ਼ ਜਗੀਰ ਸਿੰਘ ਨੂਰ ਅਨੁਸਾਰ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ ਸਦਕਾ ਜਿੰਨੀ ਸੱਟ ਪੰਜਾਬ ਅਤੇ ਬੰਗਾਲ ਨੂੰ ਵੱਜੀ ਉਤਨੀ ਹੋਰ ਖਿੱਤਿਆਂ ਦੇ ਲੋਕਾਂ ਨੂੰ ਨਹੀਂ, ਪਰੰਤੂ ਪੰਜਾਬ ਨੂੰ ਤਾਂ ਕਈ ਤਰੀਕਿਆਂ ਨਾਲ ਛਾਂਗਿਆ ਗਿਆ।ਪਹਿਲਾਂ ਪੰਜਾਬ ਦਾ ਅੱਧਾ ਭਾਗ ਭਾਵ ਦਰਿਆਵਾਂ (ਪੂਰਾ ਜਿਹਲਮ, ਪੂਰਾ ਝਨਾਂ ਅਤੇ ਅਧਿਉਂ ਵੱਧ ਰਾਵੀ) ਦਾ ਖੇਤਰ ਪੱਛਮੀ ਪੰਜਾਬ ਪਾਕਿਸਤਾਨ ਵਿੱਚ ਰਹਿ ਗਿਆ।ਬਾਕੀ ਬਚਦੇ ਪੰਜਾਬ ਵਿੱਚ ਪਹਿਲਾਂ ਹਿਮਾਚਲ ਨੂੰ ਕੁਝ ਭਾਗ ਦੇ ਦਿੱਤਾ ਅਤੇ ਫਿਰ ਹਰਿਆਣਾ ਬਣਾ ਦਿੱਤਾ।ਇਸ ਤਰ੍ਹਾਂ ਦੀਆਂ ਵੰਡੀਆਂ ਨੇ ਪੰਜਾਬ ਦੇ ਭੂਮੀ ਖੇਤਰ ਨੂੰ ਭਾਵੇਂ ਸੌੜਿਆਂ ਕਰ ਦਿੱਤਾ ਹੈ, ਪਰੰਤੂ ਪੰਜਾਬੀ ਸੱਭਿਆਚਾਰ ਜਿਉਂ ਦਾ ਤਿਉਂ ਵਿਗਸ ਰਿਹਾ ਹੈ, ਪ੍ਰਗਤੀ ਕਰ ਰਿਹਾ ਹੈ ਅਤੇ ਆਪਣੀ ਵੱਖਰੀ ਨੁਹਾਰ ਸਥਾਪਿਤ ਕਰ ਰਿਹਾ ਹੈ।ਹੁਣ ਦੋਹਾਂ ਪੰਜਾਬਾਂ ਦੇ ਵੀ ਅੱਗੋਂ ਕਈ ਉਪ ਭਾਗ ਹਨ ਇਨ੍ਹਾਂ ਦੇ ਸੁਤੰਤਰ ਨਾਮ ਵੀ ਹਨ ਜਿਵੇਂ ਪਾਕਿਸਤਾਨ ਵਾਲੇ ਪੰਜਾਬ ਵਿੱਚ ਬਾਰਾਂ (ਸਾਂਦਲ, ਰਾਵੀ ਨੀਲੀ ਅਤੇ ਗੰਜੀ) ਦਾ ਇਲਾਕਾ, ਪੋਠੋਹਾਰ, ਲਹਿੰਦਾ ਪੰਜਾਬ ਆਦਿ।ਇਧਰਲੇ ਪੰਜਾਬ ਦੇ ਮੁਖ ਭਾਗ ਮਾਝਾ, ਦੁਆਬਾ, ਮਾਲਵਾ, ਪੁਆਧ ਹਨ।ਪੁਆਧ ਦਾ ਵਧੇਰੇ ਹਿੱਸਾ ਹਰਿਆਣੇ ਵਿੱਚ ਚਲਾ ਗਿਆ ਹੈ।ਇਨ੍ਹਾਂ ਸਾਰੇ ਉਪ ਖੇਤਰਾਂ ਵਿੱਚ ਭਾਸ਼ਾਈ ਅਤੇ ਸਮਾਜਿਕ ਵਰਤਾਰੇ ਦੇ ਸੰਦਰਭਾਂ ਵਿੱਚ ਕੁੱਝ ਭਿੰਨਤਾ ਪਾਈ ਜਾਂਦੀ ਹੈ।ਫਿਰ ਵੀ ਇਨ੍ਹਾਂ ਸਾਰੇ ਉਪ ਖੇਤਰਾਂ ਦੀ ਸੱਭਿਆਚਾਰਕ ਆਤਮਾ ਇੱਕ ਹੈ ਅਤੇ ਇਹ ਸਭ ਲੋਕ ਪੰਜਾਬੀ ਹੋਣ ਦਾ ਮਾਣ ਮਹਿਸੂਸ ਕਰਦੇ ਹਨ।[2]

ਪੰਜਾਬੀ ਸੱਭਿਆਚਾਰ ਦੀ ਨੁਹਾਰ ਨੂੰ ਭੂਗੋਲਿਕ ਵਲਗਣਾਂ ਵਿੱਚ ਪਾ ਕੇ ਵੇਖਿਆ ਨਹੀਂ ਜਾ ਸਕਦਾ ਹੈ।ਇਹ ਤਾਂ ਤਿੰਨ ਹਜ਼ਾਰ ਸਾਲਾਂ ਤੋਂ ਲੋਕ ਮਾਨਸ ਦੇ ਮਿਸ਼ਰਤ ਸੱਭਿਆਚਾਰ ਵਿੱਚ ਵਿਗਸਦਾ ਰਿਹਾ ਹੈ।ਡਾ. ਐਮ.ਐਲ. ਜੋਸ਼ੀ ਅਨੁਸਾਰ 'ਪੰਜਾਬ ਨੂੰ ਅਮੀਰ ਤੇ ਮਿਸ਼ਰਤ ਸਭਿਅਕ ਪਰੰਪਰਾ ਦਾ ਜਨਮਦਾਤਾ ਕਿਹਾ ਜਾ ਸਕਦਾ ਹੈ।ਸਹਿਨਸ਼ੀਲਤਾ ਵਿਸ਼ਾਲ ਦ੍ਰਿਸ਼ਟੀ, ਵਿਕਾਸਸ਼ੀਲ ਮਨੋਬਿਰਤੀ, ਆਰਥਿਕ ਸਵੈ ਨਿਰਭਰਤਾ ਅਤੇ ਦਲੇਰੀ ਆਦਿ ਇਸ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਹਨ'।[3]

ਪਰੰਤੂ ਇੱਥੋਂ ਦੇ ਭੂਗੋਲਿਕ ਹਾਲਤਾਂ ਨੇ ਪੰਜਾਬੀਆਂ ਦੇ ਆਚਰਣ ਨੂੰ ਅਤਿ ਦਾ ਪ੍ਰਭਾਵਿਤ ਕੀਤਾ ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ 'ਪੰਜਾਬੀ ਆਚਰਣ' ਪੰਜਾਬ ਦੇ ਭੂਗੋਲਿਕ ਦੁਆਲੇ ਅਤੇ ਇਤਿਹਾਸਕ ਪਿਛਵਾੜੇ ਤੋਂ ਬਣਿਆ ਹੈ।ਪੰਜਾਬ ਦੇ ਦਰਿਆਵਾਂ, ਪਹਾੜਾਂ ਤੇ ਮੈਦਾਨਾਂ ਨੇ ਇੱਥੋਂ ਦੇ ਲੋਕਾਂ ਨੂੰ ਬਹੁਤ ਕੁੱਝ ਦਿੱਤਾ ਹੈ।ਇਹਨਾਂ ਦੇ ਦਿਲ ਦਰਿਆਵਾਂ ਦੇ ਹਨ।ਠੰਡੇ, ਡੂੰਘੇ ਲੰਮੇ ਜਿਗਰੇ ਵਾਲੇ, ਛੇਤੀ ਛੇਤੀ ਵਲ ਨਾ ਖਾਣ ਵਾਲੇ, ਦਿੱਤੇ ਕਲ੍ਹ ਤੋਂ ਨਾ ਮੁੜਨ ਵਾਲੇ, ਮੈਦਾਨਾਂ ਵਾਂਗ ਸਿੱਧ ਪਧਰੇ, ਖੁੱਲ੍ਹੇ ਤੇ ਚੌੜੇ ਹੁੰਦੇ ਹਨ।ਜਿਵੇਂ ਇਨ੍ਹਾਂ ਦੇ ਦਰਿਆ ਨਿੱਖੜ ਕੇ ਲੰਮੇ-ਲੰਮੇ ਰਾਹ ਛੱਡ ਜਾਂਦੇ ਹਨ ਪਰ ਫਿਰ ਇਕੱਠੇ ਹੋ ਕੇ 'ਤ੍ਰਿਗੂ' ਜਾਂ ਪੰਚ ਨਦ ਬਣਾ ਲੈਂਦੇ ਹਨ ਤਿਵੇਂ ਇਹ ਲੋਕ ਵੀ ਚੰਗੇ ਮਿਲਾਪੜੇ ਤੇ ਘਰ ਬਾਹਰ ਦੀਆਂ ਸਾਂਝਾ ਵਾਲੇ ਬੰਦੇ ਹੁੰਦੇ ਹਨ।ਇੱਥੋਂ ਦੀਆਂ ਖੁਲ੍ਹੀਆਂ ਤੇ ਨਰੋਈਆਂ ਹਵਾਵਾਂ ਨੇ ਲੋਕਾਂ ਦੇ ਦਿਲਾਂ ਵਿੱਚ ਜਿੰਦਾ ਦਿਲੀ ਤੇ ਤਾਜ਼ਗੀ ਪਾ ਦਿੱਤੀ।[4]

ਭਾਰਤ ਦੀ ਖੜਗ ਭੁਜਾ ਵਜੋਂ ਜਾਣੇ ਜਾਂਦੇ ਪੰਜਾਬੀਆਂ ਦੇ ਗੁਣ ਔਗੁਣ ਇਸ ਦੀ ਸੱਭਿਆਚਾਰਕ ਵਿਭਿੰਨਤਾ ਪਰ ਤਾਜ਼ਗੀ ਵਜੋਂ ਲਏ ਜਾ ਸਕਦੇ ਹਨ।ਵਿਦੇਸ਼ੀ ਸ਼ਬਦਾਂ ਨੂੰ ਬੋਲੀ ਵਜੋਂ ਤੇ ਜੀਵਨ ਸ਼ੈਲੀ ਤੇ ਕਦਰਾਂ ਕੀਮਤਾਂ ਨੂੰ ਸੱਭਿਆਚਾਰ ਵਜੋਂ ਇਹਨਾਂ ਨੇ ਮਿਸ਼ਰਿਤ ਰੂਪ ਵਿੱਚ ਅਪਣਾਇਆ। ਇਸ ਦੀ ਧਰਤ ਹਮੇਸ਼ਾ ਤੋਂ ਉਪਜਾਊ ਸੀ ਇਸ ਲਈ ਮੁੱਖ ਕਿੱਤਾ ਖੇਤੀ ਬਾੜੀ ਹੀ ਰਿਹਾ।ਸਰਹੱਦੀ ਸੂਬੇ ਕਾਰਨ ਕਦੇ ਫੈਕਟਰੀਆਂ ਨਹੀਂ ਲਗੀਆਂ ਇਹੀ ਇਸ ਦੀ ਖੁਸ਼ਹਾਲੀ ਦੀ ਬਰਕਤ ਰਹੀ ਜੋ ਇਹ ਦੇ ਅਖਾਣ ਸਮੋਈ ਬੈਠੇ ਹਨ ਕਿ 'ਖਾਧਾ ਪੀਤਾ

ਲਾਹੇ ਦਾ,ਰਹਿੰਦਾ ਅਹਿਮਦ ਸ਼ਾਹੇ ਦਾ'।ਪੰਜਾਬੀ ਸ਼ੁਰੂ ਤੋਂ ਹੀ ਕਈ ਸ਼ਿਲਪ ਕਲਾਵਾਂ ਅਤੇ ਮੰਨੋਰੰਜਨਾਂ ਦੇ ਸ਼ੌਕੀਨ ਹਨ ਜਿਵੇਂ ਹੱਸਣਾ, ਖੇਡਣਾ, ਟੱਪਣਾ, ਗਾਉਣਾ ਵਜਾਉਣਾ ਹੈ।ਖੁਸ਼ਹਾਲੀ ਵਾਲਾ ਜੀਵਨ ਜੀਉਣ ਵਾਲੇ ਪੰਜਾਬੀ ਪਸ਼ੂ ਪਾਲਦੇ, ਦੇਵੀ ਦੇਵਤਿਆਂ ਤੇ ਇੱਥੋਂ ਤੱਕ ਕਿ ਜਠੇਰਿਆਂ ਨੂੰ ਵੀ ਪੂਜਦੇ।ਸਾਦ ਮੁਰਾਦਾ ਪਹਿਨਾਵਾ, ਰੱਜ ਕੇ ਖਾਣਾ, ਲੜਨਾ ਭਿੜਨਾ ਇਹਨਾਂ ਦੀਆਂ ਖੂਬੀਆਂ ਰਹੀਆਂ। ਪਰਿਵਾਰ ਅਤੇ ਪਿੰਡ ਇਹਨਾਂ ਦੀ ਮੁੱਢਲੀ ਇਕਾਈ ਹਨ ਜੋ ਪੱਛਮੀ ਪੰਜਾਬ ਵਿੱਚ ਵੀ ਉਸੇ ਤਰ੍ਹਾਂ ਦਾ ਧਰਾਤਲ ਰੱਖਦੀ ਹੈ ਤੇ ਪੂਰਬੀ ਪੰਜਾਬ ਵਿੱਚ ਵੀ ਦੋਵਾਂ ਸਥਾਨਾਂ ਤੇ ਲੋਕ ਭਾਈਚਾਰਾ ਅਤੇ ਸ਼ਰੀਕਾ ਭਾਜੀ ਰੱਖਦੇ, ਜਾਤਾਂ ਗੋਤਾਂ ਵਿੱਚ ਵੰਡੇ ਹੋਏ ਫਿਰ ਵੀ ਦੋਵਾਂ ਸਥਾਨਾਂ ਤੇ ਲੋਕ ਭਾਈਚਾਰਾ ਅਤੇ ਸ਼ਰੀਕਾ ਭਾਜੀ ਰੱਖਦੇ, ਜਾਤਾਂ ਗੋਤਾਂ ਵਿੱਚ ਵੰਡੇ ਹੋਏ ਫਿਰ ਵੀ ਰੀਤੀ ਰਿਵਾਜ ਵੇਖਣ, ਸੁਣਨ, ਮਾਨਣ ਨੂੰ ਇੱਕਠੇ ਹੋ ਜਾਇਆ ਕਰਦੇ ਹਨ।ਪਰੰਤੂ ਹੌਲੀ-ਹੌਲੀ ਸ਼ਹਿਰੀਕਰਣ ਨੇ ਪੂਰਬੀ ਪੰਜਾਬ ਦੀ ਨੁਹਾਰ ਨੂੰ ਤੇਜੀ ਨਾਲ ਬਦਲਿਆ।ਸਮੇਂ ਦੇ ਵਿਕਾਸ ਨਾਲ ਇੱਥੋਂ ਦੇ ਪਿੰਡਾਂ ਵਿੱਚ ਸਹੂਲਤਾਂ ਦੀ ਉਪਲੱਬਧੀ ਮਿਲਣ ਲੱਗੀ।ਟਰੈਕਟਰਾਂ, ਕੰਬਾਈਨਾਂ ਤੇ ਖੇਤੀ ਨੂੰ ਤਕਨੀਕ ਵੱਲ ਲਾ ਕੇ ਸੁਖਾਲੀ ਬਣਾ ਦਿੱਤਾ।ਵਿੱਦਿਆ ਪੜ੍ਹਾਈ ਨਾਲ ਪੰਜਾਬੀ ਬੰਦਾ ਅਫ਼ਸਰੀ ਤੱਕ ਅੱਪੜ ਗਿਆ ਪਰ ਪਾਕਿਸਤਾਨੀ ਪੰਜਾਬ ਆਰਥਿਕ ਪੱਖੋਂ ਰਾਜਨੀਤਿਕ ਹਾਲਤਾਂ ਦੇ ਚਲਦਿਆਂ ਕੁੱਝ ਪੱਛੜ ਗਿਆ।ਪੂਰਬੀ ਪੰਜਾਬ ਵਿੱਚ ਵਰਤਮਾਨ ਸਮੇਂ ਵਿੱਚ ਸਨਅਤੀ ਤੇ ਮਸ਼ੀਨੀ ਯੁੱਗ ਤੋਂ ਅੱਗੇ ਕੰਪਿਊਟਰ ਅਤੇ ਸੂਚਨਾ ਤਕਨਾਲੋਜੀ ਦੇ ਯੁੱਗ ਤੱਕ ਆਰਥਿਕਤਾ ਵਿੱਚ ਸੁਧਾਰ ਹੋਇਆ ਤੇ ਜਾਤਾਂ ਪਾਤਾਂ ਦੇ ਭੇਦ ਮਿੱਟਣ ਲਈ ਤੇ ਲੋਕਾਂ ਨੇ ਕਈ ਨਵੇਂ ਧੰਦੇ ਈਜ਼ਾਦ ਕਰ ਲਏ।

ਦੁਕਾਨਦਾਰੀ ਤੇ ਮੰਡੀਕਰਣ ਹੁਣ ਹਰੇਕ ਦੀ ਪਹੁੰਚ ਦੇ ਸੌਦੇ ਹੋ ਗਏ।ਗੋਂਗਲੂ, ਮੂਲੀ, ਗਾਜ਼ਰ, ਗੋਭੀ ਦੀ ਜਗ੍ਹਾ ਪੀਜਾ ਬਰਗਰ ਨੇ ਲੈ ਲਈ ਪਰ ਪੰਜਾਬੀਆਂ ਦੀ ਪਹਿਚਾਣ ਅੱਜ ਵੀ ਮੱਕੀ ਦੀ ਰੋਟੀ ਤੇ ਸਰੋਂ ਦਾ ਸਾਗ ਹੀ ਰਿਹਾ ਜੋ ਦੋਵਾਂ ਪੰਜਾਬਾਂ ਦੀ ਸਾਂਝੀ ਵਿਰਾਸਤ ਹੈ ਜਿਸ ਨੂੰ ਖੀਰ ਪੂੜੇ ਕੜਾਹ, ਸੇਵੀਆਂ ਤੇ ਪਰੌਂਠੇ ਪੁਲਾਅ ਨੇ ਹੁਣ ਤੱਕ ਸਜੀਵ ਰੱਖਿਆ।ਇਸ ਸੱਭਿਆਚਾਰਕ ਪਰਿਵਰਤਨ ਜਾਂ ਰੂਪਾਂਤਰਣ ਦੇ ਚਲਦਿਆਂ, ਵਿਆਹਾਂ ਦਾ ਇਕੱਠ ਤੇ ਪ੍ਰਾਹੁਣਾਚਾਰੀ ਦਾ ਚਾਅ ਮੱਠਾ ਪੈ ਗਿਆ ਪਰ ਅਜੇ ਪੱਛਮੀ ਪੰਜਾਬ ਵਿੱਚ ਇਹ ਪ੍ਰਚਲਨ ਜਿਉਂ ਦਾ ਤਿਉਂ ਹੈ।ਸਮੁੱਚੇ ਪੰਜਾਬ ਦਾ ਪਹਿਰਾਵਾ ਮਰਦਾਂ ਵਿੱਚ ਕੁੜਤਾ ਚਾਦਰਾ ਜਾਂ ਕੁੜਤਾ ਪਜਾਮਾ, ਪੱਗ, ਟੋਪੀ ਤੇ ਔਰਤਾਂ ਦਾ ਕੁੜਤੀ ਲਹਿੰਗਾ, ਘੱਗਰਾ ਤੇ ਦੁਪੱਟਾ, ਸਲਵਾਰ ਕਮੀਜ਼ ਸੀ ਜਿਸ ਵਿੱਚ ਜੁੱਤੀ, ਫ਼ੁਲਕਾਰੀ ਤੇ ਬਾਗ ਵਰਗੇ, ਸੱਭਿਆਚਾਰਕ ਪਹਿਰਾਵੇ ਸ਼ਾਮਿਲ ਹਨ ਪਰੰਤੂ ਅੰਗਰੇਜ਼ਾਂ ਦੀ ਆਮਦ ਨਾਲ ਪਰੰਪਰਾਗਤ ਅਜੋਕੇ ਪੰਜਾਬ ਵਿੱਚ ਕੋਟ, ਪੈਂਟ ਨਕਟਾਈ ਤੇ ਔਰਤਾਂ ਨੇ ਤਾਂ ਸਭ ਗਹਿਣੇ ਗੱਟੇ ਛੱਡ, ਸਲਵਾਰ ਕਮੀਜ਼ ਤੇ ਸਾੜੀ ਅਤੇ ਇੱਥੋਂ ਤੱਕ ਕੇ ਮਰਦਾਵੇਂ ਪਹਿਰਾਵੇ ਵੀ ਪਾਉਣੇ ਸ਼ੁਰੂ ਕੀਤੇ ਹਨ।ਆਰਥਿਕਤਾ ਨੂੰ ਸੁਧਾਰਨ ਹਿੱਤ ਮੇਲੇ ਮੁਸ਼ਹਿਰੇ ਤੇ ਹਾਸਾ ਤਮਾਸ਼ਿਆਂ ਲੋਕ ਨਾਚ ਤੇ ਲੋਕਖੇਡਾਂ ਪੰਜਾਬੀਆਂ ਤੋਂ ਵਿਸਾਰੀਆਂ ਨਾ ਗਈਆਂ ਅਤੇ ਭਾਵੇਂ ਰੁਝੇਵਿਆਂ ਦੇ ਬੋਝ ਨਾਲ ਪੰਜਾਬ ਦੀ ਜਵਾਨੀ ਵਿਰਸੇ ਨੂੰ ਸਾਭਣ ਵਿੱਚ ਢਿੱਲ ਕਰ ਰਹੀ ਹੈ, ਫਿਰ ਵੀ ਲੋਕ ਗਥਾਵਾਂ, ਲੋਕ ਗੀਤਾਂ, ਲੋਕ ਕਹਾਣੀਆਂ ਤੇ ਲੋਕ ਸਾਜਾਂ ਨੇ ਉਹਨਾਂ ਨੂੰ ਭਰਮਾਉਣਾ ਨਹੀਂ ਛੱਡਿਆ ਕਿਉਂ ਕਿ ਦੋਵਾਂ ਪੰਜਾਬਾਂ ਵਿੱਚ ਹੀ ਇਹ ਹੁਣ ਇਲੈਕਟ੍ਰੋਨਿਕ ਮਾਧਿਅਮਾਂ ਰਾਹੀਂ ਸੰਚਾਲਿਤ ਤੇ ਪ੍ਰਸਾਰਿਤ ਹੁੰਦੇ ਹਨ।ਹਾਲੀਵੁੱਡ, ਬਾਲੀਵੁੱਡ, ਪਾਲੀਵੁੱਡ ਤੇ ਲਾਲੀਵੁੱਡ ਦੀ ਕੋਈ ਵੀ ਹਿੰਦੀ ਪੰਜਾਬੀ ਫਿਲਮ ਲੋਕ ਸੰਗੀਤ ਤੋਂ ਬਿਨਾਂ ਅਧੂਰੀ ਹੈ।ਪੰਜਾਬ ਲੋਕ ਪਰੰਪਰਾ ਦੀਆਂ ਵੰਨਗੀਆਂ ਦਾ ਪ੍ਰਯੋਗ ਭਰਪੂਰ ਰੂਪ ਵਿੱਚ ਹੁੰਦਾ ਹੈ ਜੋ ਪੰਜਾਬੀਆਂ ਦੀ ਪੂਰੇ ਵਿਸ਼ਵ ਵਿੱਚ ਬੱਲੇ ਬੱਲੇ ਕਰਵਾ ਰਿਹਾ ਹੈ।

ਦਰਅਸਲ ਇਹ ਲੋਕ ਪਰੰਪਰਾ ਦੀਆਂ ਸੰਗੀਤਕ ਵੰਨਗੀਆਂ ਪੰਜਾਬੀ ਵਿਰਾਸਤੀ ਸੱਭਿਆਚਾਰਕ ਤੰਦਾਂ ਵਿੱਚ ਗੁੰਦੀਆਂ ਹੋਈਆਂ ਹਨ, ਜਿਨਾਂ ਨੂੰ ਵਿਰਾਸਤੀ ਪੰਜਾਬ ਦੇ ਲੋਕ ਗਾਇਕਾਂ ਨੇ ਗੂੜ੍ਹੇ ਰੰਗਾਂ ਦੀ ਰੰਗਣ ਦੇ ਕੇ ਪੀਢੀਆਂ ਕੀਤਾ ਸੀ।ਜਿਵੇਂ ਜ਼ੁਬੈਦਾ ਖਾਨਮ ਦਾ ਗੀਤ 'ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ ਵੇ, ਮੈਂ ਘੁੱਟ ਘੁੱਟ ਦੇਨੀ

ਆਂ ਗੰਢਾਂ' ਨੂਰ ਜਹਾਂ ਦਾ ਗੀਤ 'ਸ਼ਾਲਾ ਜਵਾਨੀਆਂ ਮਾਣੀਂ, ਆਖਾ ਨਾ ਮੋੜੀਂ, ਖੁਜਾ ਪ੍ਰਵੇਜ਼ ਦਾ ਗੀਤ 'ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲਾ ਅਸਾਂ ਉੱਡ ਜਾਣਾ' ਵਾਰਿਸ ਲੁਧਿਆਣਵੀ ਦਾ ਗੀਤ 'ਮਾਵਾਂ ਠੰਡੀਆਂ ਛਾਵਾਂ' ਬਾਬਾ ਆਲਮ ਸਿਆਹ ਪੋਸ਼ ਦਾ ਗੀਤ 'ਬਾਜਰੇ ਦਾ ਸਿੱਟਾ ਅਸਾਂ ਤਲੀ ਤੇ ਮਰੋੜਿਆ' ਜੋ ਕਿ ਪਾਕਿਸਤਾਨੀ ਪੰਜਾਬ ਦੀ ਉਪਜ ਸਨ, ਅਜੋਕੇ ਪੰਜਾਬ ਦੇ ਗਲੀਆਂ ਚੁਬਾਰਿਆਂ ਵਿੱਚ ਵਿਆਹਾਂ ਸ਼ਾਦੀਆਂ ਮੌਕੇ ਰੀਤਾਂ ਰਸਮਾਂ ਵਿੱਚ ਗੂੰਜਦੇ ਹਨ। ਪੰਜਾਬੀ ਲੋਕ ਗਾਇਕੀ ਦਾ ਮੁੱਢ ਜਿਨ੍ਹਾਂ ਲੋਕ ਗਾਇਕਾਂ ਨੇ ਬੰਨ੍ਹਿਆ ਉਹ ਵੀ ਸਾਂਝੇ ਪੰਜਾਬ ਦੀ ਪੈਦਾਇਸ਼ ਸਨ ਜਿਵੇਂ ਕਿ ਲਾਲ ਚੰਦ ਯਮਲਾ ਜੱਟ ਦਾ ਜਨਮ 1910 ਦੇ ਕਰੀਬ ਲਾਇਲਪੁਰ ਜਿਲ੍ਹੇ ਦੇ ਪਿੰਡ ਟੋਭਾ ਟੇਕ ਸਿੰਘ ਵਿਖੇ ਹੋਇਆ ਪਰ ਆਪਣਾ ਪਹਿਲਾ ਗੀਤ 'ਘੜੇ ਦੇ ਅੱਗੇ ਹੱਥ ਜੋੜਦੀ, ਮੈਨੂੰ ਲੈ ਚਲ ਨਦੀਉਂ ਪਾਰ' ਦੇਸ਼ ਵੰਡ ਤੋਂ ਪੰਜ ਸਾਲ ਬਾਅਦ ਰਿਕਾਰਡ ਕਰਵਾਇਆ। ਇਸ 'ਤੂੰਬੀ ਦੇ ਬਾਦਸ਼ਾਹ' ਦਾ ਗੀਤ'ਤੇਰੇ ਨੀ ਕਰਾਂਰਾਂ ਮੈਨੂੰ ਪੱਟਿਆ' ਅਕਾਸ਼ਵਾਣੀ ਜਲੰਧਰ ਤੋਂ ਪ੍ਰਸਾਰਿਤ ਹੋਇਆ, ਜਿਹੜਾ ਕਿ ਸਾਡੇ ਦੋਵੇਂ ਪੰਜਾਬਾਂ ਦੀ ਵਿਰਾਸਤ ਹੈ। ਇਸੇ ਤਰ੍ਹਾਂ 'ਪੰਜਾਬ ਦੀ ਕੋਇਲ' ਸੁਰਿੰਦਰ ਕੌਰ ਦਾ ਜਨਮ 1929 ਵਿੱਚ ਲਾਹੌਰ ਵਿਖੇ ਤੇ ਉਹ 13 ਸਾਲ ਦੀ ਉਮਰ ਵਿੱਚ ਗਾਉਣ ਲਗ ਪਏ ਸਨ ਭਾਵ ਉਹਨਾਂ ਦਾ ਗਾਇਕੀ ਦਾ ਸਫ਼ਰ ਪਾਕਿਸਤਾਨੀ ਪੰਜਾਬ ਤੋਂ ਸ਼ੁਰੂ ਹੋ ਕੇ ਇਧਰਲੇ ਪੰਜਾਬ ਵਿੱਚ ਪ੍ਰਵਾਨ ਚੜਿਆ। ਜ਼ਿਕਰਯੋਗ ਹੈ ਕਿ 1944 ਵਿੱਚ ਉਹਨਾਂ ਗੀਤਾਂ ਦੀ ਰਿਕਾਡਿੰਗ ਸ਼ੁਰੂ ਕਰ ਦਿੱਤੀ ਸੀ। ਉਨਾਂ ਦੇ ਗੀਤ 'ਮਧਾਣੀਆਂ, ਹਾਏ ਵੇ ਮੇਰੇ ਡਾਢਿਆ ਰੱਬਾ, ਕਿੰਨ੍ਹਾ ਜੰਮੀਆਂ ਕਿੰਨ੍ਹਾ ਲੈ ਜਾਣੀਆਂ, ਦੋਵੇਂ ਪੰਜਾਬਾਂ ਵਿੱਚ ਇਹ ਹੂਕ ਦੀ ਤਰ੍ਹਾਂ ਪ੍ਰਚਲਿਤ ਹੈ। ਇਸੇ ਤਰ੍ਹਾਂ ਚਾਂਦੀ ਰਾਮ ਦਾ ਜਨਮ 1936 ਵਿੱਚ ਸਰਗੋਧਾ ਜਿਲ੍ਹੇ ਦੇ ਚਾਲੀ ਚੱਕ ਵਿੱਚ ਹੋਇਆ ਤੇ 1947 ਦੀ ਵੰਡ ਪਿੱਛੋਂ ਹੀ ਉਹ ਲੁਧਿਆਣੇ ਦੇ ਵਲੀਪੁਰ ਆਏ। ਚਾਂਦੀ ਰਾਮ ਅਤੇ ਸ਼ਾਂਤੀ ਦੇਵੀ ਦੀ ਜੋੜੀ ਨੇ ਪੰਜਾਬੀ ਲੋਕ ਗਾਇਕੀ ਨੂੰ ਭਰਪੂਰ ਸ਼ਿੰਗਾਰਿਆ। ਉਹਨਾਂ ਦਾ ਦੋਗਾਣਾ 'ਲੈ ਜਾ ਛੱਲੀਆਂ ਭੁਨਾ ਲਿਆਈਂ ਦਾਣੇ, ਵੇ ਮਿੱਤਰਾ ਦੂਰ ਦਿਆਂ ' ਅਤੇ 'ਬੱਗੀ ਬੱਗੀ ਕਣਕ ਦੇ ਮੰਡੇ ਮੈਂ ਪਕਾਨੀ ਆਂ ' ਵਰਗੇ ਗੀਤ ਇਧਰਲੇ ਪੰਜਾਬ ਦੀ ਖੁਸ਼ਹਾਲੀ ਨੂੰ ਬਿਆਨ ਕਰਦੇ ਹਨ ਪਰ ਉਹਨਾਂ ਦੇ ਲੋਕ ਗੀਤਾਂ ਵਿੱਚਲੀ ਕਸਰ ਕਿਤੇ ਨਾ ਕਿਤੇ ਵੰਡ ਦੇ ਦੁਖਾਂਤ ਦੀਆਂ ਚੋਭਾਂ ਵੀ ਹਨ ਕਿ 'ਰਾਵੀ ਦਿਆ ਪਾਣੀਆ ਤੂੰ ਠੋਕਰ ਨਾ ਮਾਰ ਉਇ'। ਪਰ ਇਹ ਸਾਦ ਮੁਰਾਦੇ ਫ਼ਨਕਾਰ ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਧੜਕਣ ਹੁੰਦੇ ਸਨ। ਚਾਂਦੀ ਰਾਮ ਕਹਿੰਦੇ ਸਨ ਕਿ 'ਮੈਂ ਪਿੰਡ ਵਿਚ ਹੀ ਵਸਣਾ ਚਾਹੁੰਦਾ ਹਾਂ ਪਰ.... ਮੈਂ ਉਜੜ ਚੁੱਕਾ ਹਾਂ ਉਜੜੇ ਲੋਕ ਦੁਬਾਰਾ ਮੁਸ਼ਕਿਲ ਨਾਲ ਵੱਸਦੇ ਨੇ'।[5]

ਭਾਰਤੀ ਤੇ ਪਾਕਿਸਤਾਨੀ ਪੰਜਾਬ ਵਿੱਚ ਲੋਕ ਗੀਤਾਂ ਦੇ ਜਿਹੜੇ ਫ਼ਨਕਾਰ ਮਿਲਦੇ ਹਨ ਉਹ ਹਕੀਕਤ ਵਿੱਚ ਆਪਣੇ ਨਾਲ ਸਮੁੱਚਾ ਪੰਜਾਬੀ ਵਿਰਸਾ ਸਮੋਈ ਬੈਠੇ ਹਨ। ਮਾਹੀਆ, ਵਾਰਾਂ, ਟੱਪੇ, ਬੋਲੀਆਂ ਢੋਲੇ, ਦੋਹੜੇ, ਸਦਾਂ, ਝੋਕਾਂ, ਘੋੜੀਆਂ, ਸਿੱਠਣੀਆਂ, ਸੁਹਾਗ, ਅਲਾਹੁਣੀਆਂ, ਲੋਰੀਆਂ, ਕਿਕਲੀਆਂ, ਥਾਲ ਸਭ ਸਾਂਝੀ ਮਲਕੀਅਤ ਹਨ। ਡਾ. ਹਜ਼ਾਰੀ ਪ੍ਰਸਾਦਿ ਦਿਵੇਦੀ ਨੇ ਇਹਨਾਂ ਪੰਜਾਬੀ ਲੋਕ ਗੀਤਾਂ ਦਾ ਮਹੱਤਵ ਮੁਹਿੰਜੋਦੜੋ ਦੇ ਖੰਡਰਾਂ ਤੋਂ ਵੀ ਵਧੇਰੇ ਦੱਸਿਆ ਹੈ ਕਿ ਅਣਵੰਡੇ ਪੰਜਾਬ ਦੀ ਸੰਸਕ੍ਰਿਤੀ ਇਕ ਗਾਉਂਦੀ ਨੱਚਦੀ ਤੇ ਜੂਝਦੀ ਸੰਸਕ੍ਰਿਤੀ ਰਹੀ ਹੈ, ਪੰਜਾਬੀ ਲੋਕ ਗੀਤ ਇਸ ਵਿਰਸੇ ਦੇ ਜਮਾਂਦਰੂ ਅਮਾਨਤਦਾਰ ਹਨ।[6]

ਪਰੰਤੂ ਵੰਡ ਤੋਂ ਬਾਅਦ ਇਹ ਵਿਰਾਸਤ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਮੀਡੀਆ ਅਤੇ ਫਿਲਮਾਂਕਣ ਨੇ ਬਾਖ਼ੂਬੀ ਕੀਤਾ। ਫਿਲਮਾਂ ਦੇ ਮਾਧਿਅਮ ਰਾਹੀਂ ਅਣਵੰਡੇ ਪੰਜਾਬ ਦੀ ਵਿਰਾਸਤ ਸਾਂਭੀ ਗਈ। ਵੰਡ ਤੋਂ ਪਹਿਲੇ ਵੀ ਇਹ ਪ੍ਰਚਲਨ ਸੀ ਬਹੁਤ ਸਾਰੇ ਲੋਕ ਗੀਤ ਫਿਲਮਾਂ ਵਿੱਚ ਪ੍ਰਯੋਗ ਹੁੰਦੇ ਸਨ। ਥੋੜੀ ਬਹੁਤ ਕੰਪੋਜੀਸ਼ਨ ਹੀ ਅੰਤਰ ਹੁੰਦੀ ਸੀ। ਡਾ. ਰਾਜਵੰਤ ਕੌਰ ਪੰਜਾਬੀ ਲਿਖਦੇ ਹਨ ਕਿ 'ਅਜਿਹੇ ਗੀਤ, ਮੁਖੜਿਆਂ ਨੇ ਲੋਕ ਮਿਸਰਿਆਂ ਦੀ ਸੁੰਦਰਤਾ ਜਰਾ ਵੀ ਘੱਟ ਨਹੀਂ ਕੀਤੀ। ਸਗੋਂ ਲੋਕ ਮੁਖੜਿਆਂ ਦੇ ਸੁਹੱਪਣ ਵਿੱਚ ਹੋਰ ਵਾਧਾ ਵੀ ਕੀਤਾ ਹੈ ਜਿਵੇਂ :

ਤੇਰੇ ਗਲ ਕੈਂਠਾ, ਮੇਰੇ ਗਲ ਗਾਨੀ
ਛੱਲਾ ਦੇ ਜਾ ਨਿਸ਼ਾਨੀ, ਤੇਰੀ ਮਿਹਰਬਾਨੀ

(ਫਿਲਮ ਚੰਨ ਵੇ, ਸ਼ਾਇਰ ਹਜ਼ੀ ਕਾਦਰੀ)

ਅੜੀ ਵੇ ਅੜੀ, ਨਾ ਕਰ ਬਹੁਤੀ ਅੜੀ
ਦੁੱਧ ਪੀ ਲੈ ਜਾਲਮਾ, ਵੇ ਮੈਂ ਕਦੋਂ ਦੀ ਖੜ੍ਹੀ।

(ਫਿਲਮ ਕਾਲਾ ਗੁਜਰ, ਸ਼ਾਇਰ ਅਲਤਾਫ ਬਾਜਵਾ)[7]

ਇਸ ਤਰ੍ਹਾਂ ਪਾਕਿਸਤਾਨੀ ਲੋਕ ਸੰਗੀਤ ਅਤੇ ਪੂਰਬੀ ਪੰਜਾਬੀ ਲੋਕ ਸੰਗੀਤ ਫਿਲਮਾਂ ਜਰੀਏ ਲੋਕਾਂ ਤੱਕ ਪਹੁੰਚ ਕਰਨ ਲੱਗਿਆ ਅਤੇ ਲੋਕ ਮਨ ਦੀ ਕਸਤੂਰੀ ਬਣ ਕੇ ਅੱਜ ਵੀ ਮਹਿਕ ਰਿਹਾ ਹੈ।

ਸੱਭਿਅਤਾ ਤੇ ਸੱਭਿਆਚਾਰ ਵਿੱਚ ਨਿਖੇੜ ਸਮਾਜਕ ਵਰਤਾਰਿਆਂ ਦੇ ਵਰਗੀਕਰਨ ਨਾਲ ਕੀਤਾ ਜਾਂਦਾ ਹੈ।ਜਿਸ ਵਿੱਚ ਪਦਾਰਥਕ ਅਤੇ ਗ਼ੈਰ ਪਦਾਰਥਕ ਵਰਤਾਰਿਆਂ ਦੀ ਵੰਡ ਦਾ ਆਧਾਰ ਕਦਰਾਂ ਕੀਮਤਾਂ ਤੇ ਸੱਭਿਅਤਾ ਦਾ ਉਹ ਸਾਰਾ ਕੁਝ ਹੀ ਆ ਜਾਂਦਾ ਹੈ ਜੋ ਉਸਦੀ ਉਪਯੋਗਤਾ ਨਾਲ ਜੁੜਿਆ ਹੁੰਦਾ ਹੈ।ਜਿਸ ਤਰ੍ਹਾਂ ਸਾਇਕਲ, ਸਕੂਟਰ, ਮੋਟਰ ਸਾਇਕਲ, ਕਾਰ ਉਪਯੋਗਤਾ ਸੱਭਿਆਚਾਰ ਵਿੱਚ ਸ਼ਾਮਿਲ ਹਨ।ਪਰ ਕਲਾ ਤੇ ਕ੍ਰਿਤੀਆਂ ਆਪਣੇ ਆਪ ਵਿੱਚ ਸਮਾਜਭਾਵੀ ਟੀਚਾ ਰੱਖਦੀਆਂ ਹਨ।ਇਸ ਵਿੱਚ ਸੰਦਾਂ ਤੋਂ ਲੈ ਕੇ ਸਮਾਜਿਕ ਸੰਗਠਨ ਦੇ ਸਿਸਟਮਾਂ ਤੇ ਵਸੀਲਿਆਂ ਦਾ ਮੈਕਾਨੀਜ਼ਮ ਭਾਵੇਂ ਜੁੜਿਆ ਹੋਇਆ ਹੈ ਪਰ ਲੋਕ ਕਲਾਵਾਂ ਸਮਾਜਿਕ ਮੈਕਾਨੀਜ਼ਮ ਸਿਰਜਦੀਆਂ ਹਨ ਅਤੇ ਸਮਾਜਿਕ ਤਾਣੇ ਬਾਣੇ ਤੇ ਰਿਸ਼ਤੇ ਨਾਤੇ ਪ੍ਰਬੰਧ ਨੂੰ ਬਣਾਏ ਰੱਖਣ ਵਿੱਚ ਅੱਜ ਵੀ ਪੱਕੀ ਤੰਦ ਵਜੋਂ ਭੂਮਿਕਾ ਨਿਭਾ ਰਹੀਆਂ ਹਨ।ਵਿਦਵਾਨਾਂ ਅਨੁਸਾਰ ਇਸ ਮੈਕਾਨੀਜ਼ਮ ਅਤੇ ਸੰਗਠਨ ਨੂੰ ਉਹਨਾਂ ਨੇ ਬੁਨਿਆਦੀ ਟੈਕਨਾਲੋਜੀ ਅਤੇ ਸਮਾਜਿਕ ਟੈਕਨਾਲੋਜੀ ਵਿੱਚ ਰੱਖਿਆ ਹੈ।ਜਦ ਕਿ 'ਸਮਾਜਿਕ ਟੈਕਨਾਲੋਜੀ' ਨੂੰ ਅੱਗੇ ਆਰਥਿਕ ਟੈਕਨਾਲੋਜੀ (ਆਰਥਿਕ ਵਰਤਾਰਿਆਂ ਉੱਤੇ ਨਿਯੰਤਰਣ ਰੱਖਣ ਦੇ ਸਾਧਨ) ਅਤੇ 'ਰਾਜਨੀਤਿਕ ਟੈਕਨਾਲੋਜੀ' (ਮਨੁੱਖੀ ਸੰਬੰਧਾਂ ਦੇ ਨਿਯੰਤਰਣ ਰੱਖਣ ਦੇ ਸਾਧਨ) ਵਿੱਚ ਵੰਡਿਆ ਗਿਆ ਹੈ।ਇਸੇ ਵੰਡ ਦੀ ਅਧਾਰ ਤੇ ਸੱਭਿਆਚਾਰ ਸਮੇਂ ਸਭਿਅਤਾ ਦੇ ਅੰਤਰ ਸੰਬੰਧਾਂ ਨੂੰ ਉਲੀਕਿਆ ਹੈ।[8]

ਭਾਵੇਂ ਅਜੋਕੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਲੋਕ ਬੋਲੀ ਤੇ ਖੇਤਰੀ ਬੋਲੀ ਹੋਣ ਦੇ ਬਾਵਜੂਦ 150 ਮੁਲਕਾਂ ਦੀ ਮੁਹਾਰਨੀ ਬਣੀ ਹੈ ਪਰ ਆਪਣੇ ਪ੍ਰਦੇਸ਼ ਵਿੱਚ ਅਜੇ ਵੀ ਰਾਣੀ ਨਹੀਂ ਹੋ ਸਕੀ ਪਰ ਇਸ ਦੀ ਮਿਠਾਸ ਤੇ ਭਗਤੀ ਦੀ ਗੁਰੂਆਂ ਪੀਰਾਂ ਦੀ ਗੁੜ੍ਹਤੀ ਨੇ ਇਸ ਨੂੰ ਜੀਉਣ ਜੋਗੀ ਰੱਖਿਆ।ਬਲਬੀਰ ਸਿੰਘ ਪੂਨੀ ਲਿਖਦੇ ਹਨ ਕਿ 'ਭਾਰਤ ਵਿੱਚ ਅੰਗਰੇਜ਼ੀ ਰਾਜ ਦੀ ਸਥਾਪਨਾ ਨੇ ਸਾਡੇ ਸੱਭਿਆਚਾਰ ਤੇ ਸਾਹਿਤ ਨੂੰ ਪ੍ਰਭਾਵਿਤ ਕੀਤਾ। ਪੱਛਮੀ ਪ੍ਰਭਾਵ ਅਧੀਨ ਨਿਸ਼ਚੇ ਹੀ ਭਾਰਤੀ ਭਾਸ਼ਾਵਾਂ ਅਤੇ ਉਹਨਾਂ ਦੇ ਸਾਹਿਤ ਦਾ ਕਾਇਆ ਕਲਪ ਹੋਇਆ ਇਹ ਇੱਕ ਅਜਿਹੀ ਤਬਦੀਲੀ ਸੀ, ਸਾਡੇ ਪੁਰਾਤਨ ਇਤਿਹਾਸ ਵਿੱਚ ਕਦੇ ਨਹੀਂ ਸੀ ਹੋਈ।[9] ਪਰੰਤੂ ਪਾਕਿਸਤਾਨੀ ਪੰਜਾਬ ਨੇ ਆਪਣੀ ਤਹਿਜ਼ੀਬ ਨੂੰ ਬਿਖਰਨ ਨਹੀਂ ਦਿੱਤਾ ਨਾ ਹੀ ਭਾਸ਼ਾ ਸਾਹਿਤ ਪੱਖੋਂ ਤੇ ਨਾ ਹੀ ਇਲੈਕਟ੍ਰੋਨਿਕ ਮੀਡੀਆ ਤੇ ਸੰਚਾਰ ਸਾਧਨਾਂ ਦੇ ਨਵੇਂ ਪ੍ਰਚਲਨ ਨੇ ਇਸ ਦਾ ਰੰਗ ਫਿੱਕਾ ਪਾਇਆ, ਪਰ ਪੰਜਾਬੀ ਭਾਸ਼ਾ ਦਾ ਦਰਜਾ ਇੱਥੇ ਵੀ ਪੂਰਬੀ ਪੰਜਾਬ ਵਾਲਾ ਹੀ ਰਿਹਾ।ਡਾ. ਕਰਨੈਲ ਸਿੰਘ ਥਿੰਦ ਲਿਖਦੇ ਹਨ ਕਿ 1947 ਈ. ਤੋਂ ਪਿੱਛੋਂ ਪੱਛਮੀ ਪੰਜਾਬ ਉਸੇ ਪ੍ਰਕਾਰ ਪਾਕਿਸਤਾਨ ਦਾ ਇੱਕ ਸੂਬਾ ਹੈ ਜਿਵੇਂ ਪੂਰਬੀ ਪੰਜਾਬ, ਪੰਜਾਬ ਭਾਰਤ ਦਾ ਇੱਕ ਪ੍ਰਾਂਤ ਹੈ।ਆਜ਼ਾਦੀ ਤੋਂ ਪਿੱਛੋਂ ਪੰਜਾਬ ਪੰਜਾਂ ਦਰਿਆਵਾਂ ਦਾ ਦੇਸ਼ ਨਹੀਂ ਰਿਹਾ, ਫਿਰ ਵੀ ਦੋਹਾਂ ਮੁਲਕਾਂ ਵਿੱਚ ਇਸਨੂੰ ਪੰਜਾਬੀ ਭਾਸ਼ਾ ਵਿੱਚ 'ਪੰਜਾਬ'ਹੀ ਕਿਹਾ ਜਾਂਦਾ ਹੈ।ਸੁਭਾਵਕ ਹੀ ਦੋਵਾਂ ਮੁਲਕਾਂ ਵਿੱਚ ਪੰਜਾਬੀ ਭਾਸ਼ਾ ਨੇ ਆਪਣੀਆਂ ਸਮਾਜਿਕ, ਸੱਭਿਆਚਾਰਕ ਅਤੇ ਇਤਿਹਾਸਕ ਪਰਿਸਥਿਤੀਆਂ ਦੇ ਚੌਖਟੇ ਵਿੱਚ ਵਿਗਸਣਾ ਹੈ।ਪਾਕਿਸਤਾਨ ਵਿੱਚ ਪੰਜਾਬੀ ਦਾ ਸਰਕਾਰੀ ਜ਼ਬਾਨ ਬਣਦਾ ਜਾਂ ਇਸ ਨੂੰ ਜ਼ਰੀਆ ਤਾਲੀਮ ਬਣਾਉਣਾ

ਤਾਂ ਬਹੁਤ ਦੂਰ ਦੀ ਗੱਲ ਹੈ ਕਿ ਪਿਛਲੇ ਕਈ ਸਾਲਾਂ ਤੋਂ ਚੱਲ ਰਹੀ ਪੰਜਾਬੀ ਲਹਿਰ ਦਾ ਸਾਰਾ ਜ਼ੋਰ ਇਸ ਗੱਲ ਤੇ ਹੈ ਕਿ ਪ੍ਰਾਇਮਰੀ ਪੱਧਰ 'ਤੇ ਪੰਜਾਬੀ ਦੀ ਪੜ੍ਹਾਈ ਦਾ ਬੰਦੋਬਸਤ ਕੀਤਾ ਜਾਏ।[10]

ਪੂਰਬੀ ਪੰਜਾਬ ਨੇ ਭਾਸ਼ਾ ਪੱਖੋਂ ਕਈ ਹੀਲੇ ਕੀਤੇ ਕਿ ਦੋਹਾਂ ਪੰਜਾਬਾਂ ਨੂੰ ਸਾਹਿਤਕ ਤੇ ਭਾਸ਼ਾਈ ਪੱਖ ਤੋਂ ਇਤਿਹਾਸਕ ਝਰੋਖਿਆਂ ਵਿੱਚੋਂ ਮੇਲ ਕੇ ਇਤਿਹਾਸਕ ਦਾਸਤਾਨ ਬਣਾਈ ਜਾਵੇ ਪਰ ਲਿਪੀ ਦੀ ਅੜਚਨ ਨੇ ਇਸ ਨੂੰ ਕੁੱਝ ਸਮੇਂ ਲਈ ਰੋਕ ਦਿੱਤਾ।ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਸੰਬੰਧ ਵਿੱਚ ਵੱਡੀ ਉਪਲੱਬਧੀ ਦਰਜ ਕਰਵਾਈ ਕਿ ਪਾਕਿਸਤਾਨੀ ਪੰਜਾਬੀ ਅਤੇ ਹਿੰਦੁਸਤਾਨੀ ਪੰਜਾਬੀ ਨੂੰ ਮੇਲਣ ਲਈ ਇਹਨਾਂ ਦੀਆਂ ਲਿਪੀਆਂ ਕ੍ਰਮਵਾਰ ਸ਼ਾਹਮੁਖੀ ਤੇ ਗੁਰਮੁਖੀ ਨੂੰ ਕੰਪਿਊਟਰ ਉੱਤੇ ਬਦਲਣ ਦਾ ਸਾਫਟਵੇਅਰ ਤਿਆਰ ਕੀਤਾ।ਜਿਸ ਦਾ ਕਾਫੀ ਉਪਯੋਗ ਹੋ ਰਿਹਾ ਹੈ।ਲਗਦਾ ਹੈ ਕਿ ਦੋਵਾਂ ਸੱਭਿਆਚਾਰਾਂ ਦੇ ਸੁਮੇਲ ਲਈ ਲੋਕਧਾਰਾਈ ਪਰਿਪੇਖ ਤੇ ਇੱਧਰ ਤੋਂ ਉੱਧਰ ਤੇ ਉੱਧਰ ਤੋਂ ਇੱਧਰ ਦੀ ਆਮਦ ਹੀ ਕਿਸੇ ਸਾਫਟਵੇਅਰ ਦਾ ਕੰਮ ਸਾਰ ਸਕਦੀ। ਅਜੋਕਾ ਆਪਸੀ ਵਪਾਰਕ ਸਮਝੌਤਾ ਵੀ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਾ ਰਿਹਾ ਹੈ ਕਿ ਪਹਿਰਾਵੇ, ਖਾਣਾ-ਦਾਣਾ ਤੇ ਜੀਵਨ ਸ਼ੈਲੀਆਂ ਦਾ ਅਦਾਨ ਪ੍ਰਦਾਨ ਇਸ ਰਾਹੀਂ ਸੰਭਵ ਹੋ ਸਕਦਾ ਹੈ।ਪਰ ਫਿਰ ਵੀ ਸਭ ਤੋਂ ਵੱਡਾ ਰੋਲ ਸੋਸ਼ਲ ਮੀਡੀਆ ਅਦਾ ਕਰ ਰਿਹਾ ਹੈ।ਇਸ ਤੋਂ ਛੁੱਟ ਵਿਰਾਸਤੀ ਅਜਾਇਬ ਘਰ ਵੀ ਇਸ ਤਰ੍ਹਾਂ ਦੀ ਲੋੜ ਸਾਰ ਸਕਦੇ ਹਨ।ਪਾਕਿਸਤਾਨੀ ਪੰਜਾਬ ਵਿੱਚ ਅੱਜ ਵੀ ਪੰਜਾਬੀ ਅਖਬਾਰਾਂ ਦੀ ਘਾਟ ਹੈ।ਮਾਸਿਕ ਪੱਤਰ ਹੀ ਪੰਜਾਬੀ ਭਾਸ਼ਾ ਸੰਬੰਧੀ ਕਾਰਜਸ਼ੀਲ ਹਨ।ਸਾਝੇਂ ਧਾਰਮਿਕ ਅਕੀਦੇ ਵੀ ਪਰੰਪਰਾਗਤ ਸੱਭਿਆਚਾਰਕ ਮੁੱਲਾਂ ਨੂੰ ਨਰੋਆ ਕਰ ਸਕਦੇ ਹਨ ਜਿਸ ਨਾਲ ਭਾਈਚਾਰਕ ਸਾਝਾਂ ਨੂੰ ਨਵੀਂ ਪੁਠ ਆਵੇਗੀ।ਕਿਉਂ ਕਿ ਪੰਜਾਬੀਆਂ ਦੀ ਵਿਰਾਸਤ ਵਿੱਚ ਅੱਲਾ, ਵਾਹਿਗੁਰੂ, ਖੁਦਾ,ਰਾਮ, ਕ੍ਰਿਸ਼ਨ, ਰਹੀਮ ਸਭ ਇੱਕ ਪਰਮਾਤਮਾ ਦੇ ਨਾਮ ਹਨ ਜਿਹਨਾਂ ਨੂੰ ਸਮਾਜਿਕ ਰਹੁ ਰੀਤਾਂ ਸਮੇਂ ਪ੍ਰਵਾਨਿਤ ਤੌਰ ਤੇ ਰਹਿਤ ਵਜੋਂ ਅਪਣਾਇਆ ਗਿਆ ਹੈ।ਡਾ. ਜਗੀਰ ਸਿੰਘ ਨੂਰ ਅਨੁਸਾਰ ਕਿਸੇ ਵੀ ਸੱਭਿਆਚਾਰ ਵਿੱਚ ਕੁਝ ਕਦਰਾਂ ਕੀਮਤਾਂ ਸਥਿਰ ਰਹਿੰਦੀਆਂ ਜਾਂ ਉਨ੍ਹਾਂ ਦੇ ਬਦਲਣ ਦੀ ਗਤੀ ਇਕ, ਦੋ, ਤਿੰਨ ਪੀੜ੍ਹੀਆਂ ਤੱਕ ਮਾਲੂਮ ਨਹੀਂ ਹੁੰਦੀ ਪਰ ਕੁੱਝ ਕਦਰਾਂ ਵਕਤੀ ਪ੍ਰਭਾਵਾਂ ਅਧੀਨ ਬਦਲਦੀਆਂ ਰਹਿੰਦੀਆਂ ਹਨ।ਪੰਜਾਬੀ ਸੱਭਿਆਚਾਰ ਨੇ ਵੀ ਕਈ ਪੂਰਵ ਇਤਿਹਾਸਕ ਅਤੇ ਇਤਿਹਾਸਕ ਕਾਲ ਖੰਡਾਂ 'ਤੇ ਆ ਕੇ ਦੁਨੀਆਂ ਦੇ ਦੂਜਿਆਂ ਸੱਭਿਆਚਾਰਾਂ ਨੂੰ ਆਪਣੇ ਵੱਲੋਂ ਕੁੱਝ ਦਿੱਤਾ ਵੀ ਹੈ ਅਤੇ ਉਨ੍ਹਾਂ ਦਾ ਕੁੱਝ ਚੰਗਾ ਮਾੜਾ ਰਲਵਾਂ ਪ੍ਰਭਾਵ ਗ੍ਰਹਿਣ ਵੀ ਕੀਤਾ ਹੈ।ਇਹ ਪਰਿਵਰਤਨ ਧਾਰਮਿਕ, ਭਾਸ਼ਾਈ, ਵਿੱਦਿਅਕ, ਆਰਥਿਕ, ਯੋਜਨਾਬੰਦੀ, ਕਲਾਤਮਿਕਤਾ, ਵਿਗਿਆਨਕ, ਦੂਰ ਸੰਚਾਰ ਵਿਧੀਆਂ ਅਤੇ ਉਦਯੋਗੀਕਰਨ ਆਦਿ ਪੱਖਾਂ ਦੇ ਰੂਪ ਵਿੱਚ ਸਾਡੇ ਸਾਹਮਣੇ ਦ੍ਰਿਸ਼ਟਮਾਨ ਹਨ।[11]

ਇਸ ਤਰ੍ਹਾਂ ਦੇ ਪਰਿਵਰਤਨ ਦੋਹਾਂ ਪੰਜਾਬਾਂ ਦੀਆਂ ਪਿਛਲੀਆਂ ਦੋ ਪੀੜ੍ਹੀਆਂ ਨੇ ਤਾਂ ਜਰੂਰ ਦੇਖੇ ਕਿਉਂ ਪੰਜਾਬੀ ਕੌਮ ਸਿਰਜਨਹਾਰਿਆਂ ਦੀ ਕੌਮ ਹੈ।ਅਕੇਵਾਂ ਥਕੇਵਾਂ ਇਹਨਾਂ ਦੇ ਜੀਵਨ ਵਿੱਚ ਕਿਤੇ ਵੀ ਨਹੀਂ ਇਹਨਾਂ ਦੀ ਅਣਖ ਗੈਰਤ ਹਮੇਸ਼ਾਂ ਇਹਨਾਂ ਨੂੰ ਵਿਕਾਸਸ਼ੀਲਤਾ ਵੱਲ ਅਗਰਸਰ ਰੱਖਦੀ ਹੈ।ਦੋਵੇਂ ਪੰਜਾਬਾਂ ਦੇ ਲੋਕ ਰਲ ਮਿਲ ਕੇ ਇਸ ਦੀ ਸੱਭਿਆਚਾਰਕ ਵਿਉਂਤ ਨੂੰ ਨਵਿਆਉਣ ਦੇ ਸਮੱਰਥ ਹਨ।ਦੂਸਰਾ ਪੱਛਮੀ ਪ੍ਰਭਾਵਾਂ ਦਾ ਬੇਲੋੜਾ ਅਸਰ ਨਵੀਂ ਪੀੜੀ ਨੂੰ ਦਿਸ਼ਾਹੀਣ ਪਰਿਵਰਤਨਾਂ ਤੋਂ ਬਚਾ ਕੇ ਰੱਖੇ ਤਾਂ ਪੰਜਾਬੀ ਆਪਣੀ ਕਰਮਯੋਗੀ ਧੁਨ ਨਾਲ ਵਿਸ਼ਵ ਵਿੱਚ ਆਪਣਾ ਪਰਚਮ ਲਹਿਰਾ ਸਕਦੇ ਹਨ।

## ਹਵਾਲੇ ਅਤੇ ਟਿੱਪਣੀਆਂ


1) ਡਾ.ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1987, ਪੰਨਾ 113.
2) ਡਾ. ਜਗੀਰ ਸਿੰਘ ਨੂਰ, ਪੰਜਾਬੀ ਲੋਕ ਮਨੋਰੰਜਨ, (ਸਰੋਤ ਤੇ ਪਰੰਪਰਾ) ਪੰਜਾਬੀ ਸਾਹਿਤ ਤੇ ਸੱਭਿਆਚਾਰ ਸਦਨ, ਫਗਵਾੜਾ, 2001, ਪੰਨਾ 13.
3) M.L Joshi, History of Punjab (Vol-1), Punjabi University Patiala, 1977, Page 89.
4) ਤੇਜਾ ਸਿੰਘ, 'ਸਹਿਜ ਸੁਭਾ', ਸੱਭਿਆਚਾਰ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, ਪੰਨਾ 21.
5) ਨਿੰਦਰ ਘੁਗਿਆਣਵੀ 'ਪੰਜਾਬੀ ਲੋਕ ਗਾਇਕੀ ਦੇ ਚਾਰ ਥੰਮ' ਵਾਰਤਕ ਵਿਵੇਕ, ਰਜਿੰਦਰਪਾਲ ਬਰਾੜ, ਜਗਤਾਰ ਸਿੰਘ ਜੋਗਾ (ਸੰਪਾ.).ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011, ਪੰਨਾ 70.
6) ਕਰਨੈਲ ਸਿੰਘ ਥਿੰਦ, ਸੱਭਿਆਚਾਰ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅ੍ਰੰਮਿਤਸਰ, ਪੰਨਾ 88.
7) ਅਖਲਾਕ ਆਤਿਫ (ਤਹਿਕੀਕੀ, ਤਰਤੀਬ), ਡਾ. ਰਾਜਵੰਤ ਕੌਰ ਪੰਜਾਬੀ (ਲਿਪੀਅੰਤਰਕਾਰ), ਗੀਤਾਂ ਦੀ ਗੂੰਜ (ਪਾਕਿਸਤਾਨੀ ਪੰਜਾਬੀ ਫਿਲਮੀ ਗੀਤਾਂ ਦਾ ਵੇਰਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016, ਪੰਨਾ 15.
8) ਡਾ. ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ: ਮੁੱਢਲੀ ਜਾਣ ਪਛਾਣ, ਪੰਜਾਬੀ ਰਾਈਟਰਜ਼ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1984, ਪੰਨਾ 87.
9) ਬਲਬੀਰ ਸਿੰਘ ਪੂਨੀ, ਪੰਜਾਬੀ ਸੱਭਿਆਚਾਰ: ਸਿਧਾਂਤ ਤੇ ਵਿਹਾਰ, ਰੂਹੀ ਪ੍ਰਕਾਸ਼ਨ ਅੰਮ੍ਰਿਤਸਰ 2000, ਪੰਨਾ 56.
10) ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016, ਪੰਨਾ 79.
11) ਡਾ. ਜਗੀਰ ਸਿੰਘ ਨੂਰ, ਪੰਜਾਬੀ ਲੋਕ ਮਨੋਰੰਜਨ (ਸਰੋਤ ਤੇ ਪਰੰਪਰਾ), ਪੰਜਾਬੀ ਸਾਹਿਤ ਤੇ ਸੱਭਿਆਚਾਰ ਸਦਨ, ਫਗਵਾੜਾ, 2001, ਪੰਨਾ 21.

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਸੰਗੀਤ ਪਰੰਪਰਾ: ਇਕ ਇਤਿਹਾਸਕ ਵਿਸ਼ਲੇਸ਼ਣ

**ਡਾ.ਜਸਬੀਰ ਕੌਰ**
ਰਿਟਾ.ਪ੍ਰੋ.ਪੰਜਾਬੀ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ,ਪਟਿਆਲਾ
ਪ੍ਰਿੰਸੀਪਲ, ਗੁਰਮਤਿ ਕਾਲਜ,ਪਟਿਆਲਾ

**ਅਮੂਰਤ**

ਵਿਸ਼ਵ ਦੇ ਸਮੂਹ ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਇਕ ਅਲੌਕਿਕ ਚਮਤਕਾਰ ਤੇ ਕ੍ਰਿਸ਼ਮਾ ਹੈ।ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕ ਤੇ ਧਰਮ, ਮੀਮਾਂਸਿਕਵਿਚਾਰਧਾਰਾ ਨੇ ਜਿਥੇ ਸਵੀਕਾਰਤਮਕਾ ਤੇ ਨਿਖੇਧਾਤਮਕ ਵਿਧੀ ਦੁਆਰਾ ਭਾਰਤੀ ਤੇ ਪੱਛਮੀ ਦਾਰਸ਼ਨਿਕ ਤੇ ਧਰਮ ਮੀਮਾਂਸਿਕ ਵਿਚਾਰਧਾਰਾ ਨੂੰ ਸੰਪੂਰਨਤਾ ਪ੍ਰਦਾਨ ਕੀਤੀ, ਉਥੇ ਇਕ ਸਰਬਕਾਲੀ ਸੰਪੂਰਨ ਤੇ ਸਰਬ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਦਾ ਸੂਰਜ ਮਾਨਵਤਾ ਦੇ ਮਨ ਵਿਚ ਉਦੈ ਕੀਤਾ।ਸੰਸਾਰ ਦੇ ਧਰਮ ਗ੍ਰੰਥਾਂ ਵਿਚ ਰਿਗਵੇਦ ਨੂੰ ਸਭ ਤੋਂ ਪ੍ਰਾਚੀਨ ਧਰਮ ਗ੍ਰੰਥ ਸਵੀਕਾਰ ਕੀਤਾ ਗਿਆ ਹੈ।ਇਸ ਦਾ ਲਿਖਤੀ ਰੂਪ 1500 ਪੂਰਵ ਈਸਵੀ ਤੋਂ 600 ਪੂਰਵ ਈਸਵੀ ਸਮੇਂ ਦੇ ਦਰਮਿਆਨ ਹੋਂਦ ਵਿਚ ਆਇਆ ਕਿਹਾ ਜਾਂਦਾ ਹੈ।ਭਾਵੇਂ ਚਾਰੇ ਵੇਦ ਕਾਵਿ ਰੂਪ ਵਿਚ ਰਹਿ ਗਏ ਹਨ ਪਰ ਫਿਰ ਵੀ ਇਨ੍ਹਾਂ ਵਿਚੋਂ ਕਿਸੇ ਦੀ ਰਚਨਾ ਰਾਗ ਬੰਦਸ਼ਾਂ ਅਧੀਨ ਨਹੀਂ ਕੀਤੀ ਗਈ। ਸਾਮਵੇਦ ਦੇ ਭਾਵੇਂ ਕੁੱਝ ਮੰਤਰ ਗਾਏ ਜਾ ਸਕਦੇ ਹਨ ਪਰ ਨਿਰਸੰਦੇਹ ਇਹ ਮੰਤਰ ਰਾਗਬੱਧ ਨਹੀਂ ਹਨ।ਰਮਾਇਣ ਦਾ ਪਾਠ ਭਾਵੇਂ ਗਾ ਕੇ ਕੀਤਾ ਜਾ ਸਕਦਾ ਹੈ ਪਰ ਇਸਦਾ ਸ਼ਬਦ ਤੇ ਰਾਗ ਦਾ ਸੰਜੋਗ ਕਿਤੇ ਵੀ ਨਹੀਂ ਕੀਤਾ।ਇਸੇ ਤਰ੍ਹਾਂ ਸਾਮੀ ਧਾਰਮਿਕ ਪਰੰਪਰਾਵਾਂ ਦੇ ਪ੍ਰਸਿੱਧ ਗ੍ਰੰਥ ਤੌਰ ’ਤੇ ਜਬੂਰ, ਅੰਜ਼ੀਲ, ਕੁਰਾਨ ਤੇ ਅਵੇਸਤਾ ਆਦਿ ਹਨ ਜਿਨ੍ਹਾਂ ਵਿਚੋਂ ਕੋਈ ਵੀ ਰਾਗਬੱਧ ਨਹੀਂ ਹੈ।ਇਸ ਤਰ੍ਹਾਂ ਪੂਰਬੀ ਤੇ ਸਾਮੀ ਧਰਮ ਗ੍ਰੰਥਾਂ ਵਿਚ ਕਾਵਿਕ ਸੰਗੀਤ ਤਾਂ ਹੈ ਪਰ ਇਲਾਹੀ ਕਲਾਮ ਨੂੰ ਰਾਗ ਬੰਦਸ਼ਾਂ ਅਧੀਨ ਕਲਮਬੰਦ ਨਹੀਂ ਕੀਤਾ ਗਿਆ।ਇਸੇ ਤਰ੍ਹਾਂ ਸੰਸਾਰ ਦੇ ਸਮੂਹ ਧਾਰਮਿਕ ਗ੍ਰੰਥਾਂ ਦੇ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਦੀ ਜਾਗਤ ਜੋਤ ਹੀ ਇਕ ਐਸਾ ਪਾਵਨ ਗ੍ਰੰਥ ਹੈ, ਜਿਸ ਵਿਚ ਰਾਗ ਤੇ ਬਾਣੀ ਦਾ ਇਕ ਅਜੀਬ ਤੇ ਰਹੱਸਮਈ ਸੰਜੋਗ ਹੈ।ਸਿਰਫ ਇਸ ਧਰਮ ਗ੍ਰੰਥ ਵਿਚ ਪਰਮਸੱਤਾ ਦੇ ਅਧਿਆਤਮਕ ਅਨੁਭਵ ਨੂੰ ਇਲਾਹੀ ਬਾਣੀ ਦੇ ਰੂਪ ਵਿਚ ਰਾਗਾਤਮਕ ਵਿਧੀ ਸਹਿਤ ਅਭਿਵਿਅਕਤ ਕੀਤਾ ਗਿਆ ਹੈ।ਇਹ ਧਰਮ ਗ੍ਰੰਥ ਇਸ ਪੱਖ ਤੋਂ ਸਮੁੱਚੀ ਮਾਨਵਤਾ ਲਈ ਇਕ ਅਮੋਲਕ ਗੁਰਮਤਿ ਸੰਗੀਤ ਦਾ ਭੰਡਾਰ ਹੈ।

**ਕੁੰਜੀ ਸ਼ਬਦ:** ਗੁਰਮਤਿ ਸੰਗੀਤ ਪਰੰਪਰਾ,ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗ ਪ੍ਰਬੰਧ,ਇਲਾਹੀ ਬਾਣੀ,ਮਨੁੱਖਤਾ ਲਈ ਸੰਦੇਸ਼।

ਗੁਰਮਤਿ ਸੰਗੀਤ ਰਾਗ ਤੇ ਬਾਣੀ ਦਾ ਇਕ ਸੁਚੱਜਾ ਮੇਲ ਹੈ। ਗੁਰੂ ਗ੍ਰੰਥ ਸਾਹਿਬ ਰਾਗ ਤੇ ਬਾਣੀ ਦਾ ਸੰਜੋਗ ਹੈ।ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤ ਬਾਣੀ ਮੁੱਖ ਰੂਪ ਵਿਚ ਤਾਂ ਰਾਗਾਂ ਦੇ ਰਾਗ ਪ੍ਰਬੰਧ ਵਿਚ ਹੈ, 1343 ਪੰਨੇ ਰਾਗ ਪ੍ਰਬੰਧ ਵਿਚ ਹਨ।ਜਪੁਜੀ ਸਾਹਿਬ, ਸਵੱਯੇ, ਸਲੋਕ ਸਹਸਕ੍ਰਿਤੀ, ਵਾਰਾਂ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ, ਰਾਗ ਮੁਕਤ ਬਾਣੀ ਅਧੀਨ ਆਉਂਦੇ ਹਨ।ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ

ਸਾਹਿਬਾਨ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਇਲਾਵਾ 15 ਭਗਤਾਂਅਤੇ 11 ਭੱਟਾਂ ਦੀ ਅਤੇ ਗੁਰੂ ਦਰਬਾਰ ਦੇ 3 ਨਿਕਟਵਰਤੀਆਂ ਦੀ ਬਾਣੀ ਦਰਜ ਹੈ।

ਗੁਰੂ ਨਾਨਕ ਸਾਹਿਬ ਜੀ (1469-1539) ਨੇ ਗੁਰਮਤਿ ਸੰਗੀਤ ਦਾ ਆਰੰਭ ਕੀਤਾ। ਆਪ ਦੁਆਰਾ ਰਚਿਤ ਬਾਣੀ ਦੇ ਰਾਗਾਂ ਅਤੇ ਰਾਗ ਪ੍ਰਕਾਰਾਂ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਪ ਨੇ ਪ੍ਰਚੱਲਤ ਸਾਸ਼ਤਰੀ ਰਾਗਾਂ, ਦੇਸੀ ਰਾਗਾਂ ਤੋਂ ਇਲਾਵਾ ਪ੍ਰਚੱਲਤ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ।ਜਪੁਜੀ ਸਾਹਿਬ, ਪੱਟੀ (ਰਾਗ ਆਸਾ) ਓਅੰਕਾਰ (ਰਾਗ ਰਾਮਕਲੀ), ਸਿਧ ਗੋਸਟਿ (ਰਾਗ ਰਾਮਕਲੀ), ਬਾਰਹਮਾਹ (ਰਾਗ ਤੁਖਾਰੀ), ਆਰਤੀ (ਧਨਾਸਰੀ), ਵਾਰਾਂ (ਰਾਗ ਮਾਝ, ਆਸਾ ਅਤੇ ਮਲਾਰ) ਤੋਂ ਇਲਾਵਾ ਪਦ, ਸਲੋਕ, ਸੋਹਲੇ, ਅਸਟਪਦੀ, ਛੰਦ, ਥਿਤੀ, ਪਟੀ, ਪਹਿਰੇ, ਪਉੜੀ ਤੇ ਅਲਾਹੁਣੀਆਂ (ਵਡਹੰਸ) ਆਦਿ ਲੋਕ ਗੀਤ ਸ਼ੈਲੀਆਂ ਨੂੰ ਪ੍ਰਯੋਗ ਕੀਤਾ।ਜਪੁਜੀ ਸਾਹਿਬ ਨੂੰ ਛੱਡ ਕੇ ਲਗਭਗ ਸਾਰੀਆਂ ਰਚਨਾਵਾਂ ਉਪਰ ਰਾਗਾਂ ਦੇ ਸਿਰਲੇਖ ਹਨ ਜਿਸ ਤੋਂ ਸਪਸ਼ਟ ਹੈ ਕਿ ਸਾਰੀ ਬਾਣੀ ਰਾਗਾਂ ਵਿਚ ਜਾਂ ਪਰੰਪਰਾਗਤ ਲੋਕ ਸ਼ੈਲੀ ਵਿਚ ਗਾਇਨ ਕਰਨ ਲਈ ਲਿਖੀ ਗਈ ਹੈ।ਗੁਰੂ ਸਾਹਿਬ ਨੇ ਸਿਰੀਰਾਗੁ, ਮਾਝ ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਬਸੰਤ, ਸਾਰੰਗ, ਮਲਾਰ, ਪਰਭਾਤੀ ਆਦਿ ਸ਼ੁੱਧ ਅਤੇ ਮਿਸ਼ਰਤ ਰਾਗਾਂ ਵਿਚ ਬਾਣੀ ਰਚੀ ਅਤੇ ਇਸ ਬਾਣੀ ਦਾ ਗਾਇਨ ਕਰਨ ਲਈ ਆਪਣਾ ਸਾਥੀ ਭਾਈ ਮਰਦਾਨੇ ਨੂੰ ਚੁਣਿਆ, ਜੋ ਗੁਰੂ ਸਾਹਿਬ ਨਾਲ ਕੀਰਤਨ ਕਰਨ ਵੇਲੇ ਰਬਾਬ ਤੇ ਸੰਗਤ ਕਰਦਾ ਸੀ।ਗੁਰੂ ਸਾਹਿਬਾਨ ਨੇ ਸੰਗੀਤ ਦੇ ਵਿਕਾਸ ਲਈ ਕਰਤਾਰਪੁਰ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ, ਜਿਥੇ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰੁ ਦੀ ਚੌਂਕੀ ਦਾ ਕੀਰਤਨ ਕੀਤਾ ਜਾਂਦਾ ਸੀ :

> ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
> ਗੁਰਮੁਖਿ ਭਾਰ ਅਥਰਬਣਿ ਤਾਰਾ[1]

ਗੁਰੂ ਅੰਗਦ ਸਾਹਿਬ ਜੀ (1538-1552) ਦੁਆਰਾ ਰਚਿਤ ਬਾਣੀ 62 ਸਲੋਕਾਂ ਦੇ ਰੂਪ ਵਿਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਮਲਾਰ ਰਾਗਾਂ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।ਸ਼ਬਦ ਗਾਇਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਪ ਦੇ ਦਰਬਾਰ ਵਿਚ ਭਾਈ ਮਰਦਾਨਾ ਦੇ ਪੁੱਤਰ ਭਾਈ ਸਜ਼ਾਦਾ ਤੇ ਰਜਾਦਾ, ਭਾਈ ਸਾਦੂ, ਭਾਈ ਬਾਦੂ ਅਤੇ ਇਸ ਤੋਂ ਇਲਾਵਾ ਭਾਈ ਸੱਤਾ ਤੇ ਬਲਵੰਡ ਕੀਰਤਨ ਕਰਦੇ ਸਨ।ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਗੁਰੂ ਸਾਹਿਬ ਨੇ ਖਡੂਰ ਸਾਹਿਬ ਨੂੰ ਕੀਰਤਨ ਕੇਂਦਰ ਸਥਾਪਤ ਕੀਤਾ :

> ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥[2]

ਗੁਰੂ ਅਮਰਦਾਸ ਜੀ (1552-1574) ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਡਮੁੱਲਾ ਯੋਗਦਾਨ ਪਾਇਆ।ਆਪ ਨੇ ਰਾਗਾਂ ਅਧੀਨ ਪਦੇ, ਅਸਟਪਦੀਆ, ਛੰਦ, ਸੋਹਲੇ, ਵਾਰ ਗਾਇਨ ਸ਼ੈਲੀਆਂ ਦੇ ਅੰਤਰਗਤ ਬਾਣੀ ਦੀ ਰਚਨਾ ਕੀਤੀ।ਰਾਮਕਲੀ ਰਾਗ ਅਧੀਨ ਅਨੰਦੁ ਸਾਹਿਬ ਦੀ ਰਚਨਾ ਆਪ ਦੀ ਵਿਸ਼ੇਸ਼

ਲੋਕਪ੍ਰਿਅ ਰਚਨਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਪਰਭਾਤੀ ਵਿਚ 907 ਸ਼ਬਦਾਂ ਦੀ ਰਚਨਾ ਕੀਤੀ।ਇਨ੍ਹਾਂ ਤੋ ਬਿਨ੍ਹਾ ਗੁਰੂ ਸਾਹਿਬ ਨੇ ਇਕ ਸਾਜ ਜਿਸ ਦਾ ਨਾਮ ਸਾਰੰਦਾ ਹੈ ਦੀ ਵੀ ਕਾਢ ਕੱਢੀ।ਭਾਰਤੀ ਸੰਗੀਤ ਦੇ ਵਿਕਾਸ ਵਿਚ ਗੁਰੂ ਅਮਰਦਾਸ ਜੀ ਦੀ ਇਹ ਮਹਾਨ ਦੇਣ ਹੈ।ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗਵਿਚ ਰਚੀਆਂ ਹੋਈਆਂ ਗੁਰੂ ਜੀ ਦੀਆ ਵਾਰਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।ਆਪ ਦੇ ਦਰਬਾਰ ਵਿਚ ਭਾਈ ਸੱਤਾ ਤੇ ਬਲਵੰਡ ਤੋਂ ਬਿਨਾਂ ਭਾਈ ਪਾਂਧਾ ਤੇ ਬੂਲਾ ਰਬਾਬੀ ਵੀ ਕੀਰਤਨ ਕਰਦੇ ਸਨ।ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਗੁਰੂ ਸਾਹਿਬ ਨੇ ਕੀਰਤਨ ਦਾ ਤੀਜਾ ਕੇਂਦਰ ਗੋਇੰਦਵਾਲ ਸਾਹਿਬ ਬਣਾਇਆ।ਗੁਰੂ ਸਾਹਿਬ ਨੇ ਮੰਜੀ ਪ੍ਰਣਾਲੀ ਦਾ ਵਿਕਾਸ ਕਰਕੇ 22 ਵਿਦਵਾਨਾਂ ਨੂੰ ਪ੍ਰਚਾਰ ਕਰਨ ਲਈ ਪੰਜਾਬ ਦੇ ਵੱਖੋ ਵੱਖਰੇ ਭਾਗਾਂ ਵਿੱਚ ਭੇਜਿਆ।

ਗੁਰੂ ਰਾਮਦਾਸ ਜੀ (1534-1581) ਨੇ ਗੁਰਮਤਿ ਸੰਗੀਤ ਦੇ ਅੰਤਰਗਤ ਵਿਭਿੰਨ ਸ਼ਾਸਤਰੀ ਸੰਗੀਤ ਦੀਆਂ ਲੋਕ ਗਾਇਨ ਸ਼ੈਲੀਆਂ ਵਿਚ ਪਦੇ, ਅਸਟਪਦੀਆਂ, ਪੜਤਾਲ, ਲੋਕ ਗਾਇਨ ਸ਼ੈਲੀਆਂ ਵਿਚ ਘੋੜੀਆਂ, ਛੰਤ, ਵਾਰ, ਕਰਹਲੇ, ਬਿਰਹੜੇ ਆਦਿ ਲੋਕ ਕਾਵਿ ਰੂਪਾਂ ਨੂੰ ਦੇਖਿਆ ਜਾ ਸਕਦਾ ਹੈ।ਆਪ ਨੇ ਪੜਤਾਲ ਨਾਮਕ ਨਵੀਨ ਸ਼ਾਸਤਰੀ ਗਾਇਨ ਸ਼ੈਲੀ ਜੋ ਕਿ ਤਾਲ ਤੇ ਅਧਾਰਿਤ ਹੈ, ਦਾ ਪ੍ਰਥਮ ਰੂਪ ਵਿਚ ਪ੍ਰਯੋਗ ਕੀਤਾ ਜਦੋਂ ਕਿ ਭਾਰਤੀ ਸ਼ਾਸਤਰੀ ਸੰਗੀਤ ਵਿਚ ਇਸ ਦਾ ਪ੍ਰਯੋਗ ਵੇਖਣ ਵਿਚ ਨਹੀਂ ਆਉਂਦਾ। ਗੁਰੂ ਸਾਹਿਬ ਦੀਆਂ 7 ਰਾਗਾਂ ਵਿੱਚ 19 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।ਆਸਾ ਕੀ ਵਾਰ ਵਿਚ ਗਾਏ ਜਾਂਦੇ ਛੰਦ ਆਪ ਦੀ ਪ੍ਰਸਿੱਧ ਰਚਨਾ ਹੈ।ਗੁਰੂ ਸਾਹਿਬ ਦੀਆਂਰਾਗ, ਸਿਰੀ, ਗਉੜੀ, ਬਿਹਾਗੜਾ, ਵਡਹੰਸ, ਬਿਲਾਵਲ, ਸਾਰੰਗ ਅਤੇ ਕਾਨੜਾ ਵਿਚ 8 ਵਾਰਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।ਤਤਕਰੇ ਅਨੁਸਾਰ 30 ਰਾਗਾਂ - ਸਿਰੀ, ਮਾਝ, ਗਾਉੜੀ, ਗਉੜੀ ਗੁਆਰੇਰੀ, ਗਉੜੀ ਬੈਰਾਗਣ, ਗਉੜੀ ਪੂਰਬੀ, ਗਉੜੀ ਮਾਝ, ਆਸਾਵਰੀ, ਆਸਾ ਕਾਫੀ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਰਾਇਣ, ਨਟ, ਗੋਂਡ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਕਲਿਆਣ ਭੋਪਾਲੀ, ਪ੍ਰਭਾਤੀ, ਪ੍ਰਭਾਤੀ ਬਿਭਾਸ ਵਿਚ 679 ਸ਼ਬਦ ਅਤੇ ਸਲੋਕ ਵੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹਨ।ਗੁਰੂ ਸਾਹਿਬ ਦੇ ਦਰਬਾਰ ਵਿਚ ਉਸ ਵੇਲੇ ਭਾਈ ਸੱਤਾ ਅਤੇ ਰਾਏ ਬਲਵੰਡ ਹਜ਼ੂਰੀ ਕੀਰਤਨੀਏ ਸਨ ਗੁਰੂ ਸਾਹਿਬ ਨੇ ਅੰਮ੍ਰਿਤਸਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ।

ਗੁਰੂ ਅਰਜਨ ਸਾਹਿਬ ਜੀ (1563-1606) ਨੇ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਕਰਕੇ ਆਪਣੀ ਵਿਲੱਖਣ ਦੇਣ ਦੁਆਰਾ ਅਧਿਆਤਮਕ ਅਤੇ ਸੰਗੀਤ ਜਗਤ ਨੂੰ ਭਰਪੂਰ ਕੀਤਾ।ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 44 ਰਾਗਾਂ, ਉਪ ਰਾਗਾਂ ਵਿਚ 2216 ਸ਼ਬਦ ਅਤੇ ਸਲੋਕ ਉਪਲਬਧ ਹਨ।ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸ਼ਾਸਤਰੀ ਅਤੇ ਲੋਕ ਸੰਗੀਤ ਦੋਵਾਂ ਦਾ ਪ੍ਰਯੋਗ ਕੀਤਾ।ਉਨ੍ਹਾਂ ਨੇ ਬਾਣੀ ਰਚਣ ਲਈ ਜਿਥੇ ਸਭ ਤੋਂ ਜ਼ਿਆਦਾ ਰਾਗਾਂ ਅਤੇ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਉਥੇ ਵਿਸ਼ੇਸ ਬਾਣੀ ਰਚਨਾਵਾਂ ਅਸਪਟਦੀਆਂ, ਪਦੇ, ਛੰਤ, ਵਾਰ, ਸੋਹਲੇ, ਅੰਜਲੀ, ਗੁਣਵੰਤੀ ਆਦਿ ਦੀ ਰਚਨਾ ਕੀਤੀ।ਆਪ ਦੁਆਰਾ ਰਚਿਤ 36 ਪੜਤਾਲਾਂ ਵੱਖ-ਵੱਖ ਰਾਗਾਂ ਅਧੀਨ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮਿਲਦੀਆਂ ਹਨ।ਆਪ ਦੀਆਂ ਉਚਾਰੀਆਂ ਬਾਣੀਆਂ ਵਿਚ ਸੁਖਮਨੀ ਸਾਹਿਬ (ਗਉੜੀ) ਅਤੇ ਬਾਰਹਮਾਹ (ਮਾਝ ਰਾਗ) ਵਿਸ਼ੇਸ ਸਥਾਨ ਰੱਖਦੀਆਂ ਹਨ।ਗੁਰੂ ਸਾਹਿਬ ਨੇ ਰਾਗ ਗਉੜੀ, ਗੂਜਰੀ, ਜੈਤਸਰੀ, ਬਸੰਤ, ਰਾਮਕਲੀ, ਸਾਰੰਗ ਵਿੱਚ ਛੇ ਵਾਰਾਂ ਲਿਖੀਆਂ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।ਸੋ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਕੇ ਗੁਰਮਤਿ

ਸੰਗੀਤ ਨੂੰ ਸਥਾਈ ਰੂਪ ਵਿਚ ਸਥਾਪਤ ਕੀਤਾ।ਉਨ੍ਹਾਂ ਨੇ ਕੀਰਤਨ ਨੂੰ ਆਮ ਸਿੱਖਾਂ ਵਿਚ ਪ੍ਰਚਾਰਿਆ ਅਤੇ ਗੁਰਮਤਿ ਸੰਗੀਤ ਦਾ ਸੰਗਤਾਂ ਵਿਚ ਹੋਰ ਵੀ ਵਿਕਾਸ ਹੋਇਆ।ਗੁਰੂ ਅਰਜਨ ਸਾਹਿਬ ਦੇ ਸਮੇਂ ਦਰਬਾਰ ਸਾਹਿਬ ਵਿਚ ਭਾਈ ਸੱਤਾ ਤੇ ਬਲਵੰਡ, ਭਾਈ ਝਾਝੂ, ਮੁਕੰਦ, ਕਿਦਾਰਾ ਹਜੂਰੀ ਕੀਰਤਨੀਏ ਸਨ।ਇਸੇ ਹੀ ਦੌਰਾਨ ਕੀਰਤਨ ਨਾਲ ਸਾਰੰਦਾ ਸਾਜ਼ ਅਤੇ ਤਬਲਾ ਜੋੜੀ ਦਾ ਪ੍ਰਚਾਰ ਵੀ ਸ਼ੁਰੂ ਹੋ ਗਿਆ ਸੀ।ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਤਰਨਤਾਰਨ ਸਾਹਿਬ ਵਿਖੇ ਚੌਥੇ ਕੀਰਤਨ ਕੇਂਦਰ ਦੀ ਸਥਾਪਨਾ ਕੀਤੀ ਤਾਂ ਜੋ ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਗੁਰਮਤਿ ਪ੍ਰਣਾਲੀ ਨੂੰ ਨਵੀਆਂ ਤੇ ਮੌਲਿਕ ਵਿਸ਼ੇਸ਼ਤਾਵਾਂ ਸਹਿਤ ਉਜਾਗਰ ਕੀਤਾ ਜਾ ਸਕੇ।ਗੁਰੂ ਅਰਜਨ ਸਾਹਿਬ ਦੇ ਵੇਲੇ ਹੀ ਕੀਰਤਨ ਦੀਆਂ 15 ਚੌਂਕੀਆਂ ਦੀ ਪਰੰਪਰਾ ਵਿਧੀਵਤ ਰੂਪ ਵਿਚ ਆਰੰਭ ਹੋਈ ਤੇ ਗੁਰਦੁਆਰਿਆਂ ਵਿਚ ਆਸਾ ਕੀ ਵਾਰ ਦਾ ਕੀਰਤਨ, ਸੋਦਰ ਦੀ ਚੌਂਕੀ, ਬਿਲਾਵਲ ਦੀ ਚੌਂਕੀ ਦਾ ਕੀਰਤਨ ਮੁੱਖ ਰੂਪ ਵਿਚ ਤੰਤੀ ਸਾਜ਼ਾਂ ਨਾਲ ਸ਼ੁਰੂ ਹੋਇਆ।ਗੁਰੂ ਅਰਜਨ ਸਾਹਿਬ ਨੇ ਆਪ ਸਿੱਖ ਸੰਗਤਾਂ ਨੂੰ ਅਤੇ ਰਾਗੀਆਂ ਨੂੰ ਆਪਣੇ ਪਾਸ ਬਿਠਾ ਕੇ ਸਾਰੰਦਾ ਸਾਜ਼ ਨਾਲ ਕੀਰਤਨ ਸਿਖਾਇਆ ਤੇ ਆਪ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਨਾਲ ਬੈਠ ਕੇ ਕੀਰਤਨ ਕੀਤਾ ਤੇ ਕੀਰਤਨ ਦੀ ਇਸ ਮਹਾਨ ਕੀਰਤਨ ਪਰੰਪਰਾ ਵਿੱਚ ਆਪਣਾ ਯੋਗਦਾਨ ਪਾਇਆ।ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਉੱਚ ਕੋਟੀ ਦੇ ਰਾਗੀ ਕੀਰਤਨ ਕਰਦੇ ਸਨ :

> ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।
> ਝਾਂਝੂ ਅਤੇ ਮੁਕੰਦੁ ਹੈ ਕੀਰਤਨ ਕਰੈ ਹਜੂਰ ਕਿਦਾਰਾ।
> ਸਾਧਸੰਗਤਿ ਪਰਗਟੁ ਪਾਹਾਰਾ॥[3]

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਨੇ ਉਸ ਸਮੇਂ ਦੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਸੋ ਜਿੱਥੇ ਗੁਰੂ ਸਾਹਿਬ ਨੇ ਪੁਰਾਤਨ ਕੀਰਤਨ ਪਰੰਪਰਾ ਨੂੰ ਜਾਰੀ ਰੱਖਿਆ ਉਥੇ ਬੀਰ ਰਸੀ ਵਾਰਾਂ ਗਾਉਣ ਦੀ ਪਰੰਪਰਾ ਸ਼ੁਰੂ ਕੀਤੀ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਵਿੱਚ ਵੱਡਾ ਯੋਗਦਾਨ ਪਾਇਆ।ਆਪਨੇ ਜਿੱਥੇ ਅਕਾਲ ਤਖਤ ਦੀ ਸਥਾਪਨਾ ਕੀਤੀ ਉਥੇ ਕੌਮ ਨੂੰ ਸ਼ਸਤਰ ਬੱਧ ਕੀਤਾ ਅਤੇ ਸੂਰਬੀਰਤਾ ਦਾ ਪੱਖ ਉਜਾਗਰ ਕਰਨ ਲਈ ਢਾਡੀਆਂ ਨੂੰ ਅਕਾਲ ਤਖਤ ਤੇ ਲਿਆ ਕੇ ਸਿੱਖ ਦੀਵਾਨਾਂ ਦਾ ਸ਼ਿੰਗਾਰ ਬਣਾਇਆ।ਭਾਈ ਨੱਥਾ ਤੇ ਅਬਦੁੱਲਾ ਗੁਰੂ ਸਾਹਿਬ ਦੇ ਦਰਬਾਰ ਦੇ ਪ੍ਰਸਿੱਧ ਢਾਡੀ ਸਨ ਜਿਨ੍ਹਾਂ ਨੇ ਰਬਾਬ ਹੱਥ ਵਿੱਚ ਫੜ ਕੇ ਢਾਡੀ ਗਾਇਨ ਦਾ ਅਰੰਭ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੀਤਾ।

> ਨੱਥਾ ਢੱਢ ਬਜਾਇਆ ਅਬਦੁਲਾ ਹੱਥ ਰਬਾਬ।
> ਅਬਦੁਲਾ ਢਾਢੀ ਜਸ ਸੁਨਾਇ।[4]

ਨੱਥਾ ਤੇ ਅਬਦੁਲਾ ਢਾਡੀ ਨੂੰ ਜਿਥੇ ਤੰਤੀ ਸਾਜ਼ ਵਜਾਉਣ ਵਿੱਚ ਮੁਹਾਰਤ ਸੀ ਉਥੇ ਵਾਰਾਂ ਗਾਇਨ ਕਰਨ ਵਿੱਚ ਵੀ ਉਹ ਵਿਸ਼ੇਸ਼ ਸਥਾਨ ਰਖਦੇ ਸਨ।ਗੁਰੂ ਕਾਲ ਦੀਆਂ ਵਾਰਾਂ ਉਹਨਾਂ ਨੂੰ ਜ਼ਬਾਨੀ ਯਾਦ ਸਨ ਅਤੇ ਢੱਡ

ਤੇ ਸਾਰੰਗੀ ਵਰਗੇ ਨਵੇਂ ਸਾਜ਼ ਹੋਂਦ ਵਿੱਚ ਲਿਆਂਦੇ ਤਾਂ ਜੋ ਭਗਤੀ ਅਤੇ ਸ਼ਕਤੀ ਦਾ ਸੰਚਾਰ ਹੋ ਸਕੇ। ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾਂ ਨੂੰ ਪੁਰਾਤਨ ਬੀਰ ਰਸੀ ਵਾਰਾਂ ਦੀਆਂ ਲੋਕ ਧੁਨਾਂ ਤੇ ਗਾਉਣ ਦੇ ਸੰਕੇਤ ਕੀਤੇ। ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ। ਗੁਰੂ ਸਾਹਿਬ ਦੇ ਸਮੇਂ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਭਾਈ ਨੱਥਾ ਤੇ ਅਬਦੁਲਾ ਤੋਂ ਇਲਾਵਾ ਭਾਈ ਬਾਬਕ, ਮੀਰ ਮੁਸ਼ਕੀ ਤੇ ਛਬੀਲਾ ਕੀਰਤਨ ਕਰਦੇ ਸਨ। ਮਗਰੋਂ ਭਾਈ ਬਾਬਕ ਦਾ ਪੁੱਤਰ ਭਾਈ ਚੱਤਰਾ ਤੇ ਭਾਈ ਮੋਜਦਰੀਆ ਵੀ ਨਵੀਨ ਸਾਜ਼ਾ ਨਾਲ ਗੁਰਮਤਿ ਸੰਗੀਤ ਦਾ ਚੌਂਕੀਆਂ ਅਨੁਸਾਰ ਕੀਰਤਨ ਕਰਦੇ ਰਹੇ। ਭਾਈ ਸੱਤਾ ਤੇ ਬਲਵੰਡ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੱਕ ਦਰਬਾਰ ਸਾਹਿਬ ਕੀਰਤਨ ਕਰਦੇ ਰਹੇ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਢਾਡੀਆਂ ਤੇ ਰਾਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਸੀ। ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦਾ ਬਹੁਤ ਪ੍ਰਚਾਰ ਕੀਤਾ। ਵਾਰੀਆਂ ਦੇ ਕੀਰਤਨ ਦੀ ਪਰੰਪਰਾ ਵੀ ਗੁਰੂ ਸਾਹਿਬ ਦੇ ਸਮੇਂ ਹੀ ਸ਼ੁਰੂ ਹੋਈ।

ਗੁਰੂ ਹਰਿ ਰਾਇ ਸਾਹਿਬ ਜੀ ਨੇ ਗੁਰੂ ਸਾਹਿਬਾਨ ਦੀ ਚਲਾਈ ਹੋਈ ਗੁਰਬਾਣੀ ਸੰਗੀਤ ਪ੍ਰਣਾਲੀ ਨੂੰ ਅਗਾਂਹ ਵਿਧੀਬੱਧ ਢੰਗ ਨਾਲ ਵਿਕਸਤ ਕੀਤਾ। ਗੁਰੂ ਸਾਹਿਬ ਨੇ ਕੀਰਤਨ ਨੂੰ ਜੋ ਅਦਬ ਅਤੇ ਸਤਿਕਾਰ ਦਿੱਤਾ ਉਸ ਦੀ ਮਿਸਾਲ ਉਹਨਾਂ ਦੇ ਦਰਬਾਰੀ ਕੀਰਤਨੀਏ ਤੋਂ ਪਤਾ ਲਗਦੀ ਹੈ ਕਿ ਉਹ ਕੀਰਤਨ ਸਮੇਂ ਰਬਾਬ ਮ੍ਰਿਦੰਗ ਸਾਹਿਤ ਬਾਣੀ ਦਾ ਗਾਇਨ ਚੌਂਕੀਆਂ ਅਨੁਸਾਰ ਕਰਦੇ ਸਨ।

ਚਰਨ ਕਮਲ ਸੰਗ ਆਰਤੀ ਕੋ ਗਾਵੈ ਜਬਿ।
ਕੀਰਤਨ ਭੋਗ ਤੇ ਕਰਤਿ ਅਰਦਾਸ ਕੋ।
ਹੋਤਿ ਹੀ ਪ੍ਰਭਾਤਿ ਆਹਿ ਬੈਠਤਿ ਦਿਵਾਨ ਵਿਖੈ।
ਬਾਜਤਿ ਰਬਾਬ ਸੋ ਮ੍ਰਿਦੰਗ ਧੁਨਿ ਠਾਨਿ ਤੇ ।[5]

ਸੋ ਗੁਰੂ ਹਰਿ ਰਾਇ ਸਾਹਿਬ ਜਿਥੇ ਵੀ ਗੁਰਮਤਿ ਪ੍ਰਚਾਰ ਲਈ ਜਾਂਦੇ ਜਾ ਕੇ ਕੀਰਤਨ ਦੇ ਦੀਵਾਨ ਲਗਾਉਂਦੇ ਸਨ ਅਤੇ ਰਾਗੀ ਸਿੰਘਾਂ ਕੋਲੋ ਕੀਰਤਨ ਸੁਣਦੇ ਸਨ :

ਹੋਤ ਬਿਲਾਵਲ ਚੌਂਕੀ ਫੇਰ॥ ਬਜਤਿ ਮ੍ਰਿਦੰਗ ਰਬਾਬ ਬਡੇਰ॥[6]

ਗੁਰੂ ਸਾਹਿਬ ਦੇ ਸਮੇਂ ਮੇਲਿਆਂ ਅਤੇ ਤਿਉਹਾਰਾਂ ਤੇ ਵੀ ਕੀਰਤਨ ਦਰਬਾਰ ਕਰਵਾਏ ਜਾਂਦੇ ਸਨ ਜਿਨ੍ਹਾਂ ਬਾਰੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ।

ਦੀਪ ਮਾਲ ਬੈਸਾਖੀ ਆਦਿ॥ ਮੇਲਾ ਹੋਤਿ ਸੰਤ ਸਬਾਦ॥
ਭਜਨ ਕੀਰਤਨ ਆਠੁਹ ਜਾਮ॥ ਕੈਤਿਕ ਲਿਵ ਲਾਗੀ ਸਤਿਨਾਮ॥
ਭਹੁ ਚਹੁ ਦਿਸ਼ਾ ਦੀਵਾਨ ਲਗਾਣ॥[7]

ਇਤਿਹਾਸ ਵਿੱਚ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਸਾਹਿਬ ਬਾਣੀ ਤੇ ਕੀਰਤਨ ਦਾ ਬਹੁਤ ਸਤਿਕਾਰ ਕਰਦੇ ਸਨ। ਇਕ ਵਾਰ ਕਾਬਲ ਦੀਆਂ ਸੰਗਤਾਂ ਕੀਰਤਨ ਕਰਦਿਆਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਈਆਂ ਗੁਰੂ ਸਾਹਿਬ ਗੁਰਬਾਣੀ ਦੀ ਆਵਾਜ਼ ਸੁਣਕੇ ਕਾਹਲੀ ਨਾਲ ਪਲੰਘ ਤੋਂ ਉਠੇ ਤੇ ਗੋਡਾ ਪਲੰਘ ਦੀ ਬਾਹੀ ਨਾਲ ਵੱਜਣ ਤੇ ਸੱਟ ਲੱਗ ਗਈ। ਸੰਗਤਾਂ ਨੇ ਕਿਹਾ ਗੁਰੂ ਸਾਹਿਬ ਆਪ ਗੁਰੂ ਨਾਨਕ ਦੀ ਜੋਤ ਹੋ ਇਸ ਲਈ ਬਾਣੀ ਵੀ ਤਾਂ ਆਪਦੀ ਹੈ। ਗੁਰੂ ਸਾਹਿਬ ਨੇ ਉਤਰ ਦਿੱਤਾ ਇਹ ਬਾਣੀ, ਧੁਰ ਦਰਗਾਹੋਂ ਆਈ ਹੈ। ਉਸ ਨਿਰੰਕਾਰ ਦੀ ਬਾਣੀ ਹੈ, ਇਸ ਲਈ ਬਾਣੀ ਦਾ ਸਾਨੂੰ ਸਤਿਕਾਰ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਨੇ ਸੰਗਤਾਂ ਦੀ ਹੱਥੀ ਸੇਵਾ ਤੇ ਬਾਣੀ ਦਾ ਸਤਿਕਾਰ ਸੰਗਤ ਨੂੰ ਸਿਖਾਇਆ। ਗੁਰੂ ਹਰਿ ਰਾਇ ਪਾਤਸ਼ਾਹ ਜੀ ਸਪੱਸ਼ਟ ਸ਼ਬਦਾਂ ਵਿਚ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ :

ਸੋ ਸਿਖ ਗੁਰਬਾਨੀ ਭੈ ਕਰੈ। ਬਿਨ ਪ੍ਰਯਾਸ ਭਵ ਸਾਗਰ ਤਰੈ।
ਜੋ ਗੁਰ ਭਗਤਿ ਸੋ ਸਿਖ ਹੈ ਮੇਰਾ। ਗੁਰਬਾਨੀ ਭੈ ਤਿਸੈ ਘਨੇਰਾ।
ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀਂ ਹਮਾਰਾ।[8]

ਗੁਰੂ ਹਰਿ ਰਾਇ ਸਾਹਿਬ ਨੇ ਉਪਰੋਕਤ ਅਨੁਸਾਰ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ ਅਤੇ ਉਚੇ ਆਚਰਣ ਵਾਲੇ ਸਿੱਖਾਂ ਨੂੰ ਗੁਰਮਤਿ ਸੰਗੀਤ ਦੀ ਵਿਦਿਆ ਦੇ ਕੇ ਕਈ ਥਾਵਾਂ ਤੇ ਕੀਰਤਨ ਗਾਇਨ ਲਈ ਭੇਜਿਆ। ਗੁਰੂ ਸਾਹਿਬ ਰਾਗਬੱਧ ਕੀਰਤਨ ਸੁਣਨ ਦੇ ਪ੍ਰੇਮੀ ਸਨ। ਗਿਆਨੀ ਗਿਆਨ ਸਿੰਘ ਗੁਰੂ ਸਾਹਿਬ ਦੀ ਮਾਲਵੇ ਦੇਸ਼ ਦੀ ਯਾਤਰਾ ਬਾਰੇ ਦੱਸਦੇ ਹਨ ਕਿ ਗੁਰੂ ਸਾਹਿਬ ਦੇ ਦਰਬਾਰ ਵਿੱਚ ਸਵੇਰੇ ਸ਼ਾਮ ਦੀਵਾਨ ਲੱਗਦੇ ਸਨ। ਭਾਈ ਜ਼ਸ ਦਰਿਆ, ਚਤਰਾ, ਨੱਥੂ ਆਦਿਕ ਰਬਾਬੀ ਇਕ ਵੇਲੇ ਚੌਂਕੀ ਕਰਨ ਤੇ ਦੂਜੇ ਵੇਲੇ ਭਾਈ ਸੇਵਾ, ਰੱਤਾ, ਪੰਜਾਬ ਆਦਿ ਕੀਰਤਨ ਕਰਨ, ਕਥਾ ਕੀਰਤਨ ਸਤਿਸੰਗ ਦਾ ਪ੍ਰਵਾਹ ਚਲਿਆ ਰਹੇ ਆਦਿ ਗੁਰੂ ਸਾਹਿਬ ਦੀ ਮਰਿਯਾਦਾ ਸੀ।[9]

ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਵੀ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ। ਆਪ ਸਵੇਰੇ ਅੰਮ੍ਰਿਤ ਵੇਲੇ ਉਠ ਗੁਰੂ ਸਾਹਿਬ ਜੀ ਦੀ ਹਜੂਰੀ ਵਿਚ ਪਾਠ ਸੁਣਦੇ ਫਿਰ ਗੁਰੂ ਘਰ ਦੇ ਰਾਗੀ, ਰਬਾਬੀ ਆ ਕੇ ਗੁਰਬਾਣੀ ਗਾਇਨ ਕਰਦੇ। ਕੀਰਤਨ ਦੀ ਸਮਾਪਤੀ ਤੋਂ ਬਾਦ ਆਪ ਗੁਰੂ ਸ਼ਬਦ ਦੀ ਕਥਾ ਕਰਦੇ ਤੇ ਸਮਾਪਤੀ ਉਪਰੰਤ ਸਭ ਸੰਗਤਾਂ ਬੈਠ ਪ੍ਰਸ਼ਾਦਾ ਛਕਦੀਆਂ। ਗੁਰੂ ਸਾਹਿਬ ਆਪ ਲੰਗਰ ਵਿਚ ਜਾ ਸੇਵਾ ਕਰਦੇ ਸ਼ਾਮ ਨੂੰ ਨੇਜਾ-ਬਾਜ਼ੀ, ਘੋੜ ਸਵਾਰੀ ਕਰਦੇ ਤੇ ਜੰਗੀ ਕਰਤਬ ਜੋਧੇ ਦਿਖਾਂਦੇ। ਸ਼ਾਮ ਦੇ ਦੀਵਾਨ ਲੱਗਦੇ ਗੁਰ ਸਾਖੀ ਹੁੰਦੀ ਤੇ ਸੋਦਰ ਦੀ ਚੌਂਕੀ ਰਾਗੀ ਸਿੰਘ ਵਲੋਂ ਲਗਾਈ ਜਾਂਦੀ ਸੀ। ਇਸ ਤਰ੍ਹਾਂ ਹੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਗੁਰਬਾਣੀ ਦੇ ਪ੍ਰਚਾਰ ਲਈ ਹੁਕਮਨਾਮੇ ਭੇਜੇ ਅਤੇ ਸੰਗਤਾਂ ਨੂੰ ਗੁਰਬਾਣੀ ਸੰਗ ਜੋੜਿਆ ਗੁਰੂ ਦੀਆਂ ਸੰਗਤਾਂ ਰੋਜ਼ਾਨਾ ਗੁਰੂ ਘਰ ਆਉਂਦੀਆਂ ਕੀਰਤਨ ਸੁਣਨ ਤੇ ਕਥਾ ਪਿਛੋਂ ਗੁਰੂ ਸਾਹਿਬ ਦਰਬਾਰ ਲਗਾਏ ਝਾਲਰ ਵਾਲੇ ਚੰਦੋਏ ਹੇਠਾਂ ਦਰਬਾਰ ਸਜਦਾ ਗੁਰੂ ਸਾਹਿਬ ਲਈ ਤਖ਼ਤ ਸਜਾਇਆ ਜਾਂਦਾ ਭੱਟ ਤੇ ਰਬਾਬੀ ਗੁਰ ਜੋਤ ਦੀ ਪਹਿਲਾਂ ਉਸਤਤੀ ਕਰਦੇ ਫਿਰ ਤਖ਼ਤ ਨਿਰੰਜਨੀ ਦੀ ਉਪਮਾ ਗਾਈ ਜਾਂਦੀ। ਵੇਲੇ ਦੀ ਚੌਂਕੀ ਅਨੁਸਾਰ ਕੀਰਤਨੀ ਜੱਥੇ ਵਲੋਂ ਰਾਗਾਂ ਤਹਿਤ ਗੁਰਬਾਣੀ ਦਾ ਗਾਇਨ ਤਾਰਾਂ ਵਾਲੇ ਸਾਜਾਂ ਨਾਲ ਕੀਤਾ ਜਾਂਦਾ। ਗੁਰੂ ਸਾਹਿਬ ਦੇ ਦਰਬਾਰ ਦੇ ਬਾਹਰ ਹਰ ਸਮੇਂ ਨਗਾਰਾ ਵਜਦਾ ਰਹਿੰਦਾ ਸੀ।

ਨੋਬਤ ਬਾਜਿਤ ਦਵਾਰ ਅਗਾਹੀ।[10]

ਜੋ ਦਰਬਾਰ ਸਾਹਿਬ ਦੀ ਸੋਭਾ ਵਧਾਉਂਦਾ ਸੀ ਤੇ ਇਕ ਅਧਿਆਤਮਕ ਮਾਹੌਲ ਪੈਦਾ ਕਰਦਾ ਸੀ।ਗੁਰੂ ਸਾਹਿਬ ਦੇ ਦਰਬਾਰ ਵਿੱਚ ਸੰਗਤਾਂ ਦੂਰੋਂ-ਦੂਰੋਂ ਸ਼ਰਧਾ ਪੂਰਵਕ ਨਤਮਸਤਕ ਹੋਣ ਲਈ ਆਉਂਦੀਆਂ।ਭਾਈ ਫ਼ਕੀਰੀਆਂ, ਭੋਲਾ, ਭੀਮਾ ਅਤੇ ਸੰਗਤਾਂ ਸਾਜ਼ ਇਕ ਖੜਤਾਲ ਤੇ ਘੁੰਗਰੂ ਲੈ ਗੁਰੂ ਸ਼ੋਭਾ ਸੁਣ ਕੀਰਤਪੁਰ ਸਾਹਿਬ ਆਏ ਗੁਰੂ ਸਾਹਿਬ ਨੇਜੀਵਨ ਅਜਾਹੀ ਨਾ ਗਵਾਉਣ ਦੇ ਬਚਨ ਕੀਤੇ ਅਤੇ ਸਿੱਖ ਮੱਤ ਦ੍ਰਿੜਾਇਐ ਕੀਰਤਨ ਸੰਗ ਜੋੜਿਆ ਤੇ ਉਹ ਹਮੇਸ਼ਾ ਹੀ ਗੁਰਬਾਣੀ ਤੇ ਸੰਗਤ ਨਾਲ ਜੁੜ ਗਏ।

ਗੁਰੂ ਤੇਗ ਬਹਾਦਰ ਸਾਹਿਬ ਜੀ (1664-1674) ਦਾ ਭਾਰਤੀ ਸੰਗੀਤ ਵਿਚ ਮਹੱਤਵਪੂਰਨ ਸਥਾਨ ਹੈ।ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 118 ਸ਼ਬਦ 16 ਰਾਗਾਂ ਵਿਚ ਦਰਜ ਹਨ।ਇਹ ਰਚਨਾਵਾਂ ਇਨ੍ਹਾਂ ਦੀ ਸੰਗੀਤਕ ਸੂਝ ਅਤੇ ਅਧਿਆਤਮਕ ਪਰਿਪੱਕਤਾ ਦਾ ਪ੍ਰਮਾਣ ਹਨ।ਗੁਰੂ ਗ੍ਰੰਥ ਸਾਹਿਬ ਵਿਚ ਰਾਗ ਜੈਜਾਵੰਤੀ ਅਧੀਨ ਆਪ ਦੁਆਰਾ ਰਚਿਤ ਬਾਣੀ ਵਿਸ਼ੇਸ਼ ਹੈ।ਆਪ ਨੇ ਬਾਣੀ ਲਈ ਪਦੇ, ਅਸਟਪਦੀਆਂ ਆਦਿ ਗੰਭੀਰ ਪ੍ਰਕ੍ਰਿਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ।ਗੁਰੂ ਸਾਹਿਬ ਨੇ ਰਾਗ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਹਿੰਡੋਲ , ਸਾਰੰਗ, ਜੈਜਾਵੰਤੀ ਰਾਗਾਂ ਵਿਚ ਬਾਣੀ ਉਚਾਰੀ।ਗੁਰੂ ਸਾਹਿਬ ਵਲੋਂ ਰਚਿਤ ਨੌਵੇਂ ਮਹਲੇ ਦੇ ਸਲੋਕ ਵੀ ਰਾਗ ਰਹਿਤ ਬਾਣੀ ਵਿਚ ਦਰਜ ਹਨ।ਗੁਰੂ ਸਾਹਿਬ ਵੇਲੇ ਮ੍ਰਿਦੰਗ ਸਾਜ਼ ਵੀ ਹੋਂਦ ਵਿਚ ਆ ਗਿਆ ਸੀ ਜਿਸ ਨੂੰ ਦਰਬਾਰ ਸਾਹਿਬ ਵਿਚ ਕੀਰਤਨ ਨਾਲ ਵਜਾਇਆ ਜਾਂਦਾ ਸੀ।ਗੁਰੂ ਸਾਹਿਬ ਨੇ ਆਪ ਹੱਥ ਵਿੱਚ ਮ੍ਰਿਦੰਗ ਸਾਜ਼ ਫੜ ਕੇ ਸੰਗਤਾਂ ਸੰਗ ਕੀਰਤਨ ਗਾਇਨ ਕੀਤਾ ਤੇ ਜਦੋਂ ਬੰਗਾਲ ਦੀ ਫੇਰੀ ਤੇ ਗਏ ਤਾਂ ਭਾਈ ਗੁਰਬਖਸ਼ ਨੂੰ ਜੋ ਬਹੁਤ ਸੁੰਦਰ ਕੀਰਤਨ ਗਾਇਨ ਕਰਦਾ ਸੀ,ਇਹ ਸਾਜ਼ ਬਖਸ਼ਿਆ ਜੋ ਅੱਜ ਵੀ ਗੁਰਦੁਆਰਾ ਮ੍ਰਿਦੰਗਵਲੀ ਵਿੱਚ ਸੁਸ਼ੋਭਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਸੰਗੀਤ ਦੀ ਪਰੰਪਰਾ ਵਿੱਚ ਵੱਡਮੁਲਾ ਯੋਗਦਾਨ ਪਾਇਆ।ਉਹ ਸੂਰਬੀਰ ਯੋਧੇ, ਸੰਤ ਕਵੀ ਤੇ ਮਹਾਨ ਸੰਗੀਤਕਾਰ ਸਨ।ਉਨ੍ਹਾਂ ਨੇ 19 ਰਾਗਾਂ ਦੇ ਅਧੀਨ ਬਾਣੀ ਦੀ ਰਚਨਾ ਜੋ ਦਸਮ ਗ੍ਰੰਥ ਵਿੱਚ ਦਰਜ ਹੈ।ਸੋ ਗੁਰੂ ਸਾਹਿਬ ਸੰਗੀਤ ਅਤੇ ਸਾਹਿਤ ਪ੍ਰਤੀ ਵਿਸ਼ੇਸ਼ ਲਗਾਉ ਰੱਖਦੇ ਸਨ।ਉਹਨਾਂ ਦੇ ਦਰਬਾਰ ਵਿੱਚ 52 ਕਵੀ ਰਹਿੰਦੇ ਸਨ ਜੋ ਗੁਰਮਤਿ ਆਸ਼ੇ ਅਨੁਸਾਰ ਕਵਿਤਾਵਾਂ ਰਚ ਕੇ ਇਤਿਹਾਸਕ ਯੋਗਦਾਨ ਪਾਉਂਦੇ ਸਨ।ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਵੇਰੇ ਸ਼ਾਮ ਭਾਈ ਸੱਦੂ ਮਦੂ ਦੋਵੇਂ ਭਰਾ ਆਸਾ ਦੀ ਵਾਰ ਦਾ ਗਾਇਨ ਕਰਦੇ ਸਨ। ਗੁਰੂ ਸਾਹਿਬ ਆਪ ਤਾਨਪੁਰਾ ਫੜ ਕੇ ਗੁਰਬਾਣੀ ਕੀਰਤਨ ਦਾ ਗਾਇਨ ਕਰਦੇ ਸਨ।ਆਪ ਨੇ ਇੱਕ ਨਵੀਨ ਸ਼ੈਲੀ 'ਖਿਆਲ' ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ।ਲੋਕ ਭਾਰਤੀ ਸੰਗੀਤ ਨੂੰ ਗੁਰੂ ਸਾਹਿਬ ਦੀ ਵਿਲੱਖਣ ਦੇਣ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕੁੱਝ ਭਗਤ ਕਵੀ ਜਿਨ੍ਹਾਂ ਵਿਚ ਭਗਤ ਜੈਦੇਵ (ਬੰਗਾਲ) 2 ਸ਼ਬਦ, ਸ਼ੇਖ ਫਰੀਦ (ਜ਼ਿਲ੍ਹਾ ਮੁਲਤਾਨ) 134 ਸ਼ਬਦ, ਭਗਤ ਨਾਮਦੇਵ 9(ਮਹਾਂਰਾਸ਼ਟਰ) 61 ਸ਼ਬਦ 18 ਰਾਗਾਂ ਵਿਚ, ਤ੍ਰਿਲੋਚਨ (ਮਹਾਂਰਾਸ਼ਟਰ) 4 ਸ਼ਬਦ, ਸੁਆਮੀ ਰਾਮਾਨੰਦ (ਸਿੰਧ ਵਿਚ, ਭਗਤ ਬੇਣੀ (ਸਿੰਧ ਇਲਾਕੇ) 3 ਸ਼ਬਦ, ਭਗਤ ਸਧਨਾ (ਸਿੰਧ ਇਲਾਕੇ) 1 ਸ਼ਬਦ, ਭਗਤ ਸੈਣ 1 ਸ਼ਬਦ ਧਨਾਸਰੀ ਰਾਗ, ਭਗਤ ਪੀਪਾ 1 ਸ਼ਬਦ ਧਨਾਸਰੀ ਰਾਗ, ਭਗਤ ਧੰਨਾ 3 ਸ਼ਬਦ ਆਸਾ ਤੇ ਧਨਾਸਰੀ ਵਿਚ, ਭੀਖਨ (ਲਖਨਊ ) 2 ਸ਼ਬਦਰਾਗ ਸੋਰਠਿ, ਰਵਿਦਾਸ (ਕਾਸ਼ੀ) 40 ਸ਼ਬਦ16 ਰਾਗਾਂ ਵਿਚ, ਪਰਮਾਨੰਦ 1 ਸ਼ਬਦ ਸਾਰੰਗ ਰਾਗ, ਭਾਈ ਸੁੰਦਰ-ਰਾਮਕਲੀ ਰਾਗ ਵਿਚ ਸ਼ਬਦ ਨਾਂ ਹੇਠ, ਭਾਈ ਬਲਵੰਡ-ਰਾਗ ਰਾਮਕਲੀ ਵਿਚ ਵਾਰ ਲਿਖੀ (ਪਹਿਲੀਆਂ ਪੰਜ ਪਉੜੀਆਂ), ਭਾਈ ਸੱਤਾ-ਰਾਮਕਲੀ ਰਾਗ ਵਿਚ (ਬਾਅਦ ਦੀਆਂ ਤਿੰਨ ਪਉੜੀਆਂ) ਅਤੇ ਇਸ ਦੇ ਨਾਲ ਭੱਟ ਕਵੀ ਕਲਸਹਾਰ (ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤ ਵਿਚ ਸਵੱਈਏ ਰਚੇ), ਜਾਲਪ (ਤੀਜੇ ਗੁਰੂ ਜੀ ਦੀ ਉਸਤਤ ਵਿਚ

ਪੰਜ ਸਵੱਈਏ ਰਚੇ) ਕੀਰਤ (ਤੀਜੇ ਅਤੇ ਚੌਥੇ ਗੁਰੂ ਜੀ ਸਾਹਿਬ ਦੀ ਉਸਤਤ ਵਿਚ 44 ਸਵੱਈਏ ਰਚੇ), ਭਿਖਾ (ਤੀਜੇ ਗੁਰੂ ਜੀ ਦੀ ਉਸਤਤ ਵਿਚ ਤਿੰਨ ਸਵੱਈਏ ਰਚੇ), ਸਲਯ ਤੀਜੇ ਗੁਰੂ ਜੀ ਦੀ ਉਸਤਤ ਵਿਚ ਇਕ ਅਤੇ ਚੌਥੇ ਗੁਰੂ ਦੀ ਉਪਮਾ ਵਿਚ ਦੋ ਸਵੱਈਏ, ਭਲਯ (ਇਕ ਸਵੱਈਆ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ ਲਿਖਿਆ), ਨਲਯ (ਗੁਰੂ ਰਾਮਦਾਸ ਜੀ ਦੀ ਉਸਤਤ ਵਿਚ 16 ਸਵੱਈਏ ਉਚਾਰੇ ਜੋ ਵੱਧ ਲੋਕਪ੍ਰਿਅ ਹਨ) ਗਯੰਦ (ਗੁਰੁ ਰਾਮਦਾਸ ਜੀ ਦੀ ਉਸਤਤ ਵਿਚ 13 ਸਵੱਈਏ ਰਚੇ, ਮਥੁਰਾ (ਮਹਲਾ ਚੌਥੇ ਅਤੇ ਪੰਜਵੇਂ ਦੀ ਉਸਤਤ ਵਿਚ ਸਵੱਈਏ ਰਚੇ), ਬਲਯ (ਮਹਲੇ ਚੌਥੇ ਅਤੇ ਪੰਜਵੇਂ ਦੀ ਉਸਤਤ ਵਿਚ ਸਵੱਈਏ ਰਚੇ, ਹਰਿਬੰਸ (ਗੁਰੂ ਅਰਜਨ ਸਾਹਿਬ ਦੀ ਉਸਤਤ ਵਿਚ ਦੋ ਸਵੱਈਏ) ਦੀ ਬਾਣੀ ਦਰਜ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਸੰਗੀਤਕ ਆਧਾਰ ਅਤੇ ਇਸ ਦਾ ਮਨੋਰਥ-ਸਿੱਖ ਧਰਮ ਵਿਚ ਸ਼ਬਦ ਕੀਰਤਨ ਦੀ ਸੰਯੁਕਤ ਪ੍ਰਸਤੁਤੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਰਗਤ ਇਕ ਨਿਸ਼ਚਿਤ ਪ੍ਰਬੰਧ ਦਾ ਧਾਰਨੀ ਬਣਾਇਆ ਗਿਆ ਹੈ।ਨਿਰਧਾਰਿਤ ਉਦੇਸ਼ ਦੀ ਪੂਰਤੀ ਨਿਸ਼ਚਿਤ ਸੰਗੀਤ ਪ੍ਰਬੰਧ ਅਧੀਨ ਕੀਤੇ ਜਾਣ ਵਾਲੇ ਗੁਰਬਾਣੀ ਗਾਇਨ ਨੂੰ ਹੀ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਨੇ ਇਸ ਗ੍ਰੰਥ ਦੀ ਸੰਪਾਦਨਾ ਦਾ ਆਧਾਰ ਗੁਰਮਤਿ ਸੰਗੀਤ ਨੂੰ ਬਣਾਇਆ ਇਸ ਵਿਚ ਸਮੁੱਚੀ ਬਾਣੀ 31 ਰਾਗਾਂ ਅਤੇ ਪ੍ਰਕਾਰਾਂ ਵਿਚ ਦਰਜ ਹੈ।ਹਰ ਰਾਗ ਵਿਚ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ, ਫਿਰ ਸੰਤ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ।ਰਾਗਾਂ ਅਨੁਸਾਰ ਇਸ ਦਰਜ ਬਾਣੀ ਨੂੰ ਵੱਖ ਵੱਖ ਸੰਗੀਤਕ ਸੰਕੇਤ ਅਤੇ ਸਿਰਲੇਖ ਅਧੀਨ ਗਾਇਨ ਕਰਨ ਦਾ ਆਦੇਸ਼ ਹੈ।ਰਾਗ ਮਹਲਾ, ਰਹਾਉ, ਬਾਣੀ ਰੂਪ ਜਾਂ ਗਾਇਨ ਰੂਪ, ਅੰਕ ਘਰਿ, ਜਤਿ, ਪੁੰਨ ਆਦਿ ਸੰਕੇਤ ਇਸ ਵਿਚ ਦਰਜ ਹਨ।ਗੁਰੂ ਸਾਹਿਬਾਨ ਨੇ ਕੀਰਤਨ ਰਾਹੀਂ ਇਹ ਸਾਰਾ ਸੰਦੇਸ਼ ਲੋਕਾਈ ਤਕ ਪਹੁੰਚਾਉਣ ਲਈ ਇਸ ਵਿਧਾਨ ਦੀ ਸਿਰਜਨਾ ਕੀਤੀ।ਗੁਰਮਤਿ ਸੰਗੀਤ ਪ੍ਰਬੰਧ ਅਤੇ ਸ਼ਬਦ ਕੀਰਤਨ ਦਾ ਅਨਿੱਖੜਵਾਂ ਸੰਬੰਧ ਹੈ, ਜਿਸ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ।ਗੁਰਮਤਿ ਸੰਗੀਤ ਅਤੇ ਕੀਰਤਨ ਦਾ ਤਨ ਅਤੇ ਰੂਹ ਵਾਲਾ ਰਿਸ਼ਤਾ ਹੈ।ਗੁਰਮਤਿ ਸੰਗੀਤ ਦਾ ਵਜੂਦ ਆਪਣੀ ਸੰਪੂਰਨਤਾ ਵਿਚ, ਗੁਰਬਾਣੀ ਕੀਰਤਨ ਦੇ ਵਿਉਹਾਰਕ ਢਾਂਚੇ ਤਕ ਸੀਮਤ ਹੈ, ਉਸ ਤੋਂ ਬਾਹਰ ਉਸ ਦੀ ਕੋਈ ਹੱਦ ਨਹੀਂ।ਗੁਰਮਤਿ ਸੰਗੀਤ ਦੀ ਕੇਂਦਰੀ ਇਕਾਈ ਸ਼ਬਦ ਹੈ ਅਤੇ ਗੁਰੁ ਸਾਹਿਬ ਨੇ ਸ਼ਬਦ ਦੇ ਸੰਚਾਰ ਲਈ ਜੋ ਮਾਧਿਅਮ ਅਪਣਾਇਆ ਉਹ ਸੰਗੀਤ ਹੈ।ਗੁਰੂ ਸਾਹਿਬਾਨ ਨੇ ਸ਼ਬਦ ਕੀਰਤਨ ਲਈ ਜੋ ਵਿਧਾਨ ਸਿਰਜਿਆ ਹੈ ਉਹ ਸ਼ਬਦ ਕੀਰਤਨ ਵਿਧਾਨ ਹੀ ਹੈ ਜੋ ਗੁਰਮਤਿ ਸੰਗੀਤ ਨੂੰ ਬਾਕੀ ਭਾਰਤੀ ਅਧਿਆਤਮਕ ਕੀਰਤਨ ਪਰੰਪਰਾਵਾਂ ਨਾਲੋਂ ਵੱਖਰਾ ਤੇ ਨਿਵੇਕਲਾ ਬਣਾਉਂਦਾ ਹੈ।ਗੁਰਮਤਿ ਸੰਗੀਤ ਦਾ ਸਰੋਤ ਗੁਰੂ ਗ੍ਰੰਥ ਸਾਹਿਬ ਜੀ ਹਨ।ਗੁਰੂ ਗ੍ਰੰਥ ਸਾਹਿਬ ਵਿਚ ਰਾਗ ਦੋ ਵਿਧੀਆਂ ਨਾਲ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕ ਤਤਕਰੇ ਅਧੀਨ ਅਤੇ ਦੂਸਰਾ ਸਾਧਾਰਨ ਪਾਠ ਰਾਹੀਂ।ਤਤਕਰੇ ਅਨੁਸਾਰ ਸਪਸ਼ਟ ਹੈ ਕਿ ਇਸ ਗ੍ਰੰਥ ਵਿਚ ਬਾਣੀਕਾਰਾਂ ਦੀ ਬਾਣੀ ਨੂੰ ਕੀਰਤਨ ਗਾਇਨ ਲਈ ਇਨ੍ਹਾਂ ਰਾਗਾਂ ਅਧੀਨ ਰੱਖਿਆ ਹੈ।ਇਨ੍ਹਾਂ 31 ਰਾਗਾਂ ਤੋਂ ਇਲਾਵਾ ਹੋਰ ਮਿਸ਼ਰਤ ਰਾਗ ਵੀ ਪ੍ਰਾਪਤ ਹੁੰਦੇ ਹਨ ਜੋ ਇਕ ਤੋਂ ਵੱਧ ਰਾਗਾਂ ਨੂੰ ਮਿਲਾ ਕੇ ਬਣਦੇ ਹਨ।ਗੁਰੂ ਗ੍ਰੰਥ ਸਾਹਿਬ ਵਿਚ ਹੀ ਕੀਰਤਨ ਲਈ ਵੱਖ-ਵੱਖ ਰੂਪ ਹਰ ਸ਼ਬਦ ਉਤੇ ਸਿਰਲੇਖ ਰੂਪ ਵਿਚ, ਰਾਗ ਮਹਲਾ ਦੇ ਨਾਲ ਦਿੱਤੇ ਹਨ।ਇਨ੍ਹਾਂ ਦੇ ਦੋ ਪ੍ਰਕਾਰ ਹਨ-ਸ਼ਾਸਤਰੀ ਅੰਗ ਦੇ ਬਾਣੀ ਦੇ ਰੂਪ ਜਿਵੇਂ ਅਸਟਪਦੀ, ਪਦੇ, ਪੜਤਾਲ ਅਤੇ ਲੋਕ ਰੰਗ ਦੇ ਬਾਣੀ ਰੂਪ-ਵਾਰ, ਛੰਤ, ਘੋੜੀਆਂ, ਅਲਾਹੁਣੀਆਂ, ਬਾਰਹਮਾਹ, ਪਹਰੇ, ਮੁੰਦਾਵਣੀ ਆਦਿ।ਇਨ੍ਹਾਂ ਬਾਣੀ ਰੂਪਾਂ ਨੂੰ ਗੁਰਮਤਿ ਸੰਗੀਤ ਵਿਧੀ ਅਨੁਸਾਰ ਗਾਇਨ ਕਰਨ ਦਾ ਆਦੇਸ਼ ਗੁਰੂ ਸਾਹਿਬ ਨੇ ਸਾਨੂੰ ਦਿੱਤਾ ਹੈ।ਕੀਰਤਨ ਕਰਨ ਲਈ ਰਹਾਉ ਦੀ ਤੁਕ ਨੂੰ ਸਥਾਈ ਬਣਾ ਕੇ ਗਾਇਨ ਕਰਨਾ ਜ਼ਰੂਰੀ ਹੈ ਕਿਉਂਕਿ ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੈ।ਜਿਨ੍ਹਾਂ ਸ਼ਬਦਾਂ ਵਿਚ ਇਕ ਤੋਂ ਵੱਧ ਰਹਾਉ ਦਿੱਤੇ ਹਨ,ਉਨ੍ਹਾਂ ਦਾ ਅਰਥ ਸਮਝ ਕੇ

ਰਹਾਉ ਦੀ ਤੁਕ ਨੂੰ ਸਥਾਈ ਬਣਾਉਣਾ ਹੈ ਤੇ ਬਾਕੀ ਰਹਾਉ ਦਾ ਗਾਇਨ ਸੰਬੰਧਤ ਅੰਤਰਿਆਂ ਦੇ ਪਿੱਛੋਂ ਕਰਨਾ ਹੈ। ਬਾਣੀ ਦੇ ਸ਼ਬਦ ਪਿੱਛੇ ਦਿੱਤੇ ਅੰਕ ਅੰਤਰੇ ਦਾ ਪ੍ਰਤੀਕ ਹਨ। ਸਥਾਈ ਤੋਂ ਪਿੱਛੋਂ ਇਕ ਅੰਤਰਾ ਤੇ ਫਿਰ ਸਥਾਈ ਦਾ ਗਾਇਨ ਲਾਜ਼ਮੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਾਗ,ਰਹਾਉ ਤੋਂ ਬਿਨ੍ਹਾਂ ਹੋਰ ਵੀ ਸੰਗੀਤਕ ਸੰਕੇਤ ਦਿੱਤੇ ਗਏ ਹਨ ਜਿਵੇਂ ਘਰੁ, ਜਤਿ, ਸੁਧ ਆਦਿ। ਇਨ੍ਹਾਂ ਸੰਗੀਤਕ ਸੰਕੇਤਾਂ ਦਾ ਵੀ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਵੱਲੋਂ ਕੀਰਤਨ ਗਾਇਨ ਕਰਨ ਵੇਲੇ ਕੁੱਝ ਜ਼ਰੂਰੀ ਫ਼ਰਮਾਨ ਬਾਣੀ ਵਿਚ ਦਰਜ ਹਨ:

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥1॥[11]
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥[12]

ਇਸ ਤਰ੍ਹਾਂ ਗੁਰਮਤਿ ਕੀਰਤਨ ਵਿਚ ਕਲਾ ਦੇ ਅਡੰਬਰ, ਵਿਖਾਵਾ, ਆਕਰਸ਼ਣ, ਕਾਮ, ਕਰੋਧ, ਲੋਭ, ਹੰਕਾਰ ਦਾ ਤਿਆਗ ਜਰੂਰੀ ਹੈ। ਇਹ ਸ਼ਬਦ ਪ੍ਰਧਾਨ ਗਾਇਕੀ ਹੈ ਕਿਉਂਕਿ ਕੀਰਤਨਹਾਰੇ ਨੇ ਸ਼ਬਦ ਦਾ ਗਾਇਨ ਕਰਕੇ ਸੰਗਤ ਨੂੰ ਗੁਰੂ ਨਾਲ ਜੋੜਨਾ ਹੈ। ਜਿਉਂ ਜਿਉਂ ਅਸੀਂ ਗੁਰਮਤਿ ਸੰਗੀਤ ਦੇ ਅਨੁਸਾਰੀ ਹੋ ਕੇ ਗੁਰੂ ਸਾਹਿਬ ਦੀ ਨਿਰਧਾਰਤ ਕੀਰਤਨ ਪ੍ਰਣਾਲੀ ਅਨੁਸਾਰ ਕੀਰਤਨ ਕਰਾਂਗੇ ਤਾਂ ਸਾਨੂੰ ਆਪਣੇ ਆਪ ਹੀ ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਸੂਝ ਬਾਰੇ ਚਾਨਣਾ ਹੋਵੇਗਾ। ਜੇ ਸਿੱਖ ਕੀਰਤਨ ਅੱਜ ਰਾਗ ਅਧਾਰਤ ਨਾ ਹੁੰਦਾ ਤਾਂ ਸ਼ਾਇਦ ਪੰਜਾਬ ਦੇ ਦਿਮਾਗੀ ਤੌਰ 'ਤੇ ਸੁਚੇਤ ਤਬਕੇ ਵਿਚ ਅਤੇ ਸਿੱਖ ਸਮਾਜ ਵਿਚ ਸੰਗੀਤ ਦਾ ਨਾਮ ਨਿਸ਼ਾਨ ਹੀ ਨਾ ਹੁੰਦਾ। ਸਿੱਖ ਸਮਾਜ ਦੀ ਸੰਗੀਤ ਨੂੰ ਇਕ ਜਿਊਂਦੀ ਪਰੰਪਰਾ ਵਿਚ ਕਾਇਮ ਰੱਖਣ ਦੀ ਇਹ ਵੱਡੀ ਦੇਣ ਹੈ। ਪਿਛਲੇ ਸਮੇਂ ਵਿਚ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਅਨੁਸਾਰ ਗਾਇਨ ਕਰਨ ਵਾਲੇ ਕੀਰਤਨੀਏ ਨੂੰ ਉਤਸ਼ਾਹਤ ਕੀਤਾ ਜਾਂਦਾ ਸੀ। ਚੀਫ਼ ਖ਼ਾਲਸਾ ਦੀਵਾਨ ਵਲੋਂ ਹਰ ਸਾਲ ਕਰਵਾਈ ਜਾਂਦੀ ਕਾਨਫਰੰਸ ਵਿਚ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਵਿਸ਼ੇਸ਼ ਸਨਮਾਨ ਅਤੇ ਇਨਾਮ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਤੇ ਕੀਰਤਨ ਦਰਬਾਰ ਹੁੰਦਾ ਹੈ ਜਿਸ ਵਿਚ ਰਾਗੀ ਅਤੇ ਰਬਾਬੀ ਅਤੇ ਗੈਰ-ਸਿੱਖ ਉਚੇ ਸੰਗੀਤਕਾਰ ਵੀ ਕੀਰਤਨ ਕਰਦੇ ਹਨ। ਹੁਣ ਅੱਜ ਦੇ ਸਮੇਂ ਵਿਚ ਕੀਰਤਨ ਦਰਬਾਰ ਬਹੁਤ ਹੋ ਰਹੇ ਹਨ ਪਰ ਉਨ੍ਹਾਂ ਦਾ ਮਨੋਰਥ ਗੁਰਮਤਿ ਕੀਰਤਨ ਪ੍ਰਚਾਰ ਨਹੀਂ ਹੈ। ਇਨ੍ਹਾਂ ਕੀਰਤਨ ਦਰਬਾਰਾਂ ਵਿਚ ਰਾਗੀ ਸਿੰਘ ਨਾ ਤਾਂ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਦੇ ਹਨ ਅਤੇ ਨਾ ਹੀ ਸ਼ਬਦ ਦੀ ਰਹਾਉ ਦੀ ਤੁਕ ਨੂੰ ਸਥਾਈ ਬਣਾ ਕੇ ਗਾਇਨ ਕਰਦੇ ਹਨ। ਬਹੁਤੇ ਰਾਗੀ ਕੀਰਤਨ ਕਰਕੇ ਸਰੋਤਿਆਂ ਵਿਚੋਂ ਰਾਗ ਪ੍ਰਤੀ ਲਗਾਉ ਨੂੰ ਸਮਾਪਤ ਕਰਨ ਵਿਚ ਜੁੜੇ ਹੋਏ ਹਨ ਤੇ ਧਾਰਨਾ ਵਿੱਚ ਸ਼ਬਦ ਪੜ੍ਹਦੇ ਹਨ। ਹੁਣ ਕੀਰਤਨੀਏ ਕਮਰਸ਼ੀਅਲ ਹੋ ਗਏ ਹਨ, ਜਿਸ ਢੰਗ ਨਾਲ ਪੈਸਾ ਮਿਲੇ ਉਸ ਢੰਗ ਨਾਲ ਹੀ ਕੀਰਤਨ ਕਰਦੇ ਹਨ। ਜਿਹੜੇ ਕੀਰਤਨੀਏ ਆਪਣੀ ਮਸ਼ਹੂਰੀ ਲਈ ਕੀਰਤਨ ਕਰਦੇ ਹਨ ਉਨ੍ਹਾਂ ਦਾ ਕੀਰਤਨ ਟਕਸਾਲੀ ਨਹੀਂ ਹੁੰਦਾ। ਹਾਂ, ਉਹ ਗਾਇਕ ਪੱਖੋਂ ਵਧੇਰੇ ਕਾਮਯਾਬ ਹਨ। ਜੇਕਰ ਪ੍ਰੋਫੈਸ਼ਨਲ ਕੀਰਤਨੀਏ ਗੁਰਮਤਿ ਸੰਗੀਤ ਵਿੱਦਿਆ ਤੋਂ ਦੂਰ ਭੱਜੀ ਜਾਣਗੇ ਤਾਂ ਉਹ ਵੀ ਗੁਰੂ ਦੇ ਦੇਣਹਾਰ ਹੋਣਗੇ। ਸੋ ਕੀਰਤਨੀਆਂ ਦੀ ਵਿੱਦਿਆ ਦੀ ਉੱਨਤੀ ਲਈ ਸਮੂਹ ਪੰਥਕ

ਆਗੂ, ਗੁਰਦੁਆਰਾ ਕਮੇਟੀਆਂ ਤੇ ਹੋਰ ਮੁੱਖੀ ਸੱਜਣਾਂ ਤੇ ਕੀਰਤਨੀਆਂ ਨੂੰ ਰਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਇਹਨਾਂ ਦੀਆਂ ਗੁਰਮਤਿ ਕੀਰਤਨ ਪ੍ਰਤੀ ਵਰਕਸ਼ਾਪਾਂ ਲਗਾ ਕੇ ਇਹਨਾਂ ਨੂੰ ਰਾਗ, ਸ਼ਬਦ, ਤਾਲ ਨਾਲ ਜੋੜਨਾ ਚਾਹੀਦਾ ਹੈ।

ਹੁਣ ਲੋੜ ਹੈ ਸਿੱਖ ਸੰਸਥਾਵਾਂ ਨੂੰ ਆਪਣੇ ਵਿਰਸੇ ਨੂੰ ਬਚਾਉਣ ਦੀ ਅਤੇ ਗੁਰਬਾਣੀ ਨੂੰ ਠੀਕ ਢੰਗ ਨਾਲ ਪ੍ਰਚਾਰ ਕਰਨ ਲਈ ਯੋਗ ਕੀਰਤਨੀਆਂ ਨੂੰ ਅੱਗੇ ਲਿਆਉਣ ਦੀ। ਉਨ੍ਹਾਂ ਦੀ ਰੋਜ਼ੀ ਰੋਟੀ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਗੁਰੂ ਸਾਹਿਬ ਦੀ ਗੁਰਮਤਿ ਸੰਗੀਤ ਪੱਧਤੀ ਅਨੁਸਾਰ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ ਤਾਂ ਕਿ ਅਸੀਂ ਸੰਗਤਾਂ ਸਾਹਮਣੇ ਪੰਜਾਬ ਵਿਚ ਹੀ ਨਹੀਂ, ਸਗੋਂ ਬਾਹਰ ਰਹਿੰਦੇ ਗੁਰਮਤਿ ਸੰਗੀਤ ਪ੍ਰੇਮੀਆਂ ਲਈ ਕੀਰਤਨ ਦਾ ਇਕ ਰੋਲ ਮਾਡਲ ਕਾਇਮ ਕਰ ਸਕੀਏ। ਅੱਜਕੱਲ੍ਹ ਹਰਿਮੰਦਰ ਸਾਹਿਬ ਤੋਂ ਵੀ ਕੁੱਝ ਕੁ ਰਾਗੀ ਸਿੰਘ ਨਿਰਧਾਰਤ ਰਾਗਾਂ ਅਤੇ ਟਕਸਾਲੀ ਢੰਗ ਨਾਲ ਕੀਰਤਨ ਗਾਇਨ ਕਰਦੇ ਸੁਣੇ ਜਾਂਦੇ ਹਨ। ਤੰਤੀ ਸਾਜ਼ ਰਬਾਬ, ਸਾਰੰਦਾ ਤੇ ਤਾਊਸ ਵੀ ਕੀਰਤਨ ਗਾਇਨ ਵੇਲੇ ਨਾਲ ਵੱਜਦੇ ਹਨ। ਇਹ ਬਹੁਤ ਵੱਡਾ ਉਪਰਾਲਾ ਹੈ, ਇਸ ਵਲ ਹੋਰ ਧਿਆਨ ਦੇਣ ਦੀ ਲੋੜ ਹੈ। ਸਮੇਂ ਸਮੇਂ ਪੁਰਾਤਨ ਬਜ਼ੁਰਗ ਕੀਰਤਨੀਏ ਭਾਈ ਬਲਬੀਰ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਵੀ ਦਰਬਾਰ ਸਾਹਿਬ ਕੀਰਤਨ ਗਾਇਨ ਕਰਦੇ ਸਨ ਜੋ ਸਾਡੇ ਲਈ ਪ੍ਰੇਰਨਾ ਸਰੋਤ ਹਨ। ਹੁਣ ਤਾਂ ਸਾਡੇ ਕੀਰਤਨੀਆਂ ਦੇ ਕੋਲ ਡਾ.ਗੁਰਨਾਮ ਸਿੰਘ, ਸ੍ਰ.ਗਿਆਨ ਸਿੰਘ,ਭਾਈ ਅਵਤਾਰ ਸਿੰਘ, ਸ੍ਰ.ਗੁਰਚਰਨ ਸਿੰਘ, ਭਾਈ ਬਲਦੀਪ ਸਿੰਘ, ਡਾ. ਜਸਬੀਰ ਕੌਰ, ਪ੍ਰੋ. ਕਰਤਾਰ ਸਿੰਘ ਤੇ ਪ੍ਰੋ.ਤਾਰਾ ਸਿੰਘ ਜੀ ਦੀਆਂ ਪੁਸਤਕਾਂ ਹਨ। ਇਨ੍ਹਾਂ ਤੋਂ ਵੀ ਕੀਰਤਨੀਏ ਸਵਰਲਿਪੀ ਅਨੁਸਾਰ ਸ਼ਬਦ ਕੱਢ ਕੇ ਲਾਭ ਉਠਾ ਸਕਦੇ ਹਨ ਅਤੇ ਕੀਰਤਨ ਪ੍ਰਤੀ ਜਾਣਕਾਰੀ ਹਾਸਲ ਕਰ ਸਕਦੇ ਹਨ। ਜਵੱਦੀ ਕਲਾਂ ਟਕਸਾਲ ਵੱਲੋਂ ਹਰ ਸਾਲ ਕਰਵਾਏ ਜਾਂਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀਆਂ ਆਡਿਓ ਵੀਡੀਓ ਕੈਸਟਾਂ ਤੋਂ ਵੀ ਗੁਰੂ ਕੇ ਕੀਰਤਨੀਏ ਅਤੇ ਗੁਰਮਤਿ ਸੰਗੀਤ ਦੇ ਵਿਦਿਆਰਥੀ ਅਤੇ ਸਿਖਿਆਰਥੀ ਲਾਭ ਉਠਾ ਸਕਦੇ ਹਨ। ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਤੇ ਹੋਰ ਵਿਦਿਅਕ ਸੰਸਥਾਵਾਂ ਜਿਹੜੀਆਂ ਇਸ ਕਾਰਜ ਲਈ ਵਚਨਬੱਧ ਹਨ, ਸੰਗੀਤ ਸੰਮੇਲਨ ਕਰਾਉਣ, ਗੁਰਮਤਿ ਸੰਗੀਤ ਵਰਕਸ਼ਾਪ ਲਾਉਣ, ਗੁਰਮਤਿ ਸੰਗੀਤ ਦੇ ਵਿਸ਼ੇ ਤੇ ਕਾਨਫਰੰਸ ਕਰਵਾਉਣ ਤਾਂ ਜੋ ਉਹ ਆਪਣੇ ਅੱਜ ਦੇ ਕੀਰਤਨੀਆਂ ਨੂੰ ਨਿਰਧਾਰਿਤ ਰਾਗਾਂ ਅਤੇ ਰਹਾਉ ਦੀ ਤੁਕ ਨੂੰ ਸਥਾਈ ਬਣਾ ਕੇ ਗਾਇਨ ਕਰਨ ਦਾ ਆਦੇਸ਼ ਦੇਣ ਤਾਂ ਹੀ ਗੁਰਮਤਿ ਸੰਗੀਤ ਦੀ ਗਾਇਨ ਸ਼ੈਲੀ ਅਤੇ ਰਾਗ ਕਾਇਮ ਰਹਿ ਸਕਦਾ ਹੈ।

ਪਿਛਲੇ ਸਮੇਂ ਦੌਰਾਨ ਜੋ ਕੀਰਤਨੀਏ ਸਿੰਘ ਗੁਰੂ ਸਾਹਿਬਾਨ ਦੀ ਮਰਯਾਦਾ ਅਨੁਸਾਰ ਗੁਰਮਤਿ ਸੰਗੀਤ ਦੀ ਨਿਰਧਾਰਤ ਰਾਗ ਪ੍ਰਣਾਲੀ ਅਨੁਸਾਰ ਕੀਰਤਨ ਕਰਦੇ ਸਨ, ਉਨ੍ਹਾਂ ਵਿਚੋਂ ਬਾਬਾ ਪੁਸਕਰਾ ਸਿੰਘ ਜੀ ਪਟਿਆਲਾ, ਬਾਬਾ ਸੁਰ ਸਾਗਰ ਜੀ, ਬਾਬਾ ਵਸਾਵਾ ਸਿੰਘ, ਬਾਬਾ ਰੰਗੀ ਰਾਮ ਸਿੰਘ, ਬਾਬਾ ਜਵਾਲਾ ਸਿੰਘ, ਭਾਈ ਹਰਨਾਮ ਸਿੰਘ, ਬਾਬਾ ਗੁਰਮੱਖ ਸਿੰਘ, ਬਾਬਾ ਸੇਵਾ ਸਿੰਘ, ਭਾਈ ਪ੍ਰਤਾਪ ਸਿੰਘ ਧਰਮਕੋਟੀਏ, ਬਾਬਾ ਜਵਾਲਾ ਸਿੰਘ ਦੇ ਪਹਿਲੇ ਉਸਤਾਦ ਬਾਬਾ ਸ਼ਰਧਾ ਸਿੰਘ, ਬਾਬਾ ਸ਼ਾਮ ਸਿੰਘ,ਭਾਈ ਚਾਂਦ, ਭਾਈ ਤਾਬਾ, ਭਾਈ ਸੰਤਾ ਸਿੰਘ, ਭਾਈ ਮੋਤਾ, ਭਾਈ ਸਮੁੰਦ ਸਿੰਘ, ਭਾਈ ਦੇਸਾ, ਭਾਈ ਸਤੂ, ਭਾਈ ਨਸੀਰਾ ਤੇ ਭਾਈ ਸੁਰਜਨ ਸਿੰਘ, ਭਾਈ ਧਰਮ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਤੇ ਭਾਈ ਨਿਰਮਲ ਸਿੰਘ ਨੇ ਮਰਯਾਦਾ ਅਨੁਸਾਰ ਕੀਰਤਨ ਸਿੱਖਿਆ ਅਤੇ ਗੁਰੂ ਸਾਹਿਬ ਦੀ ਚਲਾਈ ਹੋਈ ਨਿਰਧਾਰਤ ਕੀਰਤਨ ਪ੍ਰਣਾਲੀ ਅਨੁਸਾਰ ਕੀਰਤਨ ਦੀ ਸੇਵਾ ਨਿਭਾਈ। ਅੱਜ ਕੱਲ ਦੇ ਰਾਗੀ ਸਿੰਘਾਂ ਤੇ ਰਬਾਬੀ ਕੀਰਤਨੀਆਂ ਨੂੰ ਇਨ੍ਹਾਂ ਵਿਦਵਾਨ ਕੀਰਤਨੀਆਂ ਦੀਆਂ ਜੀਵਨੀਆਂ ਤੇ ਕੀਰਤਨ ਪ੍ਰਤੀ ਸ਼ਰਧਾ ਤੇ ਘਾਲਣਾ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਤੇ ਰਾਗਾਂ ਵਿਚ ਕੀਰਤਨ ਕਰਨਾ ਚਾਹੀਦਾ ਹੈ।

## ਹਵਾਲੇ ਅਤੇ ਟਿੱਪਣੀਆਂ


1) ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 38
2) ਗੁਰੂ ਗ੍ਰੰਥ ਸਾਹਿਬ, ਪੰਨਾ 967
3) ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 18
4) ਪੰਥ ਪ੍ਰਕਾਸ਼, ਪੰਨਾ 92
5) ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 3544
6) ਉਹੀ, ਪੰਨਾ 3814
7) ਉਹੀ, ਪੰਨਾ 3812
8) ਉਹੀ, ਪੰਨਾ 3345
9) ਤਵਾਰੀਖ ਗੁਰੂ ਖਾਲਸਾ, ਪੰਨਾ 603
10) ਅਸ਼ਟਮ ਬਲਬੀਰਾ, ਪ੍ਰਿੰਸੀਪਲ ਸਤਿਬੀਰ ਸਿੰਘ, ਪੰਨਾ 80
11) ਗੁਰੂ ਗ੍ਰੰਥ ਸਾਹਿਬ, ਆਸਾ ਕਬੀਰ ਜੀ, ਪੰਨਾ 478
12) ਗੁਰੂ ਗ੍ਰੰਥ ਸਾਹਿਬ, ਸਿਰੀ ਰਾਗੁ ਮ.3, ਪੰਨਾ 68

Vidiya Sagar Patrika, Multilingual Biannual Peer Reviewed Journal, December 2023, Vol.-V Issue- II ISSN 2583-746X

# ਗੁਰੂ ਅਰਜਨ ਦੇਵ ਜੀ : ਸ਼ਹਾਦਤ ਤੇ ਜੀਵਨ ਦਰਸ਼ਨ

**ਮਨਮੋਹਨ ਸਿੰਘ**

**ਅਮੂਰਤ**

ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚੈਤਾ, ਬਾਣੀ ਦੇ ਬੋਹਿਥ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ, ਨਾਮਬਾਣੀ ਤੇ ਭਗਤੀ ਵਿਚ ਵਿਲੀਨ, ਹਰਿਮੰਦਰ ਸਾਹਿਬ ਅਤੇ ਤਰਨਤਾਰਨ ਸਾਹਿਬ ਦੇ ਸਿਰਜਣਹਾਰ, ਕਰਤਾਰਪੁਰ (ਜਲੰਧਰ) ਨੂੰ ਵਸਾਉਣ ਵਾਲੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਤੀਜੇ ਸਪੁੱਤਰ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ।ਇਨ੍ਹਾਂ ਦੀ ਮਾਤਾ ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਬੇਟੀ ਸੀ।ਗੁਰੂ ਅਰਜਨ ਦੇਵ ਜੀ ਦੇ ਦੋ ਭਰਾ ਸਨ; ਪ੍ਰਿਥੀ ਚੰਦ ਤੇ ਬਾਬਾ ਮਹਾਦੇਵ।ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ, ਧੀਰਜਵਾਨ, ਨਿਮਰ, ਆਤਮ ਰਸੀਏ, ਦਿਆਲੂ "ਬ੍ਰਹਮ ਗਿਆਨੀ ਆਪਿ ਪਰਮੇਸੁਰ' ਸਰੂਪ ਸਨ।ਉਨ੍ਹਾਂ ਦਾ ਜੀਵਨ ਵੇਰਵਾ ਉਨ੍ਹਾਂ ਦੇ ਜੀਵਨ ਦਰਸ਼ਨ ਤੱਕ ਪਹੁੱਚਣ ਦਾ ਮਾਰਗ ਬਣਦਾ ਹੈ ਕਿ ਕਿਵੇਂ ਉਹ ਸ਼ਹਾਦਤ ਤੱਕ ਦੇ ਉੱਚਤਮ ਜਜਬੇ ਨੂੰ ਨਿਭਾਉਂਦੇ ਹਨ।

**ਕੁੰਜੀ ਸ਼ਬਦ:** ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ, ਨਾਮ ਸਿਮਰਨ ਧਾਰਨੀ, ਆਤਮਿਕ ਗਿਆਨ ਦੀ ਪ੍ਰਾਪਤੀ।

ਗੁਰੂ ਅਰਜਨ ਦੇਵ ਜੀ ਦੀ ਉਸਤਤਿ 'ਚ ਗੁਰੂ ਗ੍ਰੰਥ ਸਾਹਿਬ ਵਿਚ (ਅੰਗ 1406 ਤੋਂ 1409) ਭੱਟਾਂ ਦੇ ਸਵੱਯੇ ਦਰਜ ਹਨ ਜਿਨ੍ਹਾਂ ਦਾ ਭਾਵ ਹੈ ਸੰਸਾਰ ਦੇ ਦੁੱਖਾਂ ਦੇ ਆਵਾਗਮਨ ਤੋਂ ਮੁਕਤੀ ਲਈ ਗੁਰੂ ਅਰਜਨ ਦੇਵ ਜੀ ਦੀ ਅਰਾਧਨਾ ਸਹਾਈ ਹੈ:

ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ [1]

ਭੱਟ ਗੁਰੂ ਅਰਜਨ ਦੇਵ ਜੀ ਦੇ ਹੋਰ ਗੁਣਾਂ ਦਾ ਗਾਇਨਵਿਖਿਆਨ ਕਰਦੇ :

ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥ [2]

ਗੁਰੂ ਅਰਜਨ ਦੇਵ ਹਰ ਭੈਅ ਤੇ ਦੁਖ ਦਰਦ ਤੋਂ ਨਿਜਾਤ ਦਿਵਾਉਣ ਵਾਲੇ ਹਨ :

ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ॥ [3]

ਕਲਯੁਗ ਵਿਚ ਜਗਤ ਦਾ ਉਧਾਰ ਕਰਨ ਅਤੇ ਲੋਕਾਈ ਨੂੰ ਤਾਰਨ ਲਈ ਗੁਰੂ ਅਰਜਨ ਦੇਵ ਜੀ 'ਬਾਣੀ ਦੇ ਬੋਹਿਥ' ਹਨ।ਉਹ ਬਹਾਦਰ ਅਤੇ ਦ੍ਰਿੜ ਨਿਸ਼ਚੇ ਵਾਲੇ ਹਨ।ਉਹ ਮੈਦਾਨ ਛੱਡਣ ਵਾਲੇ ਨਹੀਂ "ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ"।ਉਨ੍ਹਾਂ ਦੇ ਹੱਥ ਵਿਚ ਪ੍ਰਭੂ ਦੇ ਨਾਮ ਦਾ ਸ਼ਸਤਰ ਹੈ।ਭੱਟਾਂ ਨੇ ਗੁਰੂ ਸਾਹਿਬ ਨੂੰ "ਪਰਤਖੁ ਹਰਿ" ਕਿਹਾ ਹੈ।ਗੁਰੂ ਜੀ ਦਾ ਇਹੋ ਜਿਹਾ ਵਿਅਕਤਿੱਤਵ ਹੈ, ਜਿਨ੍ਹਾਂ ਦੀ ਤੱਕਣੀ ਨਾਲ ਪਾਪਾਂ ਦਾ ਨਾਸ ਅਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ।ਭੱਟ ਮਥਰਾ ਦਾ ਕਹਿਣਾ ਹੈ ਕਿ ਵਾਹਿਗੁਰੂ ਦੀ ਜੋਤ ਜਦੋਂ ਸੰਸਾਰ 'ਤੇ ਪ੍ਰਕਾਸ਼ਮਾਨ ਹੋਈ ਤਾਂ ਉਸਨੂੰ ਬਾਬਾ ਨਾਨਕ ਦੇ ਨਾਂ ਨਾਲ ਜਾਣਿਆ ਗਿਆ ਤੇ ਸੰਸਾਰ ਵਿਚ ਇਹ ਜੋਤ ਫਿਰ ਪੰਜਵੇਂ ਗੁਰੂ ਰਾਹੀਂ ਰੂਪਮਾਨ ਅਤੇ ਸਾਕਾਰ ਹੋਈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥[4]

ਇੰਝ ਜੋਤਿ ਤੋਂ ਹੀ ਜੋਤਿ ਪ੍ਰਕਾਸ਼ਮਾਨ ਹੁੰਦੀ ਚਲੀ ਆਈ ਹੈ :

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥[5]

ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ, ਧੀਰਜਵਾਨ, ਨਿਮਰ, ਆਤਮ ਰਸੀਏ, ਦਿਆਲੂ "ਬ੍ਰਹਮ ਗਿਆਨੀ ਆਪਿ ਪਰਮੇਸੁਰ' ਸਰੂਪ ਸਨ। ਉਨ੍ਹਾਂ ਦਾ ਵੱਡਾ ਭਰਾ ਪ੍ਰਿਥੀ ਚੰਦ ਦੁਨਿਆਵੀ ਬੰਦਾ ਅਤੇ ਚਤੁਰ ਬੁੱਧੀ ਵਾਲਾ ਸੀ। ਉਸ ਦੇ ਮਨ 'ਚ ਗੁਰੂ ਗੱਦੀ ਦੀ ਅਕਾਂਖਿਆ ਸੀ। ਦੂਜਾ ਭਰਾ ਬਾਬਾ ਮਹਾਦੇਵ ਤਿਆਗੀ, ਨਿਰਲੇਪ ਤੇ ਉਦਾਸੀਨ ਭਾਵ ਵਾਲੇ ਸਨ। ਗੁਰੂ ਰਾਮਦਾਸ ਜੀ ਨੇ ਆਪਣੇ ਤਿੰਨਾਂ ਬੱਚਿਆਂ ਨੂੰ ਇਕ ਦਿਨ ਬੁਲਾਅ ਕੇ ਕਿਹਾ ਕਿ ਮੇਰੇ ਭਰਾ ਦੇ ਲੜਕੇ ਦੀ ਸ਼ਾਦੀ ਹੈ। ਮੈਂ ਲਾਹੌਰ ਜਾ ਨਹੀਂ ਸਕਦਾ ਪ੍ਰਿਥੀ ਚੰਦ ਚਲਾ ਜਾਵੇ। ਪ੍ਰਿਥੀ ਚੰਦ ਨੇ ਜ਼ਿੰਮੇਵਾਰੀਆਂ ਦਾ ਬਹਾਨਾ ਲਾ ਦਿੱਤਾ ਕਿ ਉਸਦਾ ਜਾਣਾ ਮੁਸ਼ਕਿਲ ਹੈ। ਦਰਅਸਲ ਉਸਦੇ ਮਨ ਵਿਚ ਖ਼ਦਸ਼ਾ ਸੀ ਕਿ ਉਸ ਦੀ ਗ਼ੈਰਹਾਜ਼ਰੀ ਵਿਚ ਕਿਤੇ ਗੁਰਗੱਦੀ ਅਰਜਨ ਦੇਵ ਜੀ ਨੂੰ ਨਾ ਮਿਲ ਜਾਵੇ। ਭਾਵੇਂ ਗੁਰੂ ਅਰਜਨ ਦੇਵ ਜੀ ਛੋਟੇ ਸਨ ਪਰ ਉਹ ਆਪਣੇ ਪਿਤਾ ਨੂੰ ਨਾਂਹ ਨਾ ਕਰ ਸਕੇ ਪਰ ਨਾਲ ਹੀ ਇਹ ਕਹਿ ਦਿੱਤਾ ਕਿ ਤੁਹਾਡੇ ਦਰਸ਼ਨਾਂ ਤੋਂ ਬਿਨਾ ਮੇਰਾ ਹਾਲ ਇੰਝ ਹੋਵੇਗਾ :

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥[6]

ਗੁਰੂ ਰਾਮਦਾਸ ਜੀ ਦਾ ਇਹ ਵੀ ਆਦੇਸ਼ ਸੀ ਕਿ ਆਪ ਉੱਥੇ ਰਹਿ ਕੇ ਸਤਿਸੰਗ ਕਰੋ ਅਤੇ ਸਾਡੀ ਆਗਿਆ ਤੋਂ ਬਿਨਾਂ ਪਰਤਣਾ ਨਹੀਂ। ਗੁਰੂ ਅਰਜਨ ਦੇਵ ਜੀ ਨੇ ਇਸ ਨਿਰਦੇਸ਼ ਦਾ ਅੱਖਰ ਅੱਖਰ ਅਨੁਪਾਲਨ ਕੀਤਾ। ਉਨ੍ਹਾਂ ਨੂੰ ਪਿਤਾ ਦਾ ਬੁਲਾਵਾ ਉਡੀਕਦੇ ਇਕ ਵਰ੍ਹਾ ਹੋ ਗਿਆ। ਆਪ ਨੇ ਪਿਤਾ ਨੂੰ ਦੋ ਚਿੱਠੀਆਂ ਲਿਖ ਭੇਜੀਆਂ ਜੋ ਪ੍ਰਿਥੀ ਚੰਦ ਨੇ ਲੁਕੋ ਲਈਆਂ। ਗੁਰੂ ਅਰਜਨ ਦੇਵ ਜੀ ਨੇ ਤੀਜੀ ਚਿੱਠੀ ਲਿਖ ਸਿੱਖ ਨੂੰ ਕਿਹਾ ਕਿ ਆਪਣੇ ਹੱਥੀਂ ਗੁਰੂ ਰਾਮਦਾਸ ਜੀ ਦੇ ਹਜ਼ੂਰ ਰੱਖੀਂ। ਚਿੱਠੀ ਪੜ੍ਹ ਗੁਰੂ ਸਾਹਿਬ ਨੂੰ ਪੁੱਤਰ ਦੇ ਹਿਰਦੇ ਦੀ ਵੇਦਨ ਸਮਝ ਪਈ :

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥[7]

ਗੁਰੂ ਅਰਜਨ ਦੇਵ ਜੀ ਦੀ ਸੰਵੇਦਨਸ਼ੀਲਤਾ, ਧੀਰਜ ਅਤੇ ਨਿਮਰਤਾ ਦੇਖ ਗੁਰੂ ਰਾਮਦਾਸ ਜੀ ਇਸ ਬਾਰੇ ਸਪੱਸ਼ਟ ਹੋ ਗਏ ਸਨ ਕਿ ਗੁਰਗੱਦੀ 'ਤੇ ਬੈਠਣ ਦੇ ਪ੍ਰਤੀਮਾਨਾਂ 'ਤੇ ਗੁਰੂ ਅਰਜਨ ਦੇਵ ਜੀ ਹੀ ਸਹੀ ਚੋਣ ਹਨ। ਪੰਜ ਸਿੱਖਾਂ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਉਹ ਲਾਹੌਰ ਤੋਂ ਗੁਰੂ ਅਰਜਨ ਦੇਵ ਜੀ ਨੂੰ ਲੈ ਆਏ ਅਤੇ ਸਿੱਖੀ ਮਰਿਆਦਾ ਅਨੁਸਾਰ ਉਨ੍ਹਾਂ ਦਾ 1 ਸਤੰਬਰ 1681 ਤਿਲਕ ਅਭਿਸ਼ੇਕ ਕੀਤਾ। ਦੋ ਦਿਨ ਬਾਅਦ ਅੰਮ੍ਰਿਤਸਰੋਂ ਸਾਰੇ ਗੋਇੰਦਵਾਲ ਸਾਹਿਬ ਚਲੇ ਗਏ। ਇਥੇ ਹੀ ਅਗਲੇ ਦਿਨ ਗੁਰੂ ਰਾਮਦਾਸ ਜੀ ਜੋਤੀ ਜੋਤ

ਸਮਾਅ ਗਏ। ਪ੍ਰਿਥੀ ਚੰਦ ਨੇ ਗੁਰਗੱਦੀ ਦੇ ਫ਼ੈਸਲੇ ਦਾ ਬੜਾ ਵਿਰੋਧ ਕੀਤਾ ਪਰ ਗੁਰੂ ਅਰਜਨ ਦੇਵ ਜੀ ਨੇ ਬੜੀ ਨਿਮਰਤਾ ਸਹਿਤ ਸੱਭ ਕੁਝ ਸਹਿਣ ਕਰਦੇ ਰਹੇ। ਇਸ ਦੌਰਾਨ ਗੁਰੂ ਅਰਜਨ ਦੇਵ ਜੀ ਨੇ ਅਨੁਭਵ ਕੀਤਾ ਕਿ ਸੁਆਰਥੀ ਲੋਕ ਆਪਣੀਆਂ ਮਨਘੜਤ ਰਚਨਾਵਾਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੱਸ ਲੋਕਾਈ ਨੂੰ ਕੁਰਾਹੇ ਪਾ ਰਹੇ ਹਨ। ਉਹ ਪਹਿਲਾਂ ਹੀ ਨਿਰਣਾ ਕਰ ਚੁੱਕੇ ਸਨ ਕਿ ਉਹ ਬਾਣੀ ਵਿਚ ਪਹਿਲੇ ਗੁਰੂ ਸਾਹਿਬਾਨ ਦੀ ਇਕੱਤਰ ਕੀਤੀ ਪੋਥੀ ਨੂੰ ਹੀ ਆਧਾਰ ਬਣਾਉਣਗੇ ਪਰ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਰਚੀ ਬਾਣੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਕੋਲ ਹੈ ਜੋ ਹੁਣ ਵਿਰੱਕਤ ਹੋ ਕੇ ਸੰਸਾਰ ਤੋਂ ਆਪਣਾ ਨਾਤਾ ਵਿਛੁੰਨ ਚੁੱਕੇ ਸਨ। ਭਾਈ ਗੁਰਦਾਸ ਨੇ ਉਨ੍ਹਾਂ ਕੋਲੋਂ ਗੁਰਬਾਣੀ ਦਾ ਖਰੜਾ ਲਿਆਉਣ ਦਾ ਯਤਨ ਕੀਤਾ ਪਰ ਅਸਫ਼ਲ ਰਹੇ। ਬਾਬਾ ਬੁੱਢਾ ਜੀ ਵੀ ਉਨ੍ਹਾਂ ਦੇ ਦਰਸ਼ਨ ਕਰਨ ਤੋਂ ਅਸਮਰੱਥ ਰਹੇ। ਕਿਉਂ ਕਿ ਇਨ੍ਹਾਂ ਬਾਣੀਆਂ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਕਾਰਜ ਨੇਪਰੇ ਨਹੀਂ ਸੀ ਚੜ੍ਹ ਸਕਦਾ ਸੋ ਗੁਰੂ ਅਰਜਨ ਦੇਵ ਜੀ ਦੀ ਖੁਦ ਗੋਇੰਦਵਾਲ ਸਾਹਿਬ ਵਿਖੇ ਗਏ ਤਾਂ ਕਿ ਉਹ ਬਾਬਾ ਮੋਹਨ ਨੂੰ ਬੇਨਤੀ ਕਰ ਬਾਣੀ ਦਾ ਖਰੜਾ ਪ੍ਰਾਪਤ ਕਰ ਸਕਣ। ਗੋਇੰਦਵਾਲ ਵਿਖੇ ਗੁਰੂ ਸਾਹਿਬ ਨੇ ਬਿਆਸ ਦੇ ਪਵਿੱਤਰ ਜਲ 'ਚ ਇਸ਼ਨਾਨ ਕੀਤਾ। ਇਥੇ ਹੀ ਉਨ੍ਹਾਂ ਦੇ ਵਡੇਰੇ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਇਸ਼ਨਾਨ ਕਰਿਆ ਕਰਦੇ ਸਨ। ਇਸ ਪੂਜ ਸਥਾਨ 'ਤੇ ਬੈਠ ਆਪ ਵਿਸਮਾਦੀ ਆਨੰਦ ਵਿਚ ਲੀਨ ਹੋ ਗਏ ਤਾਂ ਗੁਰੂ ਅਮਰਦਾਸ ਜੀ ਨੇ ਦਰਸ਼ਨ ਦੇ ਕੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਬੜਾ ਸ਼ੁੱਭ ਸੰਕਲਪ ਹੈ ਜੋ ਅਵੱਸ਼ ਸਿਰੇ ਚੜ੍ਹੇਗਾ। ਇੰਝ ਗੁਰੂ ਅਰਜਨ ਜੀ ਨੂੰ ਬਾਬਾ ਮੋਹਨ ਤੋਂ ਪੋਥੀ ਦਾ ਖਰੜਾ ਮਿਲ ਗਿਆ। ਬਾਣੀ ਦੇ ਮਿਲੇ ਇਸ ਖਜ਼ਾਨੇ ਬਾਰੇ ਆਪ ਨੇ ਫੁਰਮਾਇਆ:

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥  
ਤਾ ਮੇਰੈ ਮਨਿ ਭਇਆ ਨਿਧਾਨਾ॥1॥  
ਰਤਨ ਲਾਲ ਜਾ ਕਾ ਕਛੂ ਨ ਮੋਲੁ॥  
ਭਰੇ ਭੰਡਾਰ ਅਖੂਟ ਅਤੋਲ॥2॥  
ਖਾਵਹਿ ਖਰਚਹਿ ਰਲਿ ਮਿਲਿ ਭਾਈ॥  
ਤੋਟਿ ਨ ਆਵੈ ਵਧਦੋ ਜਾਈ॥3॥  
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥  
ਸੁ ਏਤੁ ਖਜਾਨੈ ਲਇਆ ਰਲਾਇ॥4॥31॥100॥"[8]

ਆਪ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ 1599 ਤੋਂ ਲੈ ਕੇ 1604 ਤੱਕ ਕੀਤਾ। ਇਸ ਨੂੰ ਲਿਖਣ ਦਾ ਕਾਰਜ ਭਾਈ ਗੁਰਦਾਸ ਜੀ ਸਪੁਰਦ ਸੀ। ਇਸ ਵਿਚ 5 ਗੁਰੂ ਸਾਹਿਬਾਨ, 3 ਗੁਰੂ ਸਿੱਖਾਂ ਭਾਈ ਸੁੰਦਰ, ਸੱਤਾ ਬਲਵੰਡ, 11 ਭੱਟਾਂ ਅਤੇ 15 ਭਗਤਾਂ ਦੀ 30 ਰਾਗਾਂ ਵਿਚ ਬਾਣੀ ਦਰਜ ਕੀਤੀ। ਗੁਰੂ ਅਰਜਨ ਦੇਵ ਜੀ ਗੁਰਮਤਿ ਵਿਚਾਰਧਾਰਾ ਦੇ ਪ੍ਰਮੁੱਖ ਬਾਣੀਕਾਰ ਹੋਣ ਦੇ ਨਾਲ ਨਾਲ ਭਾਰਤ ਦੇ ਉਨ੍ਹਾਂ ਚਿੰਤਕਾਂ ਅਤੇ ਧਰਮ ਪਰਵਰਤਕਾਂ ਵਿਚੋਂ ਸਨ ਜਿਨ੍ਹਾਂ ਨੇ ਸ਼ਬਦ ਸਭਿਆਚਾਰ ਦੇ ਮਾਧਿਅਮ ਰਾਹੀਂ ਮੱਧਕਾਲੀਨ ਭਾਰਤ ਵਿਚ ਨਵ ਜਾਗਰਤੀ ਦੀ ਵਿਆਪਕ ਲਹਿਰ ਨੂੰ ਉਸਾਰਿਆ। ਇਸ ਅਦੁੱਤੇ ਵਿਅਕਤਿੱਤਵ ਨੇ ਅਜਿਹੇ ਮਹਾਂ ਗ੍ਰੰਥ ਦੀ ਸੰਪਾਦਨਾ ਕੀਤੀ ਜਿਸ ਵਿਚ ਭਾਰਤੀ ਉਪਮਹਾਂਦੀਪ ਦੇ ਵੱਖ ਵੱਖ ਖਿੱਤਿਆਂ ਅਤੇ ਵੱਖ ਵੱਖ ਧਰਮਾਂ ਅਤੇ ਜਾਤ ਬਿਰਾਦਰੀਆਂ ਦੇ ਭਗਤੀ ਲਹਿਰ ਨਾਲ ਜੁੜੇ ਵੱਡੇ ਬਾਣੀਕਾਰ ਜਿਵੇਂ ਬਾਬਾ ਫ਼ਰੀਦ, ਭਗਤ ਕਬੀਰ, ਰਵੀਦਾਸ, ਨਾਮਦੇਵ ਜਿਹੇ ਕਈ ਬਾਣੀਕਾਰਾਂ ਦੀ ਬਾਣੀ ਦਰਜ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਨੂੰ 'ਬਾਣੀ ਦਾ ਬੋਹਿਥ' ਕਿਹਾ ਹੈ।

ਗੁਰੂ ਅਰਜਨ ਦੇਵ ਜੀ ਦੀ ਇਸ ਗ੍ਰੰਥ ਵਿਚ ਆਪਣੀ ਬਾਣੀ ਵੱਡਆਕਾਰੀ ਹੈ।ਇਹ ਬਾਣੀ 30 ਰਾਗਾਂ ਵਿਚ ਹੈ ਜੋ ਮੁੱਖ ਤੌਰ 'ਤੇ ਪਦਿਆਂ, ਅਸਟਪਦੀਆਂ, ਸਲੋਕਾਂ ਅਤੇ ਛੰਤਾਂ ਦੇ ਰੂਪ ਵਿਚ ਹੈ।ਉਨ੍ਹਾਂ ਦੀਆਂ ਲੰਮੀਆਂ ਬਾਣੀਆਂ ਵਿਚ ਸ਼ਾਮਿਲ ਹਨ; ਬਾਰਹਮਾਹ, ਦਿਨ ਰੈਣਿ, ਬਾਵਨ ਅੱਖਰੀ, ਸੁਖਮਨੀ, ਥਿਤੀ ਅਤੇ ਛੇ ਰਾਗਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ) ਵਿਚ ਸ਼ਾਮਿਲ ਹਨ।ਇਨ੍ਹਾਂ ਤੋਂ ਇਲਾਵਾ ਉਨ੍ਹਾਂ ਦੀਆਂ ਬਾਣੀਆਂ ਵਿਚ ਬਿਰਹੜੇ, ਗੁਣਵੰਤੀ, ਗਾਥਾ, ਫੁਨਹੇ, ਅੰਜੁਲੀਆ, ਸੋਹਲੇ ਆਦਿ ਵੀ ਮਿਲਦੇ ਹਨ।ਇਸ ਤਰ੍ਹਾਂ ਗੁਰਮਤਿ ਕਾਵਿਧਾਰਾ ਨੂੰ ਪ੍ਰਫੁਲਿਤ ਕਰਨ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ।

ਇਸ ਦੌਰਾਨ ਆਪ ਨੇ ਗੁਰੂ ਰਾਮਦਾਸ ਜੀ ਵੱਲੋਂ ਆਰੰਭੇ ਕਾਰਜ ਜਿਵੇਂ ਅੰਮ੍ਰਿਤ ਸਰੋਵਰ ਨੂੰ 1588 'ਚ ਮੁਕੰਮਲ ਕੀਤਾ।ਇਸ ਉਪਰੰਤ ਹਰਿਮੰਦਰ ਸਾਹਿਬ ਦੀ ਨੀਂਹ ਸੂਫ਼ੀ ਦਰਵੇਸ਼ ਸੰਤ ਮੀਆਂ ਮੀਰ ਤੋਂ ਰੱਖਵਾਈ।ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ 16 ਅਗਸਤ 1604 ਨੂੰ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ।ਆਪ ਨੇ ਮਨੁੱਖਤਾ ਦੇ ਭਲੇ ਲਈ ਕਈ ਤਲਾਬ, ਬਾਉਲੀਆਂ ਅਤੇ ਖੂਹ ਖੁਦਵਾਏ।ਤਰਨਤਾਰਨ, ਸ੍ਰੀ ਹਰਗੋਬਿੰਦਪੁਰ, ਛੇਹਰਟਾ, ਕਰਤਾਰਪੁਰ ਆਦਿ ਨਗਰ ਵਸਾਏ।ਸਿੱਖੀ ਦੇ ਸਰਬ ਸਾਂਝੇ ਪ੍ਰਚਾਰ ਪਾਸਾਰ ਲਈ ਮਸੰਦਾਂ ਦੀ ਸਥਾਪਨਾ ਕੀਤੀ।ਉਸ ਵੇਲੇ ਜਾਤਾਂ ਪਾਤਾਂ 'ਚ ਵੰਡੇ ਸਮਾਜ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਸੂਫ਼ੀਆਂ ਦੀਆਂ ਰਚਨਾਵਾਂ ਨੂੰ ਸੰਮਿਲਤ ਕਰਨਾ ਵੱਡੀ, ਅਨੋਖੀ ਅਤੇ ਨਿਵੇਕਲੀ ਘਟਨਾ ਸੀ।ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਨਵੇਂ ਨਵੇਂ ਕਾਰਜਾਂ ਵਿਚ ਲੀਨ ਰਹਿੰਦੇ ਸਨ।ਭਾਈ ਗੁਰਦਾਸ ਜੀ ਉਨ੍ਹਾਂ ਦੇ ਬਾਰੇ ਲਿਖਦੇ ਹਨ :

ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।

ਮਨੁੱਖੀ ਭਾਈਚਾਰੇ ਅਤੇ ਹਿੰਦੋਸਤਾਨੀ ਸਮਾਜ ਵਿਚ ਬਰਾਬਰੀ, ਸਾਂਝੀਵਾਲਤਾ ਅਤੇ ਪਰਸਪਰ ਪ੍ਰੇਮ ਭਾਵ ਆਉਣ ਨਾਲ ਹਿੰਦੂਆਂ ਮੁਸਲਮਾਨਾਂ ਵਿਚ ਨਫ਼ਰਤ ਘਟੀ ਅਤੇ ਸੌਹਾਰਦ ਵਧਿਆ।ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਵੱਲੋਂ ਨੀਂਹ ਰੱਖਣ ਨਾਲ ਇਹ ਮਾਨਵੀ ਸਾਂਝੀਵਾਲਤਾ ਦਾ ਭਾਵ ਹੋਰ ਦ੍ਰਿੜ ਹੋਇਆ ਪਰ ਇਹ ਸਾਂਝੀਵਾਲਤਾ ਸਮੇਂ ਦੀ ਹਕੂਮਤ ਅਤੇ ਸਟੇਟ ਨੂੰ ਬਰਦਾਸ਼ਤ ਅਤੇ ਮਨਜ਼ੂਰ ਨਹੀਂ ਸੀ।ਬਹੁਤੇ ਮੌਲਵੀ ਅਤੇ ਕਾਜ਼ੀ ਅਕਬਰ ਦੇ ਸ਼ੁਰੂ ਕੀਤੇ 'ਦੀਨ-ਏ-ਇਲਾਹੀ' ਨੂੰ ਪਸੰਦ ਨਹੀਂ ਸਨ ਕਰਦੇ।ਉਹ ਇਸਲਾਮ ਦਾ ਦਬਦਬਾ ਅਤੇ ਬੋਲਬਾਲਾ ਚਾਹੁੰਦੇ ਸਨ।ਇਹ ਮੁੱਲਾਂ ਮੁਲਾਣੇ ਸ਼ਹਿਜ਼ਾਦਾ ਖ਼ੁਸਰੋ (ਜਹਾਂਗੀਰ) ਨੂੰ ਵੀ ਬਰਦਾਸ਼ਤ ਨਹੀਂ ਕਰਦੇ ਸਨ।ਇਨ੍ਹਾਂ ਨੇ ਸਾਜ਼ਿਸ਼ ਕਰ ਗੁਰੂ ਅਰਜਨ ਦੇਵ ਜੀ ਉਪਰ ਸ਼ਹਿਜ਼ਾਦਾ ਜਹਾਂਗੀਰ ਨੂੰ ਪਨਾਹ ਦੇਣ ਅਤੇ ਇਮਦਾਦ ਕਰਨ ਦਾ ਇਲਜ਼ਾਮ ਲਗਾਇਆ।ਕੁਝ ਅਰਸਾ ਪਹਿਲਾਂ ਹੀ ਬਾਦਸ਼ਾਹ ਅਕਬਰ ਨੇ ਗੁਰੂ ਘਰ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਲੰਗਰ ਵੀ ਛਕਿਆ ਅਤੇ ਗੁਰੂ ਘਰ ਨੂੰ ਜਗੀਰ ਤੇ ਮੋਹਰਾਂ ਵੀ ਭੇਟ ਕੀਤੀਆਂ ਸਨ।ਬਾਅਦ ਵਿਚ ਉਸ ਕੋਲ ਸ਼ਿਕਾਇਤਾਂ ਹੁੰਦੀਆਂ ਰਹੀਆਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਪੀਰਾਂ, ਪੈਗ਼ੰਬਰਾਂ ਅਤੇ ਕੁਰਾਨ ਸ਼ਰੀਫ਼ ਦੀ ਨਿੰਦਿਆ ਕੀਤੀ ਗਈ ਹੈ।

ਬਾਦਸ਼ਾਹ ਜਹਾਂਗੀਰ ਦੇ ਸਮਿਆਂ 'ਚ ਸਥਿਤੀਆਂ ਬਦਲ ਗਈਆਂ ਸਨ।ਮੁੱਲਾਂ ਮੌਲਵੀਆਂ ਦੇ ਪ੍ਰਭਾਵਧੀਨ ਉਸਦੇ ਮਨ ਵਿਚ ਗੁਰੂ ਅਰਜਨ ਦੇਵ ਅਤੇ ਸਿੱਖੀ ਬਾਰੇ ਨਕਾਰਾਤਮਕ ਵਿਚਾਰ ਵੱਧ ਰਹੇ ਸਨ।ਉਹ ਸਿੱਖੀ ਦੀਆਂ ਗਤੀਵਿਧੀਆਂ ਨੂੰ ਰੋਕਣ ਅਤੇ ਵਿਰੋਧ ਕਰਨ ਬਾਰੇ ਸੋਚਣ ਲੱਗ ਪਿਆ ਸੀ।ਗੁਰੂ ਅਰਜਨ ਦੇਵ ਜੀ ਦੇ ਘਰ ਦੇ ਵਿਰੋਧੀ ਵੱਡਾ ਭਰਾ ਪ੍ਰਿਥੀਚੰਦ ਨੇ ਚੰਦੂ ਸ਼ਾਹ, ਸ਼ੇਖ ਮੁਜੱਦਦਿਦੀ ਅਤੇ ਸ਼ੇਖ ਅਹਿਮਦ ਬੁਖ਼ਾਰੀ

ਸਰਹਿੰਦੀ ਨਾਲ ਮਿਲ ਕੇ ਗੁਰੂ ਸਾਹਿਬ 'ਤੇ ਕਈ ਦੋਸ਼ ਆਇਦ ਕੀਤੇ। ਉਨ੍ਹਾਂ ਗੁਰੂ ਅਰਜਨ ਦੇਵ ਬਾਰੇ 'ਇਮਾਮ-ਏ-ਕੁਫ਼ਰ' ਦਾ ਫਤਵਾ ਦਿੱਤਾ। ਬਾਦਸ਼ਾਹ ਜਹਾਂਗੀਰ ਦੇ ਹੁਕਮ 'ਤੇ ਮੁਰਤਜ਼ਾ ਖਾਂ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲੈ ਗਿਆ। ਬਿਨਾਂ ਕਿਸੇ ਵਜ੍ਹਾ ਦੇ ਗੁਰੂ ਸਾਹਿਬ ਨੂੰ ਚੰਦੂ ਸ਼ਾਹ ਦੇ ਹਵਾਲੇ ਕਰ ਦਿੱਤਾ ਗਿਆ। ਉਸ ਨੇ ਗੁਰੂ ਸਾਹਿਬ ਅੱਗੇ ਜਾਨ ਬਖ਼ਸ਼ੀ ਹਿੱਤ ਤਿੰਨ ਤਜਵੀਜ਼ ਰੱਖੀਆਂ; ਪਹਿਲੀ ਕਿ ਮੁਸਲਮਾਨ ਬਣ ਜਾਓ ਅਤੇ ਦੀਨ ਅਪਣਾ ਲਉ, ਦੂਜੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤਿ ਵਿਚ ਕੁਝ ਸ਼ਬਦ ਦਰਜ ਕਰ ਦਿਓ। ਤੀਜੀ ਕਿ ਬਾਲ ਹਰਗੋਬਿੰਦ ਵਾਸਤੇ ਚੰਦੂ ਦੀ ਲੜਕੀ ਦਾ ਸਾਕ ਸਵੀਕਾਰ ਕਰ ਲਉ। ਅਗਰ ਇਹ ਸ਼ਰਤਾਂ ਨਹੀਂ ਮਨਜ਼ੂਰ ਤਾਂ ਤਿੰਨ ਲੱਖ ਰੁਪਏ ਜ਼ੁਰਮਾਨਾ ਤਾਰੋ।

ਗੁਰੂ ਅਰਜਨ ਦੇਵ ਜੀ ਨੇ ਚੰਦੂ ਸ਼ਾਹ ਨੂੰ ਸਮਝਾਉਦਿਆਂ ਕਿਹਾ ਕਿ ਜੋ ਇਨਸਾਨ ਕਿਸੇ ਲਾਲਚ ਜਾਂ ਭੈਅ ਕਾਰਨ ਆਪਣਾ ਧਰਮ ਤਿਆਗ ਦਿੰਦਾ ਹੈ ਉਹ ਕਿਸੇ ਵੀ ਧਰਮ ਜੋਗਾ ਨਹੀਂ ਰਹਿੰਦਾ। ਦੂਜਾ ਗੁਰੂ ਗ੍ਰੰਥ ਸਾਹਿਬ ਇਕ ਰੱਬੀ ਕਿਰਤ ਹੈ ਜੋ ਕਰਤਾ ਪੁਰਖ ਦੇ ਹੁਕਮ 'ਚ ਰਹਿ ਕੇ ਪ੍ਰਵਾਨ ਚੜ੍ਹੀ ਹੈ, ਹੁਣ ਇਸ ਵਿਚ ਕੋਈ ਪਰਿਵਰਤਨ ਸੰਭਵ ਨਹੀਂ, ਤੀਜਾ ਤੇਰੀ ਬੇਟੀ ਦਾ ਸਾਕ ਨਾ ਲੈਣ ਦਾ ਫ਼ੈਸਲਾ ਸੰਗਤ ਦਾ ਹੈ ਜੋ ਕਿ ਅਟੱਲ ਹੈ, ਚੌਥਾ ਜੋ ਸਰੀਰਕ ਤਸੀਹੇ ਅਤੇ ਮਾਨਸਿਕ ਯਾਤਨਾਵਾਂ ਸਹਿਣ ਦੀ ਗੱਲ ਹੈ ਉਹ ਅਕਾਲ ਪੁਰਖ ਦਾ ਭਾਣਾ ਹੈ ਜੋ ਸਾਨੂੰ ਖਿੜੇ ਮੱਥੇ ਸਵੀਕਾਰ ਹੈ। ਗੁਰੂ ਸਾਹਿਬ ਦਾ ਸਖ਼ਤ ਪ੍ਰਤੀਕਰਮ ਦੇਖ ਚੰਦੂ ਸ਼ਾਹ ਦੀ ਸਾਰੀ ਜੁੰਡਲੀ ਲਹੂ ਲਾਖੀ ਹੋ ਗਈ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਇਸਲਾਮੀ ਸ਼ਰੀਅਤ ਦੇ ਅਧੀਨ 'ਯਾਸਾ' ਦੀ ਸਜ਼ਾ ਸੁਣਾਈ। ਭਾਈ ਵੀਰ ਸਿੰਘ ਆਪਣੇ ਲੇਖ 'ਜ਼ਾਮੇ ਸ਼ਹਾਦਤ' ਵਿਚ ਲਿਖਦੇ ਹਨ ਕਿ 'ਯਾਸਾ' ਤੁਰਕੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ ਮਕਤੂਲ ਨੂੰ ਇਸ ਢੰਗ ਨਾਲ ਕਤਲ ਕਰਨਾ ਕਿ ਉਸ ਦਾ ਲਹੂਧਰਤੀ 'ਤੇ ਨਾ ਡੁੱਲ੍ਹੇ। ਜਹਾਂਗੀਰ ਨੇ ਆਪਣੀ ਜੀਵਨੀ 'ਤੁਜ਼ਕ-ਏ-ਜਹਾਂਗੀਰੀ' 'ਚ ਪੰਨਾ 35 'ਤੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ 'ਬਾਸਿਯਾਸਤਵਬਯਾਸਾ ਰਸਨੰਦ' ਸਜ਼ਾ ਦਿੱਤੀ ਗਈ।

ਗੁਰੂ ਅਰਜਨ ਦੇਵ ਜੀ ਨੂੰ ਪਹਿਲਾਂ ਚੰਦੂ ਸ਼ਾਹ ਨੇ ਆਪਣੀ ਹਵੇਲੀ ਵਿਚ ਜੂਨ ਮਹੀਨੇ ਦੀ ਗਰਮੀ 'ਚ ਤੱਪਦੀ ਧੁੱਪ 'ਚ ਬਿਠਾਈ ਰੱਖਿਆ। ਤਪਦੀ ਰੇਤ ਸਿਰ 'ਚ ਪਾਈ ਗਈ। ਤੱਤੀ ਤਵੀ 'ਤੇ ਬਿਠਾਇਆ ਗਿਆ ਤੇ ਅੰਤ ਉਬਲਦੀ ਦੇਗ਼ 'ਚ ਉਬਾਲ਼ਿਆ ਗਿਆ। ਗੁਰੂ ਸਾਹਿਬ ਇੰਨੇ ਘੋਰ ਤਸੀਹਿਆਂ ਦੇ ਬਾਵਜੂਦ ਅਡੋਲ ਰਹੇ ਅਤੇ ਸ਼ਾਂਤ ਮਨ ਨਾਲ ਪ੍ਰਮਾਤਮਾ ਦੇ ਸਿਮਰਨ ਵਿਚ ਲੱਗੇ ਰਹੇ :

> ਤੇਰਾ ਕੀਆ ਮੀਠਾ ਲਾਗੈ॥
> ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ [9]

ਬਾਅਦ ਵਿਚ ਗੁਰੂ ਸਾਹਿਬ ਦੀ ਦੇਹ ਨੂੰ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ। ਭਾਈ ਸੰਤੋਖ ਸਿੰਘ ਚੂੜਾਮਣੀ 'ਸੂਰਜ ਪ੍ਰਕਾਸ਼' ਵਿਚ ਪੰਨਾ 2364 'ਤੇ ਲਿਖਦੇ ਹਨ :

> ਕਰਿ ਚਾਕਰ ਸੋ ਦੇਗ ਉਬਾਰੀ।
> ਪਕਰੋ ਦੇਹੁ, ਤਿਸੀਂ ਮਹਿ ਭਾਰੀ।
> ਤਬਿ ਸਤਿਗੁਰੁ ਉਠਿ ਆਪ ਗਏ।
> ਤਪਤਿ ਨੀਰ ਮਹਿ ਬੈਠਿਤ ਭਏ।

ਭਾਰਤੀ ਇਤਿਹਾਸ ਪਰੰਪਰਾ ਵਿਚ ਇਹ ਪਹਿਲੀ ਸ਼ਹਾਦਤ ਸੀ ਜੋ ਕਿਸੇ ਮਹਾਂਪੁਰਖ ਨੇ ਧਰਮ ਦੀ ਖ਼ਾਤਿਰ ਦਿੱਤੀ। ਇਸ ਲਈ ਹੀ ਗੁਰੂ ਅਰਜਨ ਦੇਵ ਜੀ ਨੂੰ 'ਸ਼ਹੀਦਾਂ ਦੇ ਸਿਰਤਾਜ' ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੇ ਜੀਵਨ ਦਰਸ਼ਨ ਅਤੇ ਵਿਚਾਰਧਾਰਾ ਦੀ ਝਲਕ ਉਨ੍ਹਾਂ ਦੇ ਭਾਰਤ ਦੇ ਚਾਰੋ ਵਰਣਾਂ ਲਈ ਚਾਰ ਬੂਹਿਆਂ ਵਾਲੇ ਹਰਿਮੰਦਰ ਦੀ ਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦੇ ਸੰਕਲਪ ਤੋਂ ਸਹਿਜੇ ਹੀ ਮਿਲ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਰਚਨਾ ਕਾਲ ਬਾਹਰਵੀਂ ਸਦੀ ਤੋਂ ਲੈ ਕੇ ਸੋਲਵੀਂ ਸਤ੍ਹਾਰਵੀਂ ਸਦੀ ਤੱਕ ਫੈਲਿਆ ਹੋਇਆ। ਇਸ ਸਮੁੱਚੀ ਰਚਨਾ ਉਪਰ ਜੇ ਦ੍ਰਿਸ਼ਟੀ ਮਾਰੀਏ ਤਾਂ ਇਸ ਦੀ ਸਿਰਜਣਾ ਅਤੇ ਸੰਕਲਪਨਾ ਦੇ ਅਮੂਰਤਨ ਵਿਚ ਅਜਿਹਾ ਉਦਾਰ ਮਾਨਵਵਾਦੀ ਜੀਵਨ ਦਰਸ਼ਨ ਪਿਆ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦਾ ਹੈ ਅਤੇ ਸਮਾਜ ਅੰਦਰ ਧਾਰਮਿਕ ਅਤੇ ਜਾਤੀਗਤ ਭਾਵਨਾਵਾਂ ਦਾ ਸਤਿਕਾਰ ਕਰਨ ਬਾਰੇ ਉਪਦੇਸ਼ ਦਾ ਪ੍ਰਵਚਨ ਸਿਰਜਦਾ ਹੈ। ਇਸ ਗ੍ਰੰਥ ਦਾ ਮੂਲ ਪ੍ਰੇਰਨਾ ਸਰੋਤ ਗੁਰੂ ਨਾਨਕ ਦੀ ਬਾਣੀ ਹੈ। ਇਸ ਬਾਣੀ ਦੇ ਕੇਂਦਰ ਵਿਚ ਅਜਿਹੇ ਮਾਨਵ ਦਾ ਯੂਟੋਪੀਆ ਅੰਤਰਨਿਹਿਤ ਹੈ ਜੋ ਸੱਚ, ਨਿਰਭੈਤਾ ਅਤੇ ਨਿਰਵੈਰਤਾ ਦਾ ਸੰਦੇਸ਼ ਦਿੰਦਾ ਹੈ। ਗੁਰੂ ਨਾਨਕ ਜੀ ਦੀ ਬਾਣੀ ਦੇ ਦਾਰਸ਼ਨਿਕ, ਵਿਚਾਰਧਾਰਾਈ ਅਤੇ ਨੈਤਿਕ ਤੱਤ ਦੂਜੇ ਗੁਰੂਆਂ ਵਿਚ ਜੋਤੀ 'ਚੋਂ ਜੋਤਿ ਉਗਮੇ ਦੇ ਪ੍ਰਵਾਹ ਵਿਚੋਂ ਉਤਪੰਨ ਹੋਏ ਹਨ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥ [10]

ਇੰਝ ਇਹ ਪੀੜ੍ਹੀ ਦਰ ਪੀੜ੍ਹੀ ਪ੍ਰਵਾਹ ਜੋਤਿ ਤੋਂ ਜੋਤਿ ਰਾਹੀਂ ਹੀ ਪ੍ਰਕਾਸ਼ਮਾਨ ਹੁੰਦਾ ਗਈ :

ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿ ਧਰੀ॥ [11]

ਗੁਰੂ ਅਰਜਨ ਦੇਵ ਜੀ ਨੇ ਸਿੱਖ ਪੰਥ ਦੇ ਸੰਸਥੀਕਰਣ ਲਈ ਅਤੇ ਸਧਾਰਨ ਲੋਕਾਈ ਦੀ ਰੂਹਾਨੀ ਅਤੇ ਨੈਤਿਕ ਅਗਵਾਈ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦੀ ਸੰਕਲਪਨਾ ਕੀਤੀ। ਆਉਣ ਵਾਲੇ ਸਮਿਆਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦਗੁਰੂ ਦਾ ਸਰੂਪ ਕਿਹਾ ਅਤੇ ਸਿੱਖਾਂ ਨੂੰ ਇਸ ਦੀ ਰਹਿਨੁਮਾਈ ਅਤੇ ਮਹਿਰਾਮਤ 'ਚ ਰਹਿਣ ਦਾ ਹੁਕਮ ਕੀਤਾ। ਗੁਰੂ ਅਰਜਨ ਦੇਵ ਜੀ ਦਾ ਜੀਵਨ ਦਰਸ਼ਨ ਉਨ੍ਹਾਂ ਦੀ ਬਾਣੀ 'ਚੋਂ ਵਿਸ਼ੇਸ਼ ਰੂਪ 'ਚ ਉਭਰ ਕੇ ਸਾਹਮਣੇ ਆਉਂਦਾ ਹੈ ਜੋ ਕਿ ਭਾਰਤੀ ਗਿਆਨ ਸ਼ਾਸਤਰ 'ਚੋਂ ਪੈਦਾ ਹੋਈ ਚੇਤਨਤਾ ਦੇ ਪ੍ਰਸੰਗ ਵਿਚ ਯਥਾਰਥ ਨੂੰ ਪਰਮਾਰਥ ਦੇ ਹਵਾਲੇ ਨਾਲ ਪਰਿਭਾਸ਼ਿਤ ਕਰਦਾ ਹੈ।

ਪ੍ਰਤੱਖ ਤੌਰ 'ਤੇ ਇਹ ਬਾਣੀ ਧਾਰਮਿਕ ਦਾਰਸ਼ਨਿਕ ਚਿੰਤਨ ਨੂੰ ਸਮਰਪਿਤ ਹੈ ਪਰ ਇਹ ਸਿਰਫ਼ ਦਾਰਸ਼ਨਿਕ ਸੂਤਰਿਕ ਵਿਚਾਰਾਂ ਦੇ ਅਮੂਰਤਨ ਦਾ ਪ੍ਰਵਚਨ ਨਹੀਂ ਸਗੋਂ ਅਨੁਭਵ, ਬੋਧ ਅਤੇ ਵਿਵਹਾਰ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੈ। ਗੁਰੂ ਸਾਹਿਬ ਦੀ ਬਾਣੀ ਦਾ ਵਿਚਾਰਧਾਰਕ ਸਰੋਕਾਰਾਂ 'ਚੋਂ ਪੈਦਾ ਹੋਇਆ ਜੀਵਨ ਦਰਸ਼ਨ ਪਰਮਾਰਥਕ ਦ੍ਰਿਸ਼ਟੀ ਤੋਂ ਆਤਮ ਅਤੇ ਬ੍ਰਹਮ ਦੀ ਅਭੇਦਤਾ ਅਤੇ ਅਦਵੈਤ ਨੂੰ ਰਹੱਸਵਾਦੀ ਅਤੇ ਪਰਾਭੌਤਿਕ ਪਾਸਾਰਾਂ ਵਿਚ ਮੂਰਤੀਮਾਨ ਕਰਦਾ ਹੈ :

ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ॥
ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ॥[12]

ਗੁਰੂ ਸਾਹਿਬ ਦੀ ਬਾਣੀ ਵਿਚ ਸਮਾਜਿਕ ਅਤੇ ਨੈਤਿਕ ਸੰਦੇਸ਼ ਦੇ ਨਾਲ ਨਾਲ ਸੱਚ, ਸੰਜਮ, ਸ਼ੀਲਤਾ, ਸੰਤੋਖ ਅਤੇ ਦਯਾ ਭਾਵਾਂ ਦਾ ਸੰਦੇਸ਼ ਵੀ ਹੈ।ਉਹ ਸੁਖਮਨੀ ਵਿਚ ਗੁਰੂ ਸਾਹਿਬ ਦੇ ਅੰਗ 262 'ਤੇ 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ਭਗਤ ਜਨਾ ਕੈ ਮਨਿ ਬਿਸ੍ਰਾਮ॥'ਦਾ ਪ੍ਰਵਚਨ ਵੀ ਸਿਰਜਦੇ ਹਨ।ਉਨ੍ਹਾਂ ਨੇ ਬਾਣੀ ਰਾਹੀਂ ਮਨੁੱਖਤਾ ਨੂੰ ਹਉਮੈ ਰੋਗ ਤੋਂ ਨਿਵਾਰਣ ਦਾ ਵੀ ਸੰਦੇਸ਼ ਦਿੱਤਾ ਹੈ :

ਹਉਮੈ ਬਿਆਪੈ ਦੁਬਿਧਾ ਫੈਲੁ॥
ਹਰਿ ਹਰਿ ਅਉਖਧੁ ਜੋ ਜਨੁ ਖਾਇ॥
ਤਾ ਕਾ ਰੋਗੁ ਸਗਲ ਮਿਟਿ ਜਾਇ॥[13]

ਗੁਰੂ ਅਰਜਨ ਦੇਵ ਜੀ ਦੀ ਅਧਿਆਤਮਕ ਵਿਚਾਰਧਾਰਾ ਨੂੰ ਸਮਝਣ ਲਈ ਆਤਮਾ, ਪਰਮਾਤਮਾ, ਗੁਰੂ, ਜੀਵ, ਜਗਤ, ਮੁਕਤੀ ਮੁਕੰਦ ਆਦਿ ਪਰਿਪੇਖਾਂ ਨੂੰ ਨਾਥਾਂ, ਸਿੱਧਾਂ, ਜੋਗੀਆਂ ਅਤੇ ਸੂਫ਼ੀਆਂ ਦੀ ਭਾਰਤੀ ਗਿਆਨਸ਼ਾਸਤਰੀ ਪਰੰਪਰਾ ਵਿਚ ਰੱਖ ਕੇ ਸਮਝਣਾ ਹੋਵੇਗਾ ਜਿਸ ਵਿਚੋਂ ਗੁਰਮਤਿ ਵਿਚਾਰਧਾਰਾ ਅਤੇ ਜੀਵਨ ਦਰਸ਼ਨ ਆਪਣਾ ਸਰੂਪ ਅਖ਼ਤਿਆਰ ਕਰਦਾ ਹੈ।ਗੁਰੂ ਅਰਜਨ ਦੇਵ ਦੀ ਬਾਣੀ ਵਿਚ ਨਾਮ ਸਿਮਰਨ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ।ਉਨ੍ਹਾਂ ਅਨੁਸਾਰ ਨਾਮ ਦਾ ਦਰਜਾ ਪੁੰਨ, ਦਾਨ, ਜਪ ਤਪ ਆਦਿ ਨਾਲੋਂ ਉੱਚਾ ਹੈ।ਜੋ ਨਾਮ ਦਾ ਜਪ ਕਰਦਾ ਹੈ ਉਸ ਦੇ ਸੰਪੂਰਣ ਕਾਰਜ ਨੇਪਰੇ ਚੜ੍ਹਦੇ ਹਨ।ਨਾਮ ਸਿਮਰਨ ਨਾਲ ਹੀ ਆਤਮ ਆਪਣਾ ਧਿਆਨ ਸੰਸਾਰਕ ਕਾਰ-ਵਿਹਾਰਾਂ ਅਤੇ ਪਦਾਰਥਾਂ ਤੋਂ ਤੋੜ ਕੇ ਪਰਮਾਤਮਾ ਦੇ ਪਰਮਾਰਥ ਨਾਲ ਜੋੜਦਾ ਹੈ :

ਜਾ ਕੈ ਨਾਮੁ ਬਸੈ ਮਨ ਮਾਹੀ॥
ਦੀਨ ਦਇਆਲ ਗੋੁਪਾਲ ਗੋਵਿੰਦ॥
ਗੁਰਮੁਖਿ ਜਪੀਐ ਉਤਰੈ ਚਿੰਦ॥
ਨਾਨਕ ਕਉ ਗੁਰਿ ਦੀਆ ਨਾਮੁ॥
ਸੰਤਨ ਕੀ ਟਹਲ ਸੰਤ ਕਾ ਕਾਮੁ॥[14]

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਦੂਜਾ ਮਹੱਤਵਪੂਰਨ ਜੀਵਨ ਦਰਸ਼ਨ ਦਾ ਤੱਤ ਸਾਧ ਸੰਗਤ ਹੈ।ਸਾਧ ਸੰਗਤ ਦੇ ਸੰਕਲਪ ਦਾ ਭਗਤੀ ਦਰਸ਼ਨ ਵਿਚ ਵਿਸ਼ੇਸ ਦਰਜਾ ਹੈ।ਸਾਧ ਸੰਗਤ ਤੋਂ ਭਾਵ ਉਨ੍ਹਾਂ ਨੇਕ ਪੁਰਖਾਂ ਅਤੇ ਸੰਤ ਸਖ਼ਸ਼ੀਅਤਾਂ ਦੀ ਸੰਗਤ ਹੈ ਜਿਸ ਅੰਦਰ ਨਾਮ ਦਾ ਗੁਣਗਾਨ ਹੁੰਦਾ ਹੈ।ਆਪ ਦਾ ਕਹਿਣਾ ਹੈ ਕਿ ਸਾਧ ਸੰਗਤ ਐਸੀ ਹੋਣੀ ਚਾਹੀਦੀ ਹੈ ਜਿੱਥੇ ਸਿਰਫ਼ ਨਾਮ ਦੀ ਵਿਆਖਿਆ ਹੋਵੇ।ਆਪ ਦੀ ਬਾਣੀ 'ਚ 'ਸਾਧਸੰਗਤਿ' ਦਾ ਮਹੱਤਵ ਦਰਜ ਹੈ :

ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ॥
ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋੁਪਾਲਾ॥[15]

ਗੁਰਮਤਿ ਵਿਚ 'ਹੁਕਮੁ' ਦਾ ਵੀ ਬਹੁਤ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1 'ਤੇ ਕਹਿੰਦੇ ਹਨ; "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ"। ਇਸ ਦਾ ਭਾਵ ਹੈ ਕਿ ਆਤਮ ਪ੍ਰਭ ਦੇ ਹੁਕਮਿ 'ਚ ਰਹੇ। ਉਸ ਦਾ ਭਾਣਾ ਮੰਨੇ ਕਿਉਂ ਕਿ ਗੁਰੂ ਦੀ ਕਿਰਪਾ ਹੁਕਮਿ ਮੰਨਣ ਵਿਚ ਹੀ ਹੈ ਅਤੇ ਦੁਖ ਸੁੱਖ ਨੂੰ ਸਮ ਕਰਕੇ ਜਾਨਣਾ ਚਾਹੀਦਾ ਹੈ। ਇਸ ਸਮ ਕਰਨ ਨੂੰ ਨਾਮ ਸਿਮਰਨ ਸਹਾਈ ਹੁੰਦਾ ਹੈ :

ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮ੍ਰੀ ਘਾਲ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ॥[16]

ਗੁਰੂ ਅਰਜਨ ਦੇਵ ਜੀ ਨੇ ਆਤਮ ਨੂੰ ਸਚਿਆਰਾ ਬਣਨ ਅਤੇ ਆਤਮਿਕ ਗਿਆਨ ਦੀ ਪ੍ਰਾਪਤੀ ਕਰਨ ਦੀ ਪ੍ਰੇਰਨਾ ਦਿੱਤੀ ਹੈ। ਚੰਗੇ ਆਚਰਨ ਲਈ ਸਾਦਾ ਜੀਵਨ, ਈਮਾਨਦਾਰੀ, ਸਰਬੱਤ ਦਾ ਭਲਾ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਦੀ ਇਹ ਵਿਚਾਰਧਾਰਾ ਹੀ ਆਪ ਦਾ ਜੀਵਨ ਦਰਸ਼ਨ ਦਾ ਆਧਾਰ ਬਣਦੀ ਹੈ, ਜੋ ਸਰਬਵਿਆਪਕ ਅਤੇ ਸਰਬਕਾਲੀ ਹੈ। ਉਨ੍ਹਾਂ ਨੇ ਮਨੁੱਖ ਨੂੰ ਨਾਮ ਜਪਣ, ਸਤਿਸੰਗ ਕਰਨ, ਪ੍ਰਭੂ ਦਾ ਸਿਮਰਨ ਤੇ ਉਸਦੇ ਹੁਕਮਿ 'ਚ ਰਹਿ ਕੇ ਜੀਵਨ ਬਤੀਤ ਕਰਨ ਲਈ ਸੁਝਾਇਆ ਹੈ। ਉਨ੍ਹਾਂ ਦੀ ਮਾਨਵੀ ਸਮਾਜਿਕ ਜੀਵਨ ਵਿਚ ਇਨ੍ਹਾਂ ਵਿਚਾਰਾਂ ਦੀ ਵੱਡਮੁੱਲੀ ਦੇਣ ਹੈ। ਉਨ੍ਹਾਂ ਦੀ ਸ਼ਹਾਦਤ ਅਤੇ ਜੀਵਨ ਦਰਸ਼ਨ ਲੋਕਾਈ ਲਈ ਚਾਨਣ ਮੁਨਾਰਾ ਹੈ।

## ਹਵਾਲੇ ਅਤੇ ਟਿੱਪਣੀਆਂ

1) ਗੁਰੂ ਗ੍ਰੰਥ ਸਾਹਿਬ, ਪੰਨਾ 1409
2) ਉਹੀ
3) ਉਹੀ,ਪੰਨਾ 1407
4) ਉਹੀ,ਪੰਨਾ 1408
5) ਉਹੀ,ਪੰਨਾ 1409
6) ਉਹੀ,ਪੰਨਾ 708
7) ਉਹੀ,ਪੰਨਾ 96
8) ਉਹੀ,ਪੰਨਾ 186
9) ਉਹੀ,ਪੰਨਾ 394
10) ਉਹੀ,ਪੰਨਾ 1408
11) ਉਹੀ,ਪੰਨਾ 1409
12) ਉਹੀ,ਪੰਨਾ 287
13) ਉਹੀ,ਪੰਨਾ 893
14) ਉਹੀ,ਪੰਨਾ 891
15) ਉਹੀ,ਪੰਨਾ 611
16) ਉਹੀ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬ੍ਰਹਮ ਦਾ ਸਰੂਪ

**ਡਾ. ਮਨਪ੍ਰੀਤ ਕੌਰ**
ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਅਮੂਰਤ

ਉਹ ਕੀ ਹੈ ਜਿਸ ਦਾ ਗਿਆਨ ਹੋ ਜਾਣ ਨਾਲ ਬਾਕੀ ਸਭ ਕੁਝ ਦਾ ਗਿਆਨ ਹੋ ਜਾਂਦਾ ਹੈ।ਉਹ ਕਿਹੜਾ ਮੂਲ ਹੈ ਜਿਸ ਤੋਂ ਜੀਵਨ ਰੁਪੀ ਰੁੱਖ ਨਿੱਤ ਨਵਾਂ ਫਲਦਾ ਫੁੱਲਦਾ ਅਤੇ ਹਰ ਲਿਆ ਜਾਂਦਾ ਹੈ।ਸੰਸਾਰੀ ਰਚਨਾ ਇੱਕ ਰਹੱਸ ਹੈ।ਇਸ ਨੂੰ ਜਾਨਣ ਲਈ ਹਰ ਕੋਈ ਆਪਣੇ ਆਪ ਨੂੰ ਸਵਾਲਾਂ ਦੇ ਘੇਰੇ ਵਿਚ ਖੜਾ ਕਰਦਾ ਹੈ।ਕਿਤੇ ਕਿਤੇ ਇਹ ਸਵਾਲ ਬੜੇ ਡੂੰਘੇ ਤੇ ਕਈਆਂ ਦੇ ਸਾਧਾਰਨ ਹੁੰਦੇ ਹਨ।ਦ੍ਰਿਸ਼ਟਮਈ ਸੰਸਾਰ ਦੀ ਹਰ ਸ਼ੈਅ ਜਿਵੇਂ ਜੀਵ-ਜੰਤੂ, ਵਸਤੂਆਂ ਆਪਣੇ ਪਿੱਛੇ ਕਿਤੇ ਕਿਸੇ ਅਦ੍ਰਿਸ਼ਟ ਸ਼ਕਤੀ ਵੱਲ ਇਸ਼ਾਰਾ ਕਰ ਰਹੇ ਹਨ।ਇਸ ਅਨੇਕਾਂਤ ਦੀ ਕਾਰਜਤਾ ਦੀ ਡੋਰ ਕਿਸੇ ਹੋਰ ਸੱਤਾ ਕੋਲ ਜਾਪਦੀ ਹੈ।ਇਸ ਭੌਤਿਕ ਸੰਸਾਰ ਤੋਂ ਇਲਾਵਾ ਅਣਛੂਹੇ ਤਾਰਿਆਂ, ਗ੍ਰਹਿਾਂ, ਸੂਰਜਾਂ, ਚੰਦਰਮਾ, ਗਲੈਕਸੀਆਂ, ਬਲੈਕ- ਹੋਲ ਤੇ ਸਮਸਤ ਖੰਡਾਂ, ਬ੍ਰਹਿਮੰਡਾਂ ਦਾ ਉਤਪਾਦਤ, ਸੰਚਾਲਤ, ਸੰਘਾਰਕ ਕੋਣ ਹੈ।ਮਨੁੱਖ ਜਾਤੀ ਦੇ ਸੁੱਖ-ਦੁੱਖ, ਗਮੀ-ਖ਼ੁਸ਼ੀ, ਆਸ-ਨਿਰਾਸ਼, ਨੱਚਣ-ਕੁੱਦਣ, ਚਾਅ-ਖੇੜੇ, ਸੰਗੀਤ, ਵਲਵਲੇ, ਰੁਦਨ, ਗਿਲੇ-ਸ਼ਿਕਵੇ, ਪੰਛੀਆਂ ਦੀ ਚਹਿਚਹਾਹਟ, ਕੁਦਰਤ ਦੀ ਵਿਸ਼ਾਲਤਾ, ਬ੍ਰਹਿਮੰਡੀ ਤਾਰਿਆਂ ਦਾ ਹੀਰਿਆਂ ਵਰਗੀ ਅਸੰਖਾਂ ਦੀ ਚਮਕਾਹਟ ਦੇ ਦ੍ਰਿਸ਼, ਅੰਡਜ, ਜੇਰਜ, ਉਤਭੁਜ ਤੇ ਸੇਤਜ ਦੀ ਉਤਪੱਤੀ ਦਾ ਮਾਲਿਕ ਕੋਣ ਹੈ।ਅਸਲ ਵਿੱਚ ਸਮੁੱਚੀ ਕਾਰਜਤਾ ਪਿੱਛੇ ਸੰਚਾਲਨ ਦੀ ਪ੍ਰਕ੍ਰਿਆ ਦਾ ਸੁਆਮੀ ਕੋਈ ਹੋਰ ਹੈ।ਦ੍ਰਿਸ਼ਟਮਾਨ ਨਜ਼ਰ ‘ਚ ਇਸ ਅਦ੍ਰਿਸ਼ਟ ਸ਼ਕਤੀ ਨੂੰ ਸਵਾਲਾਂ, ਬੋਲੀਆਂ ਦੇ ਘੇਰੇ ‘ਚ ਬਹੁਤ ਸਾਰੇ ਸੰਬੋਧਨੀ ਨਾਵਾਂ ਨਾਲ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਪਰਮ-ਸੱਤ ਦੇ ਪ੍ਰਥਾਇ (ਬ੍ਰਹਮ, ਹਰੀ, ਹਰਿ, ਨਿਰੰਜਣ, ਗੋਬਿੰਦ, ਰਾਮ, ਪ੍ਰਭ, ਭਗਵਾਨ, ਨਾਰਾਇਣ, ਭਗਵੰਤ ਸੁਆਮੀ, ਦੀਨਾਨਾਥ, ਚਿੰਤਾਮਨਿ ਕਰੁਣਾਮੈ, ਠਾਕੁਰਿ, ਗੁਸਾਈਂ, ਰਘੂਨਾਥ,(ਮੁਰਾਰਿ) ਮੁਰਾਰੀ ਅਤੇ ਕਨ੍ਹਈ (ਘਨੁੱਈਆ) ਇਹ ਸ਼ਬਦ ਮਿਲਦੇ ਹਨ।ਗੁਰੂ ਸਾਹਿਬ ਜੀ ਦੀ ਬਾਣੀ ਵਿੱਚ ਬ੍ਰਹਮ ਦੇ ਦੋ ਰੂਪਾਂ ਦਾ ਵਰਣਨ ਮਿਲਦਾ ਹੈ ਨਿਰਗੁਣ ਅਤੇ ਸਰਗੁਣ।

**ਕੁੰਜੀ ਸ਼ਬਦ :** ਬ੍ਰਹਮ, ਪ੍ਰਾਚੀਨ ਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬ੍ਰਹਮ।

ਦ੍ਰਿਸ਼ਟ ਆਦ੍ਰਿਸ਼ਟ ਦੇ ਪਸਾਰੇ ਵਿਚ ਇਸ ਸ਼ਕਤੀ (ਬ੍ਰਹਮ) ਦਾ ਕਿਸੇ ਵੀ ਨਾਮਕਰਨ ਵਿਚ ਉਸਦੀ ਏਕਤਾ, ਅਨੇਕਤਾ, ਵਿਸ਼ਾਲਤਾ, ਅੰਤਤਾ, ਅਸੀਮਤਾ, ਅਗੰਮਤਾ, ਆਗੋਚਰਤਾ ਇਸ ਸ਼ਕਤੀ ਦੀ ਕਿਰਿਆਤਮਿਕਤਾ ਨਾਲ ਸੰਬੰਧਿਤ ਵਿਸ਼ੇਸਣੀ ਨਾਵਾਂ ਨੂੰ ਉਤਪੰਨ ਕਰਦਾ ਆਇਆ ਹੈ।ਇਸ ਸ਼ਕਤੀ (ਬ੍ਰਹਮ) ਦੇ ਉਸਦੀ ਕਾਰਜ-ਸ਼ਮਤਾ ਦੇ ਅਨੁਸਾਰ ਉਸਦੇ ਸੰਬੋਧਨੀ ਨਾਮਕਰਨ ਕੀਤੇ ਗਏ ਹਨ।ਵਿਸ਼ੇਸ਼ਣੀ ਨਾਵਾਂ ਨਾਲ ਸਬੰਧਿਤ ਕਾਰਜਾਤਮਕ ਪ੍ਰਤੀਕ੍ਰਿਆਵਾਂ ਹੀ ਇਸ ਸ਼ਕਤੀ ਦੇ ਭਿੰਨ-ਭਿੰਨ ਨਾਂਵਾ ਨੂੰ ਆਪਸੀ ਸੰਬੋਧਨੀ ਪਕ੍ਰਿਆਵਾਂ ਵਿਚ ਸ਼ਾਮਿਲ ਕਰਦੀਆਂ ਹਨ।ਇਸ ਕਰਕੇ ਇਸ ਸ਼ਕਤੀ ਦੇ ਬਹੁਤ ਨਾਂ ਪ੍ਰਚੱਲਤ ਹਨ।ਆਪਸੀ ਤਾਲਮੇਲ ਅਤੇ ਸੰਚਾਰੀ ਭਾਸ਼ਾ ਵਿਚ ਇਸ ਸ਼ਕਤੀ ਨੂੰ ਸੰਸਾਰੀ ਰਚਨਾ ‘ਚ ਕਈ ਨਾਂਵਾ ਨਾਲ ਪੁਕਾਰਿਆ ਗਿਆ ਹੈ।ਜਿਵੇਂ- ਜਹੋਵਾ, ਪਰਮੇਸ਼ਰ, ਪ੍ਰਭੂ, ਗੌਡ, ਅੱਲਾ, ਰਾਮ, ਬ੍ਰਹਮ, ਅਕਾਲਪੁਰਖ, ਵਾਹਿਗੁਰੂ, ਪਾਰਬ੍ਰਹਮ, ਈਸ਼ਵਰ, ਪਰਮਾਤਮਾ ਆਦਿ।ਸੰਸਾਰੀ ਰਚਨਾ ਦੇ ਸਰੂਪ ਪਿੱਛੇ ਇਹ ਕਾਰਜਾਤਮਕ ਸ਼ਕਤੀ ਜਾਤੀਆਂ,

ਪਰਾ-ਜਾਤੀਆਂ ਵਿਚ ਸਰਵ-ਉੱਚ, ਸਰਵਸ਼੍ਰੇਸਠ ਸਥਾਨ ਪ੍ਰਾਪਤ ਕਰਕੇ ਰਚਨਾ ਦੇ ਕਾਰਜ-ਕ੍ਰਮ ਅਨੁਸਾਰ ਆਪਣੇ ਆਪ ਨੂੰ ਇਸ਼ਟ ਦਾ ਦਰਜ਼ਾ ਦਿੰਦੀ ਹੈ।

ਬ੍ਰਹਮ ਦੇ ਕੋਸ਼ਗਤ ਅਰਥ ਹਨ : ੳ) ਸੱਤ ਚਿੱਤ ਆਨੰਦ ਸਰੂਪ, ਕਾਰਣਾਂ ਦਾ ਕਾਰਣ, ਜੋ ਸ੍ਰਿਸਟੀ ਦਾ ਇਕ ਰਸ ਰਹਿਣ ਵਾਲਾ ਮੂਲ ਕਾਰਨ ਹੈ।ਜਿਸ ਤੋਂ ਸਬ ਕੁਝ ਪ੍ਰਕਾਸ ਪਾਂਦਾ ਹੈ।ਆਕਾਲ ਪੁਰਖ।ਵਾਹਿਗੁਰੂ।ਯਥਾ-ਗੁਰਮੁਖਿ ਬ੍ਰਹਮ ਹਰੀਆਵਲਾ ਸਾਚੈ ਸਹਿਜ ਸੁਭਾਏ'[1] ਅ) ਵੇਦ; ਤਪ; ਸਤਯ; ਤਤ੍ਵ; ਯਥਾਰਥ; ਤੁਰੀਯ ਸਰੂਪ, ਸ੍ਵਰੂਵ ਗੁਣਾਤੀਤ ਬਿਸੁਧ ਚੇਤਨ; ਹਿਰਣਯ ਗਰਭ, ਬ੍ਰਹਮਾ ਈਸ਼੍ਵਰ ਸਰੂਪ; ਪ੍ਰਾਣ ਆਤਮਾ ਜਿਸ ਕੇ ਸਾਥ ਤੈ ਜਸ ਕਾ ਅਭੇਦ ਹੈ; ਬ੍ਰਿਪ।[2] ੲ) ਬ੍ਰਹਮ, ਬ੍ਰਹਮੁਨੁ (ਨਪੁੰਸਕ ਲਿੰਗ): ਬ੍ਰਹਿਮੰਡ ਦੀ ਪਰਮ ਆਤਮਾ ਜੋ ਸ੍ਵੈ-ਭੂ, ਪੂਰਣ ਅਤੇ ਅਨਾਦੀ ਹੈ,ਜਿਸ ਵਿਚੋਂ ਸਾਰੀਆਂ ਵਸਤੂਆਂ ਉਤਪੰਨ ਹੋਕੇ ਉਸ ਵਿਚ ਹੀ ਸਮਾ ਜਾਂਦੀਆਂ ਹਨ।ਇਹ ਦੈਵੀ ਸੱਤਾ ਅਸ਼ਰੀਰੀ ਹੈ, ਅਭੌਤਕ ਹੈ, ਅਦ੍ਰਿਸ਼ਟ ਹੈ, ਕਦੀ ਜਨਮ ਨਹੀਂ ਲੈਂਦੀ, ਅਜੋਨੀ ਹੈ, ਅਨਾਦੀ ਹੈ, ਅਨੰਤ ਹੈ, ਅਸੀਮਤ ਹੈ ਅਤੇ ਉੱਨਾ ਚਿਰ ਇਸ ਨੂੰ ਜਾਣਿਆ ਨਹੀਂ ਜਾ ਸਕਦਾ ਜਿੰਨਾ ਚਿਰ ਆਤਮਾ ਤੇ ਛਾਇਆ ਮਾਇਆ ਦਾ ਪੜਦਾ ਨਹੀਂ ਹੱਟਦਾ।ਇਹ ਆਪਣੇ ਸਾਰੇ ਪ੍ਰਕਾਸ਼ਾਂ, ਚੇਤੰਨ ਅਤੇ ਜੜ ਵਸਤੂਆਂ, ਸਰਵੋਤਮ ਦੇਵਤੇ ਤੋਂ ਲੈ ਕੇ ਇੱਕ ਅੱਧਮ ਪ੍ਰਾਣੀ ਵਿਚ ਵੀ ਰਮ ਰਿਹਾ ਹੈ।ਇਸ ਪਰਮ ਆਤਮਾ ਦੀ ਕਿਤੇ ਵੀ ਪੂਜਾ ਨਹੀਂ ਹੁੰਦੀ, ਪਰ ਇਹ ਹਿੰਦੂ ਮੁਨੀਆਂ ਦੇ ਉਸ ਗੂੜ੍ਹ ਚਿੰਤਨ ਦਾ ਪ੍ਰਯੋਜਨ ਰਿਹਾ ਹੈ,ਜਿਸ ਰਾਂਹੀ ਉਹ ਇਸ ਵਿਚ ਲਯ ਹੋਣਾ ਚਾਉਦੇਂ ਸਨ।ਇਸ ਨੂੰ ਕਈ ਵਾਰੀ ਕਲਹੰਸ ਵੀ ਕਿਹਾ ਜਾਂਦਾ ਹੈ।ਸ਼ਤਪਥ ਬ੍ਰਾਹਮਣ ਵਿਚ ਇਕ ਪ੍ਰਸੰਗ ਆਉਂਦਾ ਹੈ।ਜਿਸ ਵਿਚ ਬ੍ਰਹਮ (ਨਪੁੰਸਕ ਲਿੰਗ) ਨੂੰ ਕ੍ਰਿਆਸ਼ੀਲ ਸਿਰਜਨਹਾਰ ਕਿਹਾ ਜਾਂਦਾ ਹੈ।ਕਈ ਵਾਰ ਵੇਦ ਨੂੰ ਵੀ ਬ੍ਰਹਮ ਕਿਹਾ ਜਾਂਦਾ ਹੈ।[3] ਸ) ਭਾਈ ਕਾਨ੍ਹ ਸਿੰਘ ਨਾਭਾ ਬ੍ਰਹਮ ਨੂੰ 'ਬ੍ਰਿਹ' ਧਾਤੂ ਤੋਂ ਨਿੱਕਲਿਆ ਮੰਨਦੇ ਹਨ ਜਿਸ ਦਾ ਅਰਥ ਹੈ "ਵਧਣਾ"।ਇਸ ਤਰਾਂ ਬ੍ਰਹਮ ਦੇ ਅਰਥ "ਸਭ ਤੋਂ ਜ਼ਿਆਦਾ ਵਧਿਆ ਹੋਇਆ, ਕਰਤਾਰ, ਜਗਨਨਾਥ, ਵਾਹਿਗੁਰੂ।"[4]

## ਚਿੰਤਕਾਂ ਅਨੁਸਾਰ ਬ੍ਰਹਮ

ੳ) ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਨੁਸਾਰ," ਭਾਈ ਸਾਹਿਬ ਜੀ ਦੇ ਦ੍ਰਿਸਟੀਕੋਣ ਅਨੁਸਾਰ ਬ੍ਰਹਮ ਨਿਰਗੁਣ ਨਿਰਾਕਾਰ ਸਗੁਣ ਸਵਿਵੇਸ਼ ਹੈ।ਭਾਈ ਸਾਹਿਬ ਜੀ ਨੇ ਬ੍ਰਹਮ ਨੂੰ "ਅਰੂਪ, ਤ੍ਰੈਗੁਣਾਤੀਤ, ਰੂਪ ਰੰਗ ਤੋਂ ਵਿਹੀਨ, ਚੇਤੰਨ, ਆਤਮ-ਸਰੂਪ,ਸਵੈ-ਪ੍ਰਕਾਸ਼ਿਤ, ਪ੍ਰਕਾਸ਼-ਰੂਪ,ਪ੍ਰਕਾਸ਼,ਪ੍ਰਕਾਸ਼-ਸ੍ਰੋਤ, ਸਤਯਮ, ਸ਼ਿਵਮ,ਸੁੰਦਰਮ(ਤ੍ਰੈ-ਮੂਰਤੀ), ਸੱਚਿਦਾਨੰਦ-ਸਰੂਪ, ਅਸਤੀ, ਭਾਂਤੀ, ਪ੍ਰੇਅ, ਗੁਣਾਂ ਦੀ ਖਾਣ, ਗਹਿਰ, ਗੰਭੀਰ, ਸਾਂਤ, ਸਹਿਨਸ਼ੀਲ ,ਅਨੰਤ, ਰਹਿਮ-ਰੂਪ, ਅਨੁ-ਗ੍ਰਹਿ-ਰੂਪ, ਕਿਰਪਾ ਰੂਪ ਆਦਿ "ਵਿਸ਼ੇਸਣਾ ਨਾਲ ਬ੍ਰਹਮ ਦੇ ਸਰੂਪ ਨੂੰ ਬਿਆਨ ਕੀਤਾ ਹੈ।ਬ੍ਰਹਮ ਸਮਸਤ ਦ੍ਰਿਸ਼ਟ ਦਾ ਆਧਾਰ-ਭੂਤ ਨਮਿੱਤ ਤੇ ਉਪਾਦਾਨ ਕਾਰਨ ਹੈ।ਭਾਈ ਸਾਹਿਬ ਜੀ ਨੇ ਬ੍ਰਹਮ ਦੇ ਮਾਤ ਰੂਪ ਅਤੇ ਬਾਲ ਰੂਪ ਦਾ ਵੀ ਵਰਨਣ ਕੀਤਾ ਹੈ।"[5]

ਅ) ਗਿਆਨੀ ਬਲਵੰਤ ਸਿੰਘ ਕੋਠਾਗੁਰੂ ਅਨੁਸਾਰ, " ਬ੍ਰਹਮ ਸ਼ਬਦ ਦੀ ਵਿਉਂਤਪੱਤੀ 'ਵ੍ਰਹੁ' ਧਾਤੂ ਤੋਂ ਮੰਨੀ ਹੈ।ਜਿਸ ਦਾ ਅਰਥ ਵਧਿਆ ਹੋਇਆ/ਵਿਸਥਾਰ ਵਾਲਾ ਹੋਣਾ ਹੈ।ਏਨਾ ਵਿਸਥਾਰ ਵਾਲਾ ਹੋਣਾ ਜੋ ਸਰਬੱਤ ਨੂੰ ਆਪਣੇ ਵਿਚ ਸਮਾ ਲਏ।"[6]

ੲ) ਡਾ. ਵਜ਼ੀਰ ਸਿੰਘ ਅਨੁਸਾਰ,"ਬ੍ਰਹਮ ਪੂਰਨ ਨਿਰਪੇਖ ਹਸਤੀ ਹੈ, ਜਿਸ ਦਾ ਕੋਈ ਗੁਣ ਚਿਤਵਿਆ ਨਹੀਂ ਜਾ ਸਕਦਾ, ਜੋ ਅਗੋਚਰ ਹੈ,ਨਿਰ-ਆਕਾਰ ਤੇ ਪੁਰਖੀ ਹੈ ਅਤੇ ਦ੍ਰਿਸ਼ਟ, ਅਦ੍ਰਿਸ਼ਟ ਸਭ ਦੀ ਤਾਤਵਿਕ ਸਮੁੱਚਤਾ ਹੈ।"[7]

ਸ) ਡਾ. ਤਾਰਨ ਸਿੰਘ ਅਨੁਸਾਰ,"ਪਰਮ-ਸਤਿ ਉਹ ਸੱਚ ਹੈ, ਹਸਤੀ ਹੈ, ਨਿਰਗੁਣ ਤੇ ਸਰਗੁਣ ਹੈ, ਸਰਵ-ਵਿਆਪਕ ਤੇ ਨਿਰਲੇਪ ਹੈ, ਕਰਤਾ ਹੈ, ਭਰਤਾ ਹੈ, ਅਥਾਹ ਸੁੰਦਰ ਤੇ ਸਤਿ ਚਿੱਤ ਆਨੰਦ ਹੈ, ਪ੍ਰੇਮ ਰੂਪ ਹੈ, ਗੁਣੀ ਨਿਧਾਨ ਹੈ।ਇਹ ਸਾਰਾ ਚਿਤਰਨ ਮੂਲ-ਮੰਤਰ ਦੀ ਸੀਮਾ ਵਿਚ ਹੈ।"[8]

ਉਪਰੋਕਤ ਵਿਚਾਰਾਂ ਤੋਂ ਪਤਾ ਚੱਲਦਾ ਹੈ ਕਿ ਬ੍ਰਹਮ ਅਗਮ, ਅਗੋਚਰ, ਸੱਚਾ, ਕਰਤਾ, ਹਰਤਾ, ਭਰਤਾ, ਨਿਰੰਜਨ, ਸਰਗੁਣ, ਹਰੀ, ਅਲੇਖ, ਅਲੱਖ, ਨਿਰਭਉ, ਨਿਰਵੈਰੁ ਹੈ।ਬ੍ਰਹਮ ਉਹ ਮੂਲ ਕਾਰਨ ਹੈ ਜਿਹੜਾ ਨਾਮ ਦੇ ਜ਼ਰੀਏ ਸੰਸਾਰ ਦਾ ਆਧਾਰ ਹੈ।ਜਗਤ ਦਾ ਸੁਆਮੀ ਹੋਣ ਕਰਕੇ ਇਹ ਖੁਦ ਸੱਤਾ ਤੇ ਸੱਤਾ ਦੀ ਅਭਿਵਿਅਕਤੀ ਕਰਦਾ ਹੈ।ਇਹ ਆਦਿ ਤੋਂ ਵੀ ਸੱਚ ਸੀ ਤੇ ਯੁੱਗਾਂ ਤੋਂ ਵੀ ਸੱਚ ਸੀ ਅਤੇ ਹੁਣ ਵੀ ਸੱਚ ਹੈ ਤੇ ਅੱਗੇ ਵੀ ਸੱਚ ਹੋਵੇਗਾ।ਪਰਮਸਤਿ ਉਹ ਅੰਤਿਮ ਸੱਚ ਹੈ ਜੋ ਸਮਸਤ ਦਾ ਆਧਾਰ ਹੈ ਅਤੇ ਸਭ ਪਦਾਰਥਾਂ ਦਾ ਮੂਲ ਹੈ।ਇਹ ਬ੍ਰਹਮ ਤ੍ਰੈਕਾਲਾਤੀਤ ਹੈ ਇਸ ਨੂੰ ਮੂਲ-ਮੰਤ੍ਰ ਵਿਚ 'ਆਦਿ ਸਚੁ ਜੁਗਾਦਿ ਸਚੁ' ਵੀ ਕਿਹਾ ਗਿਆ ਹੈ।

ਇਹ ਹੀ ਜਗਤ ਦਾ ਆਦਿ, ਆਧਾਰ ਤੇ ਅੰਤ ਹੈ।ਇਹ ਹੀ ਅੰਤਿਮ ਸੱਚਾਈ ਹੈ ਜੋ ਨਾਮ ਰੂਪਾਂ ਵਿਚ ਫੈਲੇ ਹੋਏ ਸੰਸਾਰ ਦਾ ਸ੍ਰੋਤ ਆਧਾਰ ਅਤੇ ਵਿਨਾਸ਼ ਅਤੇ ਜਿਸ ਵਿਚ ਅਨੇਕਾਂ ਰਸ ਅਤੇ ਰਸੀਏ ਸਮਾਹਿਤ ਹਨ, ਜਿਹੜਾ ਉਹਨਾਂ ਕਾਰਜਾਂ ਦਾ ਜਿਹੜੇ ਸਥਾਨ ਅਤੇ ਸੀਮਾਂ ਅਤੇ ਕਾਰਨਾਂ ਦੇ ਘੇਰੇ ਵਿਚ ਹਨ।ਬ੍ਰਹਮ ਸੰਸਾਰ ਦਾ ਇਕ ਅਜਿਹਾ ਕਾਰਨ ਹੈ ਜਿਹੜਾ ਚੇਤਨਾ ਦੀ ਸਮਝ ਤੋਂ ਪਰੇ ਹੈ।ਉਸ ਤੋਂ ਹੀ ਜੀਵਨ ਸ਼ਕਤੀ, ਮਨ, ਇੰਦਰੀਆਂ, ਸਥਾਨ, ਹਵਾ, ਅਗਨੀ, ਪਾਣੀ ਅਤੇ ਧਰਤੀ ਨਿਕਲਦੇ ਹਨ ਅਤੇ ਉਹ ਹੀ ਸਾਰਿਆਂ ਦਾ ਆਸਰਾ ਹੈ।

ਸੰਸਾਰ ਦੀ ਅਕੱਥ ਤੇ ਅਲੇਖ ਵਿਸ਼ਾਲਤਾ ਤੋਂ ਇਹ ਅਨੁਭਵ ਹੁੰਦਾ ਹੈ ਕਿ ਇਹ ਅੰਤਿਮ ਸੱਚਾਈ ਵਿਰਾਟ ਸ਼ਕਤੀ ਦਾ ਭੰਡਾਰ ਹੈ। ਜਿਸ ਤੋਂ ਸਭ ਕੁਝ ਫੁੱਟਦਾ ਹੈ।ਬ੍ਰਹਿਮੰਡੀ ਜਟਿੱਲਤਾਵਾਂ, ਅਦਭੁੱਦ ਸਿਲਸਿਲੇ, ਪੂਰਣਤਾ ਅਤੇ ਜੋੜ-ਤੋੜ ਆਦਿ ਇਹ ਸਭ ਤੱਥ ਉਸ ਕਰਤੇ ਵੱਲ ਸੰਕੇਤ ਕਰਦੇ ਹਨ ਜਿਸ ਦੁਵਾਰਾ ਇਹ ਸਭ ਬਣਾਇਆ ਗਿਆ ਜੋ ਹਰ ਪਲ ਬਦਲਾਅ ਦੀ ਸਥਿਤੀ ਵਿਚ ਵਿਚਰ ਰਿਹਾ ਹੈ ਜੋ ਐਨਾ ਯੋਜਨਾਬੱਧ, ਕ੍ਰਿਆਸ਼ੀਲ ਅਤੇ ਚੇਤੰਨ ਹੈ।

## ਗੁਰਮਤਿ ਦਰਸ਼ਨ ਤੋਂ ਪਹਿਲਾਂ ਬ੍ਰਹਮ ਦਾ ਪ੍ਰਾਚੀਨ ਰੂਪ

ਗੁਰਮਤਿ ਦਰਸ਼ਨ ਦੇ ਉਥਾਨ ਤੋਂ ਪਹਿਲਾਂ 'ਬ੍ਰਹਮ' ਸ਼ਬਦ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ।'ਬ੍ਰਹਮ' ਪ੍ਰਾਚੀਨ ਸ਼ਬਦ ਹੈ।ਜਿਸ ਦੀ ਵਰਤੋਂ ਆਦਿ ਸ਼ਕਤੀ ਦੇ ਸੰਬੋਧਨੀ ਨਾਮ ਵਜੋਂ ਹੁੰਦੀ ਆ ਰਹੀ ਹੈ।ਵੈਦਿਕ ਸਾਹਿਤ ਵਿੱਚ ਬ੍ਰਹਮ ਸ਼ਬਦ ਦੀ ਵਰਤੋਂ ਅਨੇਕਾਂ ਹੀ ਅਰਥਾਂ ਵਿੱਚ ਕੀਤੀ ਹੋਈ ਮਿਲਦੀ ਹੈ।ਰਿਗਵੇਦ ਵਿੱਚ ਬ੍ਰਹਮ ਨੂੰ 'ਸਤੁਤੀ' ਦੇ ਅਰਥਾਂ ਵਿੱਚ ਸਮਝਿਆ ਤੇ ਮੰਨਿਆ ਗਿਆ ਸੀ।ਅਥਰਵ ਵੇਦ ਵਿਚ 'ਯੱਗ' ਦੇ ਰੂਪ ਵਿਚ, ਵੇਦਾਂ ਦੇ ਦੇਵਤਿਆਂ (ਇੰਦਰ, ਮਿੱਤਰ, ਵਰੁਣ, ਅਗਨੀ) ਇਹ ਰਿਗਵੇਦ ਦੇ ਦੇਵਤੇ ਹਨ ਤੇ ਯਜੁਰਵੇਦ ਦੇ ਦੇਵਤੇ (ਵਾਯੂ, ਚੰਦਰਮਾ ਸ਼ੁਕਰ, ਬ੍ਰਹਮਾ ਅਤੇ ਪਰਜਾਪਤੀ) ਇਨ੍ਹਾਂ ਸਭ ਨੂੰ ਇਨ੍ਹਾਂ ਦੇ ਨਾਮਕਰਨ ਰੂਪ ਵਿੱਚ ਇੱਕੋ 'ਬ੍ਰਹਮ' ਪਰਮਾਤਮਾ (ਈਸ਼ਵਰ) ਦੇ ਪ੍ਰਥਾਇ ਵਰਤਿਆ ਗਿਆ।ਰਿਗਵੇਦ ਵਿਚ ਬ੍ਰਹਮ ਦੇ ਪ੍ਰਥਾਇ ਕਲਿਆਣਕਾਰੀ ਸਖਾ ਰੂਪ ਅਤੇ ਪਿਤਾ ਰੂਪ ਅਦੁੱਤੀ ਪ੍ਰਮਾਤਮਾ ਦਾ ਵਰਣਨ ਵੀ ਮਿਲਦਾ ਹੈ।ਤੈਤਰੀ ਉਪਨਿਸ਼ਦ ਦੀ ਭ੍ਰਿਗ-ਬੱਲੀ ਵਿਚ ਬ੍ਰਹਮ ਦੇ ਲਈ ਅੰਨ, ਪ੍ਰਾਣ ਮਨ ਵਿਗਿਆਨ ਅਤੇ ਆਨੰਦ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।ਇਸੇ ਤਰ੍ਹਾਂ ਭਗਤੀ ਦੇ ਆਚਾਰੀਆ ਨੇ ਪਾਰਬ੍ਰਹਮ ਪ੍ਰਸ਼ੋਤਮ ਅਤੇ ਪਰਮੇਸ਼ਰ ਅਤੇ ਨਾਥਾਂ ਨੇ ਨਾਦ ਬ੍ਰਹਮ, ਪਰਮ ਸ਼ਿਵ, ਪਰਮ ਤੱਤ ਅਤੇ ਪਰਮ ਸ਼ੂਨਯ ਆਦਿ ਸ਼ਬਦਾਂ ਦੀ ਵਰਤੋਂ ਬ੍ਰਹਮ ਦੇ ਪ੍ਰਥਾਇ ਕੀਤੀ ਹੈ।

ਬ੍ਰਹਮ ਨੂੰ ਤਜਲਾਨ ਵੀ ਕਿਹਾ ਗਿਆ ਹੈ ਕਿਉਂਕਿ ਉਹ ''ਤੱਜ', 'ਤੱਲ' ਅਤੇ 'ਤਦਨ' ਹੈ।ਤਤ+ਜਲ+ਅਨ ਤੋਂ 'ਤਜਲਾਨ' ਬਣਦਾ ਹੈ ਕਿਉਂਕਿ ਸਮਸਤ ਭੂਤ ਬ੍ਰਹਮ ਤੋਂ ਜਾਤ ਜਾਂ ਉਤਪੰਨ ਹੁੰਦੇ ਹਨ, ਇਸ ਲਈ ਉਹ 'ਤੱਜ' ਹੈ।ਸਮਸਤ ਭੂਤਾਂ ਦਾ ਉਸੇ ਵਿਚ ਲੈ ਹੁੰਦਾ ਹੈ,ਇਨ੍ਹਾਂ ਤਿੰਨਾਂ ਦੇ ਅਰਥ ਇਸ ਪ੍ਰਕਾਰ ਹਨ।'ਤੱਜ'- ਸਾਰੇ ਭੂਤ ਬ੍ਰਹਮ ਤੋਂ ਜਾਤ ਜਾਂ ਉਤਪੰਨ ਹੁੰਦੇ ਹਨ।'ਤੱਲ'- ਸਮਸਤ ਭੂਤਾਂ ਦਾ ਉਸੇ ਵਿਚ ਲੈ ਹੁੰਦਾ ਹੈ।'ਤਦਨ'- ਸਮਸਤ ਭੂਤ ਆਪਣੇ ਸਥਿਤੀ ਕਾਲ ਵਿਚ ਉਸੇ ਬ੍ਰਹਮ ਵਿਚ ਅਨੰਤ ਚੇਸ਼ਟਾ ਕਰਦੇ ਹਨ।ਇਨ੍ਹਾਂ

ਤਿੰਨਾਂ ਦੇ ਮਿਲਾਨ ਨਾਲ 'ਤੱਜਲਾਨ' ਬਣਦਾ ਹੈ।ਇਹੀ ਬ੍ਰਹਮ ਦਾ ਸਰਬ ਪ੍ਰਥਮ ਲੱਛਣ ਹੈ।ਬ੍ਰਹਮ ਸੂਤਰਕਾਰ 'ਬਾਦਰਾਇਣ' ਨੇ ਇਸ ਲੱਛਣ ਨੂੰ 'ਜਨਮਧਸਯ' ਕਿਹਾ ਹੈ।ਇਸ ਦਾ ਸ਼ਾਬਦਿਕ ਅਰਥ ਹੈ ਜਿਸ ਤੋਂ ਸਮਸਤ ਭੂਤਾਂ ਦੇ ਜਨਮ ਆਦਿ (ਇੱਥੇ ਆਦਿ ਤੋਂ ਭਾਵ ਸਥਿਤੀ ਅਤੇ ਲੈ ਤੋਂ ਹੈ) ਹੁੰਦੇ ਹਨ ਉਹੀ ਬ੍ਰਹਮ ਹੈ।[9]

ਉਪਨਿਸ਼ਦਾਂ ਅਤੇ ਗੀਤਾ ਵਿਚ 'ਓਮ' ਸ਼ਬਦ ਬੀਜ ਮੰਤ੍ਰ ਹੈ।ਇਹ ਸ਼ਬਦ ਬ੍ਰਹਮ ਦੇ ਪ੍ਰਥਾਇ ਵਰਤਿਆ ਗਿਆ ਹੈ।ਇਸ ਦੀ ਆਕ੍ਰਿਤੀ 'ਓ' (ਅ, ਉ, ਮ) ਹੈ, ਜਿਸ ਵਿਚ ਬ੍ਰਹਮ ਦੇ ਗੁਣ ਨਾਮ ਅਤੇ ਸ਼ਾਂਤੀ ਨਾਮ ਕਥਨ ਕੀਤੇ ਹਨ।'ਅਓਮ' ਸ਼ਬਦ ਉਪਨਿਸ਼ਦਾਂ ਅਤੇ ਗੀਤਾ ਵਿਚ ਬ੍ਰਹਮ ਦਾ ਵਾਚਕ ਸ਼ਬਦ ਹੈ।ਜਿਸਦਾ ਭਾਵ ਅਦ੍ਵੈਤ ਹੈ ਪਰੰਤੂ ਬਾਅਦ ਵਿਚ ਬ੍ਰਹਮ ਨੂੰ ਤ੍ਰਿਮੂਰਤੀ (ਬ੍ਰਹਮਾ, ਵਿਸ਼ਨੂੰ, ਮਹੇਸ਼) ਵਿਚ ਕਲਪਿਆ ਗਿਆ ਅਤੇ ਇਕ ਪ੍ਰਭੂ ਦੇ ਤਿੰਨ ਵੱਖ-ਵੱਖ ਕਰਮ ਨਾਮ ਮੰਨਣ ਦੀ ਥਾਂ ਤਿੰਨਾਂ ਹੀ ਮੂਰਤਾਂ ਦੀ ਵੱਖ-ਵੱਖ ਹਸਤੀ ਸਮਝ ਕੇ ਅਰਾਧਨਾ ਹੋਣ ਲੱਗੀ।[10]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬ੍ਰਹਮ (ਪਰਮ ਸੱਤਾ) ਦਾ ਸਿਧਾਂਤ ਏਕੀਸ਼ਵਰਵਾਦ ਦੇ ਸਿਧਾਂਤ ਉਪਰ ਅਧਾਰਿਤ ਹੈ। ਪ੍ਰਾਚੀਨ ਕਾਲ ਵਿਚ ਬ੍ਰਹਮ ਸੰਬੰਧੀ ਕਈ ਵਿਚਾਰ ਧਾਰਾਵਾਂ ਮਿਲਦੀਆਂ ਹਨ ਜਿੱਥੇ ਬ੍ਰਹਮ ਦਾ ਸਰੂਪ ਬਹੁ-ਦੇਵਵਾਦ, ਸਤੂਤੀ ਰੂਪ, ਯਗ ਰੂਪ ਆਦਿ ਦੇਖਣ ਨੂੰ ਮਿਲਿਆ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਆਦਿ ਸ਼ਕਤੀ ਬ੍ਰਹਮ ਦਾ ਸਰੂਪ ਏਕਤਵ ਦੇ ਰੂਪ ਵਿੱਚ ਪ੍ਰਾਪਤ ਹੋਇਆ।ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬ੍ਰਹਮ ਦਾ ਸਰੂਪ ਮੂਲ ਮੰਤਰ ਰਾਹੀਂ ਦਿੱਤਾ ਹੈ।ਇਹ ਮੂਲ ਮੰਤਰ ਸਮਸਤ ਪਸਾਰੇ ਦੀ ਬੁਨਿਆਦ ਦਾ ਆਧਾਰ ਮੰਤ੍ਰ ਹੈ।ਮੂਲ ਮੰਤਰ ਜਪੁਜੀ ਦੇ ਆਰੰਭ ਵਿੱਚ ਆਇਆ ਮਿਲਦਾ ਹੈ।ਇਹ ਮੰਗਲਾਚਰਨ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਬੁਨਿਆਦ ਹੈ।ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ੫੬੭ ਵਾਰ ਵਰਤਿਆ ਗਿਆ ਹੈ।ਮੂਲ ਮੰਤਰ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਮਾਤਮਾ ਦੇ ਸਰੂਪ ਨੂੰ ਬਿਆਨ ਕੀਤਾ ਹੈ।ਇਸ ਵਿਚ ਪਰਮ ਤੱਤ ਦੇ ਜਿਸ ਦਾਰਸ਼ਨਿਕ ਸਰੂਪ ਦੀ ਸਥਾਪਨਾ ਹੋਈ ਹੈ ਉਸ ਦੀ ਪ੍ਰਾਪਤੀ ਗੁਰੂ ਦੁਵਾਰਾ ਦੱਸ ਕੇ ਦਾਰਸ਼ਨਿਕਤਾ ਦਾ ਭਾਵਨਾਤਮਕ ਸਮਨਵੈ ਕੀਤਾ ਹੈ ਪਾਤਸ਼ਾਹ ਨੇ।ਸੋ ਇਸ ਤਰ੍ਹਾਂ ਗੁਰਮਤਿ ਦਰਸ਼ਨ ਵਿਚ '੧ੴ' ਦਾ ਸੰਕਲਪ ਹੀ ਬ੍ਰਹਮ ਹੈ।ਇਹੀ ਗੁਰੂ ਨਾਨਕ ਸਾਹਿਬ ਦਾ ਬ੍ਰਹਮ ਹੈ।[11]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਸ਼ਬਦ ਚਾਰ ਰੂਪਾਂ ਵਿਚ ਮਿਲਦਾ ਹੈ-

ੳ) ਬ੍ਰਹਮ

ਅ) ਬ੍ਰਹਮੰ

ੲ) ਬ੍ਰਹਮਿ

ਸ) ਬ੍ਰਹਮੁ

ਇਹਨਾਂ ਬ੍ਰਹਮ ਸ਼ਬਦ ਰੂਪਾਂ ਦੀ ਗਿਣਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 258 ਵਾਰ ਆਈ ਹੈ। ਇਹਨਾਂ ਚਾਰ ਰੂਪਾਂ ਦੇ ਅਰਥ ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ ਇਸ ਪ੍ਰਕਾਰ ਹਨ-

**ਬ੍ਰਹਮ:** 1. ਕਰਤਾਰ ਜਗਤ ਦਾ ਸੁਆਮੀ , ਪ੍ਰਭੂ

" ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥"

" ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ "
" ਭਗਤਿ ਵਛਲੁ ਨਾਨਕ ਗਾਇਓ॥ "

2. ਬ੍ਰਹਮਾ, ਇਕ ਦੇਵਤਾ

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ॥ "

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥ "

3. ਆਤਮਕ, ਰਬੀ
"ਪਾਂਡੇ ਐਸਾ ਬ੍ਰਹਮ ਬੀਚਾਰੁ ॥ "
(ਮਹਾਨ ਕੋਸ਼ ਵਿਚ ਇਸਦੇ ਅਰਥ ਵੇਦਾਂ ਦਾ ਵਿਚਾਰ ਕੀਤੇ ਹਨ)
"ਇਹੁ ਬ੍ਰਹਮ ਬੀਚਾਰੁ ਸੁ ਜਾਨੈ॥ "

4. ਵੇਦ ਗਿਆਤਾ ਬ੍ਰਹਮ ਰਿਸ਼ੀ
"ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ॥ "
5. ਬ੍ਰਾਹਮਣ
"ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥ "
(ਬ੍ਰਾਹਮਣ ਹੋਣ ਦੇ ਹੰਕਾਰ ਵਿਚ ਸੜੇ ਹੋਏ)
6. ਠਾਕੁਰ
"ਪੂਜਨ ਚਾਲੀ ਬ੍ਰਹਮ ਠਾਇ॥"(ਠਾਕੁਰ ਦੁਆਰੇ)

**ਬ੍ਰਹਮੰ:** ਬ੍ਰਹਮ ਦੇ ਭਾਵ ਸ਼ੁਭ
" ਜੋ ਜਾਨਸਿ ਬ੍ਰਹਮੰ ਕਰਮੰ॥ "

**ਬ੍ਰਹਮਿ:** ਬ੍ਰਹਮ (ਪਭੂ) ਵਿਚ

" ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਆਉ "॥
(ਪੂਰਨ ਪ੍ਰਭੂ ਨੇ)

**ਬ੍ਰਹਮੁ:** 1) ਬ੍ਰਹਮੁ
" ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ॥ " (ਪ੍ਰਭੂ)
(ਮਹਾਨ ਕੋਸ਼ ਇਸ ਦੇ ਅਰਥ 'ਵੇਦ' ਕਰਦਾ ਹੈ)
" ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਵਾਰੁ॥ "
(ਮਹਾਨ ਕੋਸ਼ ਨੇ ਇਸ ਦਾ ਅਰਥ ਆਤਮਾ ਕੀਤਾ ਹੈ)
2. ਬ੍ਰਹਮਿ-ਪ੍ਰਭੂ
ੳ) ਸਵਾਸ " ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥ " ( ਹੇਠਲੇ ਸੁਆਸਾਂ ਨੂੰ)

3. ਬ੍ਰਹਮਾ, ਇਕ ਦੇਵਤਾ
" ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ "

4. ਬ੍ਰਹਮੁ (ਭਾਵ ਜੀਵ)
" ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ॥ "[12]

ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਬ੍ਰਹਮ ਦੇ ਚਾਰੋਂ ਰੂਪਾਂ ਦੇ ਪ੍ਰਥਾਇ ਇਸ ਦੇ ਭਾਵ ਅਰਥਾਂ ਨੂੰ ਦੱਸਿਆ ਗਿਆ ਹੈ ਜਿਸ ਵਿਚ ਬ੍ਰਹਮ (ਜਗਤ ਦਾ ਸੁਆਮੀ), ਆਤਮਿਕ ਭਾਵ (ਬ੍ਰਹਮ), ਰੱਬ, ਬ੍ਰਹਮਾ ਇਕ ਦੇਵਤਾ, ਬ੍ਰਾਹਮਣ

ਰਿਸ਼ੀ, ਠਾਕੁਰ, ਪ੍ਰਭੂ, ਜੀਵ ਕੀਤੇ ਗਏ ਹਨ।ਬ੍ਰਹਮ ਉਹ ਹਸਤੀ ਜਾਂ ਅੰਤਿਮ ਸੱਚ ਹੈ ਜੋ ਕਿ ਇਸ ਸਿਰਜਨਾ ਦਾ ਅਧਾਰ ਹੈ।ਜਿਸ ਦੇ ਜਰੀਏ ਇਹ ਸਮੁੱਚਾ ਬ੍ਰਹਿਮੰਡ ਹੋਂਦ ਵਿਚ ਹੈ।ਬ੍ਰਹਮ, ਬ੍ਰਹਮੰ, ਬ੍ਰਹਮਿ, ਬ੍ਰਹਮੁ ਇਸ ਸ਼ਬਦ ਰੂਪਾਂ ਦੇ ਗੁਰਬਾਣੀ ਵਿਚ ਅਰਥ ਅਲੱਗ-2 ਭਾਵਾਂ ਤੋਂ ਲਏ ਗਏ ਹਨ।ਇਹਨਾਂ ਦੇ ਅਰਥ ਵਿਆਕਰਨਕ ਤੌਰ ਤੇ ਭਾਵਨਾ ਦਾ ਅਰਥ ਕਿਰਿਆ ਦੇ ਤੌਰ ਤੋਂ ਵੱਖਰਾ ਹੋ ਜਾਂਦਾ ਹੈ।ਭਾਵੇ ਕਿ ਬ੍ਰਹਮ ਸਮਸਤ ਸਿਰਜਨਾ ਦਾ ਅਧਾਰ ਹੈ ਪਰੰਤੂ ਉਹ ਆਪਨੀ ਸਿਰਜਨਾ ਵਿਚ ਕਿਸੇ ਨਾ ਕਿਸੇ ਰੂਪ ਵਿਚਰ ਰਿਹਾ ਹੈ।ਜਿਵੇਂ ਬ੍ਰਹਮ ਦਾ ਇਕ ਭਾਵ ਗੁਰਬਾਣੀ ਵਿਚ 'ਸ਼ੁਭ' ਤੋਂ ਵੀ ਹੈ, ਪ੍ਰਭੂ ਵੀ ਹੈ, ਜੀਵ-ਆਤਮਾ ਤੋਂ ਵੀ ਹੈ।ਸੋ ਸਮੁੱਚੀ ਬਾਣੀ ਵਿਚ ਬਾਣੀਕਾਰਾਂ ਨੇ ਵਿਸ਼ਿਆਂ ਦੇ ਕਰਤਰੀ ਭਾਵ ਨੂੰ ਦੱਸਣ ਲਈ ਕੀਤਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਸ਼ਬਦ ਦੀ ਗਿਣਤੀ 258 ਵਾਰ ਆਈ ਹੈ।ਜਿਹਨਾਂ ਦੇ ਅਰਥ ਅਤੇ ਭਾਵ ਪ੍ਰਗਟਾਵੇ ਵਿਚ ਅਲੱਗ ਅਲੱਗ ਹਨ।ਬ੍ਰਹਮ ਦੇ ਪ੍ਰਥਾਇ (੧ਓ, ਹਰੀ, ਹਰਿ, ਨਿਰੰਜਣ, ਗੋਬਿੰਦ, ਰਾਮ, ਪ੍ਰਭ, ਭਗਵਾਨ, ਨਾਰਾਇਣ, ਭਗਵੰਤ ਸੁਆਮੀ, ਦੀਨਾਨਾਥ, ਚਿੰਤਾਮਨਿ ਕਰੁਣਾਮੈ, ਠਾਕੁਰਿ, ਗੁਸਾਈਂ, ਰਘੂਨਾਥ,(ਮੁਰਾਰਿ) ਮੁਰਾਰੀ ਅਤੇ ਕਨ੍ਹਈ (ਘਨ੍ਹੱਈਆ) ਇਹ ਸ਼ਬਦ ਮਿਲਦੇ ਹਨ।

ਗੁਰਮਤਿ ਦਰਸ਼ਨ ਵਿਚ ਬ੍ਰਹਮ ਦੇ ਸਰੂਪ ਦਾ ਇੱਥੇ ਵਖਿਆਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਬਣਾਇਆ ਗਿਆ ਹੈ।ਗੁਰਮਤਿ ਦਰਸ਼ਨ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਚਿੰਤਨ ਦੇ ਪਸਾਰੇ ਵਿੱਚੋਂ ਉਸ ਮੂਲ (ਬ੍ਰਹਮ) ਨੂੰ ਜਾਨਣ ਦੀ ਕੋਸ਼ਿਸ ਕੀਤੀ ਗਈ ਹੈ।ਇਹ ਖੋਜ ਪੇਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬ੍ਰਹਮ ਦੇ ਪਸਾਰ ਨੂੰ ਸਮਝਣ ਉੱਤੇ ਕੇਂਦਰਿਤ ਹੈ।

ਤਿਲਕ ਜੰਞੂ ਰਾਖਾ ਪ੍ਰਭੂ ਤਾ ਕਾ॥ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤ ਇਤੀ ਜਿਨਿ ਕਰੀ॥ਸੀਸੁ ਦੀਆ ਪਰ ਸੀ ਨ ਉਚਰੀ॥
ਧਰਮ ਹੇਤਿ ਸਾਕਾ ਜਿਨਿ ਕੀਆ॥ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥ਪ੍ਰਭ ਲੋਗਨ ਕਹ ਆਵਤ ਲਾਜਾ॥
(ਪਤਿਸ਼ਾਹੀ 10, ਬਚਿਤ੍ਰ ਨਾਟਕ)

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਵੈਸਾਖ ਵਦੀ ਪੰਜਵੀਂ ਸੰਮਤ ੧੬੭੮ ਮੁਤਾਬਕ ਪਹਿਲੀ ਅਪ੍ਰੈਲ ੧੬੨੧ ਸ਼ੁੱਕਰਵਾਰ ਮਾਤਾ ਨਾਨਕੀ ਦੀ ਕੁੱਖੋਂ ਗੁਰੂ ਹਰਗੋਬਿੰਦ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ।ਜਦ ਪੰਜਵੇਂ ਬੇਟੇ ਦੇ ਜਨਮ ਦੀ ਖ਼ਬਰ ਪੁੱਜੀ ਤਾਂ ਛੇਵੇਂ ਪਾਤਸ਼ਾਹ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ।ਕੀਰਤਨ ਦੀ ਸਮਾਪਤੀ ਉਪਰੰਤ ਆਪ ਜੀ ਸੰਗਤ ਸਮੇਤ ਗੁਰੂ ਕੇ ਮਹਲ ਜਿੱਥੇ ਬਾਲਕ ਦਾ ਜਨਮ ਹੋਇਆ ਸੀ, ਪੁੱਜੇ ਅਤੇ ਆਉਂਦਿਆਂ ਹੀ ਨਵ ਜੰਮੇ ਬੱਚੇ ਨੂੰ ਸਿਰ ਝੁਕਾ ਕੇ ਬੰਦਨਾ ਕੀਤੀ। ਗੁਰੂ ਦਾ ਨਿਰਾਲਾ ਕਰਮ ਦੇਖ ਕੇ ਭਾਈ ਬਿਧੀ ਚੰਦ ਜੀ ਨੇ ਗੁਰੂ ਜੀ ਤੋਂ ਪੁੱਛਿਆ ਕਿ ਬਾਲਕ ਨੂੰ ਨਮਸ਼ਕਾਰ ਕਰਨ ਦਾ ਕੀ ਕਾਰਨ ਹੈ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ -

ਤਬ ਗੁਰ ਸਿਸ ਕੋ ਬੰਧਨ ਕੀਨੀ ਅਤਿ ਹਿਤ ਲਾਇ।
ਬਿਧੀਆ ਕਹਿ ਕਸ ਬਿਨਤਿ ਕੀ ਕਹੋ ਮੋਹਿ ਸਭ ਭਾਇ॥

ਮੀਰੀ ਪੀਰੀ ਦੇ ਮਾਲਕ ਦਾ ਉੱਤਰ ਸੀ, " ਦੀਨ ਰਛ ਸੰਕਟ ਹਰੈ "।ਉਸ ਸਮੇਂ ਨਾਂ ਵੀ ਤੇਗ ਬਹਾਦਰ ਰੱਖਿਆ ਤੇ ਅਰਦਾਸ ਕੀਤੀ ਕੇ ਗੁਰੂ ਨਾਨਕ ਸਾਹਿਬ ਇਸ ਬਾਲਕ ਨੂੰ ਅੜ ਖਲੋਣ ਦੀ ਸ਼ਕਤੀ, ਬੁਰਿਆਈ ਨਾਲ ਸਦਾ ਟਕਰਾਉਣ ਦਾ ਬਲ ਅਤੇ ਆਖ਼ਰੀ ਦਮ ਤੱਕ ਜੂਝਣ ਦੀ ਤਾਕਤ ਦੇਵੀਂ।ਫੇਰ ਇਹ ਵੀ ਫ਼ੁਰਮਾਇਆ ਕਿ ਜਾਲਮ ਤੁਰਕਾਂ ਦੀ ਜੜ੍ਹ ਵੀ ਇਹ ਬਾਲਕ ਹੀ ਉਖੇੜੇਗਾ, " ਇਹ ਨਿਰਭੈ ਜਰ ਤੁਰਕ ਉਖੇਰੀ।"[13]

ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਇਸੇ ਦਾ ਭਾਵ ਲਿਖਿਆ ਹੈ ਕਿ ਇਹ ਬਾਲਕ ਧਰਤੀ ਦਾ ਭਾਰ ਦੂਰ ਕਰੇਗਾ।ਹਿੰਦ ਦੀ ਰੱਖਿਆ ਸੀਸ ਰੂਪੀ ਚਾਦਰ ਵਿਛਾ ਕੇ ਕਰੇਗਾ ਅਤੇ ਸੂਰਜ ਵਾਂਗ ਰੋਸ਼ਨੀ ਦੇ ਕੇ ਘੋਰ ਅਨਿਆਂ ਹਟਾਏਗਾ।

ਤੇਗ ਬਹਾਦਰ ਚਾਦਰ ਹਿੰਦ,
ਦਨਿੰਦ ਮਨਿੰਦ ਭਏ ਅਵਤਾਰੇ।

ਗੁਰੂ ਸਾਹਿਬ ਜੀ ਨੇ ਆਪਣੇ ਕਾਰਜਕਾਲ ਦੌਰਾਨ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਯਾਤਰਾਵਾਂ ਕੀਤੀਆਂ।ਉਨ੍ਹਾਂ ਆਨੰਦਪੁਰ ਸ਼ਹਿਰ ਅਤੇ ਗੁਰੂ ਕੇ ਲਾਹੌਰ ਦੀ ਸਥਾਪਨਾ ਕੀਤੀ।ਆਪ ਜੀ ਨੇ ਧਰਮ ਦੀ ਰਾਖੀ ਲਈ ਅਦੁੱਤੀ ਸ਼ਹਾਦਤ ਦਿੱਤੀ।ਆਪ ਦੀ ਸ਼ਹਾਦਤ ਦੇ ਨਾਲ ਹੀ ਤਿੰਨ ਸਿੱਖਾਂ ਨੇ ਵੀ ਸ਼ਹਾਦਤ ਦਾ ਜਾਮ ਪੀਤਾ।ਆਪ ਦੇ ੧੧੬ ਸ਼ਬਦ , ੧੫ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।ਆਪ ਨੇ ਹਿੰਦੂ ਧਰਮ ਦੀ ਰੱਖਿਆ ਲਈ ੧੬੭੫ ਈਸਵੀ ਨੂੰ ਦਿੱਲੀ ਵਿਖੇ ਸ਼ਹਾਦਤ ਪਾਈ।[14]
ੳ) ਨਿਰਗੁਣ ਬ੍ਰਹਮ ਅ) ਸਰਗੁਣ ਬ੍ਰਹਮ

### ੳ)ਨਿਰਗੁਣ ਬ੍ਰਹਮ

ਨਿਰਗੁਣ : ਸੰ. ਨਿਗੁਣ. ਵਿ-ਮਾਇਆ ਦੇ ਸਤ ਰਜ ਤਮ ਗੁਣ ਤੋਂ ਰਹਿਤ, 2. ਸ਼ੁੱਧ ਬ੍ਰਹਮ 3. ਬਿਨ੍ਹਾਂ ਸਿਫ਼ਤ, ਗੁਣਹੀਨ, ਖ਼ੂਬੀ ਤੋਂ ਬਿਨਾਂ।[15]

ਨਿਰਗੁਣ ਬ੍ਰਹਮ ਨਿਰਗੁਣ, ਨਿਰਾਕਾਰ, ਅਰੂਪ, ਤ੍ਰਿਗੁਣਾਤੀਤ ਹੈ।ਗੁਰੂ ਸਾਹਿਬ ਜੀ ਨੇ ਬ੍ਰਹਮ ਦੇ ਸਰੂਪ ਨੂੰ ਨਿਰਗੁਣ ਦੱਸ ਕੇ ਇਸ ਦੇ ਰੂਪ ਨੂੰ ਰੂਪ, ਰੇਖ, ਰੰਗ ਗੁਣਾਂ ਤੋਂ ਵਹੀਨ ਦੱਸਿਆ।ਬ੍ਰਹਮ ਰਜੋ, ਸਤੋ ਅਤੇ ਤਮੋ ਗੁਣਾਂ ਤੋਂ ਪਰ੍ਹੇ ਹੈ ਫੇਰ ਵੀ ਉਹ ਇਨ੍ਹਾਂ ਰੂਪਾਂ ਤੋਂ ਪਰ੍ਹੇ ਹੋ ਕੇ ਆਪਣੀ ਰਚਨਾ ਵਿਚ ਨਿਵਾਸ ਰੱਖਦਾ ਹੈ।ਸੰਸਾਰੀ ਰਚਨਾ ਦੇ ਗੁਣਾਂ ਦੋਸ਼ਾਂ ਤੋਂ, ਸੁੱਖ ਦੁੱਖ ਦੇ ਪ੍ਰਭਾਵਾਂ ਤੋਂ ਨਿਰਲੇਪ ਅਛੂਹ ਅਤੇ ਅਭਿੱਜ ਹੈ।

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ॥

ਗੁਰੂ ਸਾਹਿਬ ਜੀ ਨੇ ਪਰਮ ਸੱਤਾ ਦਾ ਜੋ ਨਿਰਗੁਣ ਸਰੂਪ ਦਾ ਵਖਿਆਨ ਕੀਤਾ ਹੈ।ਉਹ ਅਮੂਰਤ ਹੁੰਦੇ ਹੋਏ ਵੀ ਸਦਾ ਕਾਇਮ, ਸਰਬ ਸਮਰੱਥ, ਅਗਣਤ, ਅਪਾਰ, ਸਰਬ ਵਿਆਪਕ ਤੇ ਨਿਰੰਜਣ ਵੀ ਹੈ।ਉਹ ਸਾਰੀ ਰਚਨਾ ਵਿੱਚ ਰਹਿੰਦਾ ਹੋਇਆ ਵੀ ਸੁਤੰਤਰ ਹੈ।ਸਮਸਤ ਦਾ ਰਚਣਹਾਰ ਆਪ ਹੈ ਤੇ ਆਪ ਹੀ ਅਨੇਕ ਰੂਪ ਧਾਰਨ ਕਰੀ ਬੈਠਾ ਹੈ।ਸੰਸਾਰ ਨੂੰ ਮਾਇਆ ਸ਼ਕਤੀ ਨਾਲ ਬਣਾਉਣਾ, ਉਜਾੜਨਾ ਉਸ ਦੀ ਖੇਡ ਹੈ।ਉਹ ਕਰਤਾ ਹੈ, ਉਹ ਪਰੇ ਤੋਂ ਪਰੇ ਸਭ ਥਾਂ ਪਸਰ ਰਿਹਾ ਹੈ, ਪਰ ਉਹ ਨੇੜੇ ਤੋਂ ਨੇੜੇ ਵੀ ਹੈ।ਉਹ ਮਨੁੱਖ ਦੇ ਧੁਰ ਅੰਦਰ ਹੈ।ਉਹ ਹੀ ਜੀਵਨ ਹੈ।ਉਸ ਦੀ ਗਤਿ ਨੂੰ ਉਹ ਆਪ ਹੀ ਜਾਣਦਾ ਹੈ।

ਹਰਿ ਕੀ ਗਤਿ ਨਹਿ ਕੋਊ ਜਾਨੈ॥

### ਅ) ਸਰਗੁਣ ਬ੍ਰਹਮ

ਸਰਗੁਣ :- ਵਿ-ਗੁਣ ਸਹਿਤ, ਵਿਦਯਾ ਅਤੇ ਹੁਨਰ ਵਾਲਾ, ਸਤ, ਰਜ, ਤਮ ਸਹਿਤ।[16]

ਗੁਰੂ ਸਾਹਿਬ ਜੀ ਬ੍ਰਹਮ ਨੂੰ ਨਿਰਗੁਣ ਅਤੇ ਨਿਰਾਕਾਰ ਮੰਨਦੇ ਹੋਏ ਬ੍ਰਹਮ ਨੂੰ ਸਗੁਣ ਵੀ ਭਾਵ ਪਰਮ

ਸੱਤਾ ਦਾ ਸਰੂਪ ਗੁਣਾਂ ਵਾਲਾ ਹੈ।ਬ੍ਰਹਮ ਦਾ ਇਹ ਸਰੂਪ ਕਾਰਜਕਾਰੀ ਹੈ।ਕਾਰਜਕਾਰੀ ਰੂਪ ਵਿਚ ਉਹ ਅਨੰਤ ਰਹਿਮ-ਮਈ ਕਿਰਪਾਲੂ, ਅਨੁ-ਗ੍ਰਹਿ ਰੂਪ ਜਾਂ ਦਿਆਲੂ, ਕਿਰਪਾ-ਨਿਧਾਨ, ਪਤਿਤ-ਪਾਵਨ ਦੀਨਾ-ਨਾਥ (ਕਲਿਆਣਕਾਰੀ ਰੂਪ) ਹੈ।ਜੀਵਾਂ ਦੇ ਸੁੱਖ ਦੁੱਖ ਦਾ ਭਾਈਵਾਲ, ਭਗਤ ਰੱਖਿਅਕ, ਦਾਤਾ ਸਮਸਤ ਭੋਗ ਅਥਵਾ ਸੁੱਖ ਦੁੱਖ ਅਤੇ ਮੁਕਤੀ ਦਾ ਪ੍ਰਦਾਤਾ, ਬਿਰਧ ਪਾਲ ਅਥਵਾ ਸ਼ਰਨਪਾਲ, ਭੈ ਭੰਜਨ, ਦੁੱਖ ਹਰਤਾ, ਜਗਤ ਅਤੇ ਜੀਵਾਂ ਦਾ ਕਰਤਾ, ਅਦੁੱਤੀ ਅਰਥਾਤ ਉਸ ਜਿਹਾ ਹੋਰ ਕੋਈ ਨਹੀਂ, ਪੁਰਖ ਰੂਪ, ਸੱਤ ਸਰੂਪ ਹੈ।ਦੂਜੇ ਸ਼ਬਦਾਂ ਵਿਚ ਸੱਚਿਦਾਨੰਦ ਸਰੂਪ ਹੈ ਅਥਵਾ ਸਤਿਅਮ, ਸ਼ਿਵਮ ਅਤੇ ਸੁੰਦਰਮ ਦੀ ਤ੍ਰੈ-ਮੂਰਤੀ ਹੈ।ਅਰਥਾਤ ਅਵਤਾਰ ਅਤੇ ਅਵਤਾਰੀ ਰੂਪ ਵਿੱਚ ਇਸ ਦੀ ਸਾਕਾਰਤਾ ਨੂੰ ਗੁਰੂ ਸਾਹਿਬ ਨੇ ਕਿਤੇ ਵੀ ਸਵੀਕਾਰ ਨਹੀਂ ਕੀਤਾ।ਅਵਤਾਰੀ ਰੂਪ ਵਿੱਚ ਇਸ ਦੀ ਸਵੀਕ੍ਰਿਤੀ ਨਹੀਂ ਦਿੱਤੀ।

ਗੁਰੂ ਸਾਹਿਬ ਨੇ ਬ੍ਰਹਮ ਨੂੰ ਹੀ ਜਗਤ ਅਤੇ ਜੀਵ ਦਾ ਕਰਤਾ ਮੰਨਿਆ ਹੈ।ਬ੍ਰਹਮ ਹੀ ਦੋ ਰੂਪਾਂ (ਨਮਿੱਤ ਅਤੇ ਉਪਾਦਾਨ) ਵਿੱਚ ਸ੍ਰਿਸ਼ਟੀ ਤੇ ਜੀਵ ਦੀ ਉਤਪਤੀ ਦਾ ਕਾਰਨ ਹੈ।ਨਮਿਤ ਅਰਥਾਤ ਸ੍ਰਿਸ਼ਟੀ ਦੇ ਹੇਤੂ ਦੇ ਰੂਪ ਵਿੱਚ ਅਤੇ ਉਪਾਦਾਨ ਅਰਥਾਤ ਸ੍ਰੇਸ਼ਟ ਪਦਾਰਥਾਂ ਦੇ ਸਾਧਨ ਦੇ ਰੂਪ ਵਿੱਚ।ਉਦਾਹਰਨ ਦੇ ਤੌਰ ਤੇ ਘੁਮਿਆਰ ਘੜੇ ਆਦਿ ਦਾ ਹੇਤੂ ਹੈ ਅਥਵਾ ਨਮਿਤ ਕਾਰਨ ਹੈ ਅਤੇ ਮਿੱਟੀ ਸਾਧਨ ਰੂਪ ਵਿੱਚ ਉਪਾਦਾਨ ਕਾਰਨ ਹੈ।ਗੁਰੂ ਸਾਹਿਬ ਅਨੁਸਾਰ ਬ੍ਰਹਮ ਹੀ ਜਗਤ ਤੇ ਦੇਹ ਧਾਰੀ ਜੀਵ ਦਾ ਰਚੈਤਾ ਹੈ।

ਸਾਧੋ ਰਚਨਾ ਰਾਮ ਬਨਾਈ॥
ਪਾਂਚ ਤੱਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਬ੍ਰਹਮ ਪੁਰਖ ਰੂਪ ਵੀ ਹੈ।ਜੁਗਾਂ ਜੁਗਾਂਤਰਾਂ ਤੋਂ ਹੀ ਜੀਵ ਨੂੰ ਇਸਤਰੀ ਰੂਪ ਅਤੇ ਇਸ ਦੇ ਟਾਕਰੇ ਤੇ ਬ੍ਰਹਮ ਨੂੰ ਪੁਰਖ ਰੂਪ ਵਿਚ ਚਿਤਰਿਆ ਹੈ।ਜੀਵ ਅਤੇ ਬ੍ਰਹਮ ਦੇ ਇਨ੍ਹਾਂ ਸਬੰਧਾਂ ਦਾ ਗੁਰਮਤਿ ਸਿਧਾਂਤਾਂ ਅਨੁਸਾਰ ਪ੍ਰਗਟਾਵਾ ਕੀਤਾ ਗਿਆ ਹੈ।ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਬ੍ਰਹਮ ਦੇ ਪੁਰਖ ਰੂਪ ਸਬੰਧੀ ਆਪਣੀ ਬਾਣੀ ਵਿਚ ਸੰਕੇਤ ਕੀਤਾ ਹੈ।

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥

ਬ੍ਰਹਮ ਸਰਬ ਵਿਆਪੀ ਹੈ।ਗੁਰੂ ਸਾਹਿਬ ਜੀ ਨੇ ਬ੍ਰਹਮ ਦੀ ਸਰਬ ਵਿਆਪਕਤਾ ਸਬੰਧੀ ਇਸ ਦਾ ਅਤਿ ਸੁੰਦਰ ਚਿਤਰਨ ਕਰਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਫੁੱਲਾਂ ਵਿੱਚ ਸੁਗੰਧ ਵਿਦਵਾਨ ਰਹਿੰਦੀ ਹੈ ਅਤੇ ਸ਼ੀਸ਼ੇ ਵਿੱਚ ਛਾਇਆ ਮੌਜੂਦ ਰਹਿੰਦੀ ਹੈ ਉਸੇ ਤਰ੍ਹਾਂ ਜੀਵ ਹਿਰਦਿਆਂ ਵਿੱਚ ਬ੍ਰਹਮ ਵਿਦਵਾਨ ਰਹਿੰਦਾ ਹੈ।ਜੀਵ ਦਾ ਅੰਤਰ ਆਤਮਾ ਹੀ ਬ੍ਰਹਮ ਦਾ ਨਿਵਾਸ ਸਥਾਨ ਹੈ।ਅੰਦਰ ਬਾਹਰ ਹਰ ਪਾਸੇ ਵਿਆਪਕ ਹੁੰਦਾ ਹੋਇਆ ਬ੍ਰਹਮ ਨਿਰਲੇਪ ਰਹਿੰਦਾ ਹੈ।

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਬ੍ਰਹਮ ਸੰਵੇਦਨਸ਼ੀਲ ਭਾਵ ਜੀਵ ਦੇ ਸੁੱਖਾਂ ਦੁੱਖਾਂ ਦਾ ਭਾਈਵਾਲ ਹੈ।ਜੀਵ ਦੇ ਅੰਗ ਸੰਗ ਰਹਿ ਕੇ ਜੀਵਨ ਪ੍ਰਯੰਤ ਵਿਚ ਉਸਦਾ ਸੱਦ ਸਹਾਰਾ ਬਣਦਾ ਹੈ।

ਸੰਗਿ ਤੇਰੈ ਹਰਿ ਬਸਤ ਨੀਤ॥
ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ॥

ਜਗਤ ਬ੍ਰਹਮ ਦੀ ਰਚਨਾ ਹੈ ਭਾਵ ਬ੍ਰਹਮ ਹੀ ਜਗਤ ਦਾ ਰਚੈਤਾ ਹੈ।ਗੁਰੂ ਸਾਹਿਬ ਜੀ ਨੇ ਜਗਤ ਦੀ ਝੂਠੀ ਨਾਸ਼ਮਾਨਤਾ ਨੂੰ ਵਿਚਾਰਦਿਆਂ ਫਿਰ ਭੀ ਜਗਤ ਦੀ ਵਿਵਹਾਰਕ ਸੱਤਾ ਨੂੰ ਸੱਤ ਮੰਨਿਆ ਹੈ ਜੋ ਕੇ ਪਰਿਮਾਣ-ਸ਼ੀਲ, ਪਰਿਵਰਤਨਸ਼ੀਲ ਹੈ।

ਸੋ ਬ੍ਰਹਮ ਪਤਿਤ ਉਧਾਰਣ, ਭਗਤ ਵਛਲ, ਸਰਬ ਸਮਰੱਥ ਦਾਤਾ, ਮੁਕਤੀ ਪ੍ਰਦਾਤਾ, ਕਿਰਪਾਲੂ, ਦਯਾਲੂ, ਕ੍ਰਿਪਾਨਿਧ, ਦੁੱਖ ਹਰਤਾ, ਭੈਅ ਭੰਜਨ, ਬਿਰਧ-ਪਾਲ, ਅਦੁੱਤੀ ਗੁਣਾਂ ਵਾਲਾ ਹੈ।ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬ੍ਰਹਮ ਨੂੰ ਸਦਾ ਸਚਿਦਾਨੰਦ ਸਰੂਪ ਮੰਨਿਆ ਹੈ।ਇਸ ਦਾ ਭਾਵ ਹੈ ਬ੍ਰਹਮ ਸੱਤ, ਚਿੱਤ, ਆਨੰਦ ਸਰੂਪ ਵਾਲਾ ਹੈ।ਸੱਤ ਤੋਂ ਭਾਵ 'ਤ੍ਰੈ-ਕਾਲ ਮੁਕਤ' ਬ੍ਰਹਮ ਅਥਵਾ ਆਤਮਾ ਦਾ ਸੂਚਕ ਹੈ, ਚਿੱਤ ਸ਼ਬਦ 'ਤ੍ਰੈਕਾਲ ਦਾ ਗਿਆਤਾ' ਹੋਣ ਕਾਰਨ ਬ੍ਰਹਮ ਅਥਵਾ ਆਤਮਾ ਦਾ ਸੂਚਕ ਹੈ ਅਤੇ ਆਨੰਦ ਸ਼ਬਦ 'ਤ੍ਰੈ-ਕਾਲ ਵਿਚ ਪਰਮ 'ਪ੍ਰੇਮ ਦਾ ਵਿਸ਼ਾ' ਹੋਣ ਕਾਰਨ ਬ੍ਰਹਮ ਆਤਮਾ ਦਾ ਸੂਚਕ ਹੈ।ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬ੍ਰਹਮ ਚਿੱਤਰ ਰੂਪ ਹੈ ਅਰਥਾਤ ਚੇਤੰਨ ਹੈ ਅਥਵਾ ਗਿਆਨ ਸਰੂਪ ਹੈ।ਉਹ ਪ੍ਰਾਕਿਰਤਕ ਸ੍ਰਿਸ਼ਟੀ ਅਰਥਾਤ ਜੜ੍ਹ ਸ੍ਰਿਸ਼ਟੀ ਅਤੇ ਜੀਵ ਸ੍ਰਿਸ਼ਟੀ ਦਾ ਸਿਰਜਣਹਾਰ ਹੈ।ਇਸੇ ਲਈ ਇਹ ਜੀਵ ਦਾ ਸਖਾ, ਦਿਆਲੂ, ਬਿਰਧ-ਪਾਲ, ਕ੍ਰਿਪਾਨਿਧ, ਪਤਿਤ ਉਧਾਰਣ ਜਾਂ ਪਤਿਤ ਪਾਵਨ ਅਤੇ ਸਰਬੱਤ ਦਾ ਰੱਖਿਅਕ ਹੈ।

ਉਪਰੋਕਤ ਹੋਈਆਂ ਵਿਚਾਰਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ ਬ੍ਰਹਮ (ਪਰਮ ਸੱਤਾ) ਸਮਸਤ ਹੋਂਦ ਦਾ ਨਿਰਮਾਤਾ ਹੈ।ਜਿਸ ਤੋਂ ਸਭ ਕੁਝ ਉਪਜਦਾ ਤੇ ਬਿਨਸ ਕੇ ਉਸੇ ਵਿੱਚ ਹੀ ਸਮਾ ਜਾਂਦਾ ਹੈ।ਇਹ ਬ੍ਰਹਮ ਆਦਿ ਸ਼ਕਤੀ ਸੱਤ, ਚਿੱਤ ,ਅਨੰਦ ਸਰੂਪ ਵਾਲੀ ਹੈ ਭਾਵ ਇਹ ਚੇਤੰਨ ਗਿਆਨ ਸਰੂਪੀ ਹੈ।ਬ੍ਰਹਮ ਪ੍ਰਕ੍ਰਿਤਿਕ ਸ੍ਰਿਸ਼ਟੀ ਅਰਥਾਤ ਜੜ੍ਹ ਸ੍ਰਿਸ਼ਟੀ ਅਤੇ ਜੀਵ ਸ੍ਰਿਸ਼ਟੀ ਇਨ੍ਹਾਂ ਦੋਨਾਂ ਦੀ ਸਿਰਜਣਹਾਰ ਹੈ।

ਗੁਰੂ ਸਾਹਿਬ ਜੀ ਦਾ ਬ੍ਰਹਮ ਚੇਤਨ ਰੂਪ ਭਾਵ 'ਚੇਤੰਨ' ਹੈ।ਜਿਵੇਂ ਗੁਰੂ ਅਮਰਦਾਸ ਜੀ ਦਾ ਬ੍ਰਹਮ 'ਅਨੰਦ' ਸਰੂਪ ਹੈ।ਚੇਤੰਨ ਰੂਪ ਤੇ ਆਨੰਦ ਬ੍ਰਹਮ ਦੇ ਅਸਲੀ ਸੁਭਾਅ ਹਨ।ਜਿਸ ਤਰ੍ਹਾਂ ਫੁੱਲਾਂ ਵਿੱਚ ਸੁਗੰਧ ਵਿਦਵਾਨ ਰਹਿੰਦੀ ਹੈ ਅਤੇ ਸ਼ੀਸ਼ੇ ਵਿੱਚ ਛਾਇਆ ਮੌਜੂਦ ਰਹਿੰਦੀ ਹੈ ਉਸੇ ਤਰ੍ਹਾਂ ਪ੍ਰਕਿਰਤੀ ਵਿੱਚ ਬ੍ਰਹਮ ਵਿਦਮਾਨ ਰਹਿੰਦਾ ਹੈ।

ਅਮੂਰਤ ਨਿਰਗੁਣ ਰੂਪ ਵਿਚ ਬ੍ਰਹਮ ਨਿਰਗੁਣ, ਨਿਰਾਕਾਰ,ਨਿਰਭੈ, ਵਿਸ਼ੇਸ਼, ਅਪ੍ਰਗਟ ਹੈ ਉਹ ਤ੍ਰਿਗੁਣਾਤੀਤ ਰਜੋ, ਸਤੋ, ਤਮੋ ਤੋਂ ਬੇਲਾਗ ਹੈ।ਉਸ ਅਪ੍ਰਗਟ ਸੱਤਾ ਨੂੰ ਰੂਪ, ਰੇਖ, ਰੰਗ ਰਾਹੀਂ ਬਿਆਨਿਆ ਨਹੀਂ ਜਾ ਸਕਦਾ।ਅਕਾਲ ਮੂਰਤ ਹੋਣ ਕਰਕੇ ਦੇਸ਼ ਅਤੇ ਕਾਲ ਦੀਆਂ ਸੀਮਾਵਾਂ( ਭੂਤ, ਵਰਤਮਾਨ, ਭਵਿੱਖ) ਤੋਂ ਮੁਕਤ ਹੈ।ਬ੍ਰਹਮ ਦੀ ਇਹ ਅਵਸਥਾ ਇੰਦਰੀਆਂ ਦੇ ਗਿਆਨ ਨਾਲ ਨਹੀਂ ਸਮਝੀ ਜਾ ਸਕਦੀ।

ਮੂਰਤ (ਸਗੁਣ ਬ੍ਰਹਮ) ਰੂਪ ਵਿਚ ਬ੍ਰਹਮ ਦੀ ਇਹ ਅਵਸਥਾ ਦ੍ਰਿਸ਼ਟੀ ਵਾਲੀ ਹੈ।ਬ੍ਰਹਮ ਦਾ ਇਹ ਗੁਣ ਕਾਰਜਕਾਰੀ ਹੈ।ਸਮਸਤ ਪਸਾਰਾ ਬ੍ਰਹਮ ਦਾ ਵਿਅਕਤ ਰੂਪ ਹੈ।ਇਸ ਰੂਪ ਵਿੱਚ ਬ੍ਰਹਮ ਜੀਵ ਤੇ ਜਗਤ ਦਾ ਕਰਤਾ, ਪੁਰਖ ਰੂਪੀ, ਸਰਬ ਵਿਆਪੀ, ਸੰਵੇਦਨਸ਼ੀਲ, ਪਤਿਤ ਉਧਾਰਣੁ, ਭਗਤ ਵਛਲ, ਸਰਬ ਸਮਰੱਥ, ਦਾਤਾ, ਮੁਕਤੀ ਪ੍ਰਦਾਤਾ, ਅਨੁ-ਗ੍ਰਹਿ ਰੂਪ, ਕ੍ਰਿਪਾਨਿਧ, ਦੁੱਖ ਹਰਤਾ, ਭੈਅ ਭੰਜਨ, ਸਖਾ ਰੂਪ, ਅਦੁੱਤੀ, ਸੱਚਿਦਾਨੰਦ ਸਰੂਪ, ਚੇਤੰਨ ਤੇ ਆਨੰਦਮਈ ਹੈ।ਸੋ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬ੍ਰਹਮ ਨਿਰਗੁਣ ਨਿਰਾਕਾਰ ਵੀ ਹੈ ਅਤੇ ਸਗੁਣ-ਸਵਿਸ਼ੇਸ ਵੀ ਪਰ ਅਵਤਾਰੀ ਰੂਪ ਵਿਚ ਸਾਕਾਰ ਨਹੀਂ ਹੈ।

## ਸੰਦਰਭ ਸੂਚੀ


1) ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਅਮ੍ਰਿੰਤਸਰ, ਭਾਗ ਤੀਜਾ, ਪੰਨਾ-915.

2) ਨਰੋਤਮ, ਤਾਰਾ ਸਿੰਘ, ਗੁਰੂ ਗਿਰਾਰਥ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਿਲਦ ਦੂਜੀ, ਪੰਨਾ-143.

3) ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼, 1963, ਪੰਨਾ-363.

4) ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1960, ਪੰਨਾ-67.

5) ਮਨਮੋਹਨ ਸਿੰਘ, (ਡਾ.), ਭਾਈ ਵੀਰ ਸਿੰਘ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ, ਮਨਦੀਪ ਪ੍ਰਕਾਸ਼ਨ, ਸਾਲ-1975, ਪੰਨਾ- 18.

6) ਕੋਠਾਗੁਰੂ, ਬਲਵੰਤ ਸਿੰਘ, (ਗਿਆਨੀ), ਗੁਰਬਾਣੀ ਵੇਦਾਂਤ ਨਿਰਣੈ, ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਕ, ਕੋਠਾਗੁਰੂ, (ਬਠਿੰਡਾ), ਸਾਲ 2017, ਪੰਨਾ-57.

7) ਵਜ਼ੀਰ ਸਿੰਘ, (ਡਾ.), ਸਿੱਖ ਦਰਸ਼ਨਧਾਰਾ, ਪਬਲੀਕੇਸ਼ਨ ਬਿਊਰੋ ਪੰਜਾਬੀ.ਯੂਨੀ.,ਪਟਿਆਲਾ, 2012 (ਦੂਜੀ ਵਾਰ), ਪੰਨਾ-2.

8) ਤਾਰਨ ਸਿੰਘ, (ਡਾ.), ਗੁਰੂ ਅੰਗਦ ਦੇਵ ਜੀ, ਪੰਜਾਬੀ ਯੂਨੀ. ਪਟਿਆਲਾ, 1975, ਪੰਨਾ-65.

9) ਮਨਮੋਹਨ ਸਿੰਘ, (ਡਾ.) ਗੁਰੂ ਤੇਗ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ, ਮਨਦੀਪ ਪ੍ਰਕਾਸ਼ਨ, 1975.

10) ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ.ਪਟਿਆਲਾ,2009,ਪੰਨਾ- 4.

11) ਜੱਗੀ, ਰਤਨ ਸਿੰਘ, (ਡਾ.) ਗੁਰੂ ਗ੍ਰੰਥ ਵਿਸ਼ਵ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ.ਪਟਿਆਲਾ, 2002, ਪੰਨਾ- 393.

12) ਗੁਰਚਰਨ ਸਿੰਘ, (ਡਾ.), (ਸੰਪਾ.), ਸ੍ਰੀ ਗੁਰੂ ਗ੍ਰੰਥ ਕੋਸ਼, ਜਿਲਦ-ਦੂਜੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, ਸਾਲ 2002, ਪੰਨਾ 1780.

13) ਸਤਿਵਰਿ ਸਿੰਘ. ਇਤਿ ਜਿਨਿ ਕਰੀ, ਨਿਊ ਬੁੱਕ ਕੰਪਨੀ (ਜਲੰਧਰ), 1975.

14) ਸਰਵਜਿੰਦਰ ਸਿੰਘ,(ਡਾ.), ਧੁਰ ਕੀ ਬਾਣੀ ਸੰਪਾਦਨ ਜੁਗਤ, ਸਿੱਖ ਫ਼ਾਊਡੇਸ਼ਨ, ਨਵੀਂ ਦਿੱਲੀ, ਮਿਤੀਹੀਣ,ਪੰਨਾ- 34/35.

15) ਨਾਭਾ, ਕਾਨ੍ਹ ਸਿੰਘ, ਗੁਰ ਸ਼ਬਦ ਰਤਨਕਾਰ ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1960, ਪੰਨਾ- 710.

16) ਉਹੀ, ਪੰਨਾ -143.

# ਬੁੱਧ ਧਰਮ ਵਿੱਚ ਕਰਮ ਸਿਧਾਂਤ

**ਤਜਿੰਦਰ ਕੌਰ**
ਖੋਜਾਰਥੀ, ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਅਮੂਰਤ**

ਭਾਰਤੀ ਦਰਸ਼ਨ ਦੀ ਆਧਾਰ ਭੂਮੀ ਦੀ ਪ੍ਰਾਪਤੀ ਦਾ ਸੱਚ ਪ੍ਰਕਾਸ਼ ਅਤੇ ਅਮਰਤਾ ਹੈ ਅਤੇ ਇਸ ਨੂੰ ਪ੍ਰਾਪਤ ਕਰਨ ਦਾ ਮੂਲ ਸਰੋਤ ਮਨੁੱਖ ਦੁਆਰਾ ਕੀਤੇ ਕਰਮ ਹਨ।ਕਰਮ ਸਿਧਾਂਤ ਨੂੰ ਹੀ ਸਮੁੱਚੀ ਸ੍ਰਿਸ਼ਟੀ ਦੀ ਹੋਂਦ ਦਾ ਨਿਚੋੜ ਤੇ ਸਾਰੇ ਰਹੱਸਾਂ ਅਤੇ ਸੰਭਾਵਨਾਵਾਂ ਦਾ ਕੇਂਦਰ ਸਮਝਿਆ ਗਿਆ ਹੈ।ਮਨੁੱਖੀ ਜੀਵਨ ਵਿਚ ਕਰਮ ਦਾ ਸਿਧਾਂਤ ਆਪਣਾ ਇਕ ਵਿਸ਼ੇਸ਼ ਮਹੱਤਵ ਰੱਖਦਾ ਹੈ।ਮਨੁੱਖ ਦਾ ਵਰਤਮਾਨ ਜੀਵਨ ਉਸ ਦੁਆਰਾ ਕੀਤੇ ਪੂਰਵਲੇ ਕਰਮਾਂ ਦੇ ਫਲ ਦਾ ਪਰਿਣਾਮ ਹੈ।ਜੋ ਕਰਮ ਦੇ ਸ਼ੁਭ- ਅਸ਼ੁਭ ਪਰਿਣਾਮ ਨੂੰ ਨਾਲ ਲੈ ਕੇ ਚਲਦਾ ਹੈ।

**ਕੁੰਜੀ ਸ਼ਬਦ:** ਭਾਰਤੀ ਦਰਸ਼ਨ, ਮਨੁੱਖੀ ਚੇਤਨਾ, ਕਰਮ ਸਿਧਾਂਤ, ਬੁੱਧ ਧਰਮ।

ਸਾਰਾ ਸੰਸਾਰ ਹੀ ਕਰਮ ਸਿਧਾਂਤ ਅਨੁਸਾਰ ਚੱਲ ਰਿਹਾ ਹੈ।ਇਸ ਲਈ ਕਰਮ ਗਤੀ ਨੂੰ ਸਮਝਣਾ ਆਮ ਮਨੁੱਖ ਲਈ ਸਹਿਜ ਨਹੀਂ ਹੈ, ਧਰਮ ਸ਼ਾਸਤਰ ਗ੍ਰੰਥਾਂ ਅਨੁਸਾਰ "ਕਰਮ ਮਨੁੱਖੀ ਜੀਵਨ ਵਿਚ ਅਹਿਮ ਸਥਾਨ ਰੱਖਦਾ ਹੈ।ਪ੍ਰੋ: ਹਰਿੰਦਰ ਪ੍ਰਸਾਦ ਸਿਨਹਾ ਅਨੁਸਾਰ ਕਰਮ ਸਿਧਾਂਤ ਨੂੰ ਮੰਨਣ ਵਾਲੇ ਸਾਰੇ ਦਾਰਸ਼ਨਿਕਾਂ ਦਾ ਮੰਨਣਾ ਹੈ, ਕਿ ਸਾਡਾ ਵਰਤਮਾਨ ਜੀਵਨ ਪਿਛਲੇ ਜਨਮ ਦੇ ਕਰਮਾਂ ਦਾ ਨਤੀਜਾ ਹੈ ਅਤੇ ਆਉਣ ਵਾਲਾ ਜੀਵਨ ਵਰਤਮਾਨ ਜੀਵਨ ਦੇ ਕਰਮਾਂ ਦਾ ਨਤੀਜਾ ਹੋਵੇਗਾ।ਇਸ ਤਰ੍ਹਾਂ ਅਤੀਤ, ਵਰਤਮਾਨ ਅਤੇ ਭਵਿੱਖ ਦਾ ਜੀਵਨ ਇਕ ਲੜੀ ਵਿਚ ਬੱਝੇ ਹੋਏ ਹਨ।ਜੇਕਰ ਅਸੀਂ ਦੁਖੀ ਹਾਂ ਤਾਂ ਇਹ ਸਾਡੇ ਪਿਛਲੇ ਕਰਮਾਂ ਕਰਕੇ ਹੈ, ਕਿਉਂਕਿ ਹਰ ਮਨੁੱਖ ਆਪਣੀ ਕਿਸਮਤ ਦਾ ਆਪ ਨਿਰਮਾਤਾ ਹੈ।"[1] ਇਸ ਲਈ ਮਨੁੱਖੀ ਜੀਵਨ ਵਿਚ ਕਰਮ ਸਿਧਾਂਤ ਦੀ ਪ੍ਰਧਾਨਤਾ ਨੂੰ ਮੁੱਖ ਰੱਖਦੇ ਹੋਏ ਲਗਭਗ ਹਰ ਧਰਮ ਗ੍ਰੰਥ ਅਨੁਸਾਰ ਮਨੁੱਖ ਨੂੰ ਕਰਮ ਕਰਦੇ ਰਹਿਣਾ ਚਾਹੀਦਾ ਹੈ ਬਿਨ੍ਹਾਂ ਕਰਮ ਕੀਤੇ ਮੋਕਸ਼ ਪ੍ਰਾਪਤੀ ਸੰਭਵ ਨਹੀਂ ਹੈ।ਮਨੁੱਖ ਦੀ ਸਫਲਤਾ-ਅਸਫਲਤਾ, ਦੁੱਖ- ਸੁੱਖ ਆਦਿ ਦਾ ਮੂਲ ਕਾਰਨ ਕਰਮ ਨੂੰ ਮੰਨਿਆ ਜਾਂਦਾ ਹੈ।ਇਹ ਮਨੁੱਖ ਨੂੰ ਹਰ ਪੱਖੋਂ ਪ੍ਰਭਾਵਿਤ ਕਰਦਾ ਹੈ।ਮਨੁੱਖੀ ਜੀਵਨ ਲਈ ਕਰਮ ਸਿਧਾਂਤ ਨੂੰ ਪ੍ਰਭਾਵਸ਼ਾਲੀ ਸਿਧਾਂਤ ਮੰਨਦੇ ਹੋਏ ਡਾ. ਰਾਧਾ ਕ੍ਰਿਸ਼ਨਨ ਜੀ ਕਹਿੰਦੇ ਹਨ ਕਿ "ਕਰਮ ਸਿਧਾਂਤ ਤੋਂ ਬਿਨਾਂ ਕੋਈ ਵੀ ਦੂਜਾ ਸਿਧਾਂਤ ਜੀਵਨ ਅਤੇ ਆਚਰਣ ਵਿਚ ਇੰਨਾ ਅਧਿਕ ਮੱਹਤਵ ਨਹੀਂ ਰੱਖਦਾ।ਇਸ ਜੀਵਨ ਵਿਚ ਜੋ ਕੁਝ ਹੁੰਦਾ ਹੈ, ਉਹ ਸਾਨੂੰ ਬਿਨਾਂ ਕਿਸੇ ਵਿਰੋਧ ਦੇ ਸਵੀਕਾਰ ਕਰਨਾ ਚਾਹੀਦਾ ਹੈ ਕਿਉਂਕਿ ਇਹ ਸਾਡੇ ਪਿਛਲੇ ਕਰਮਾਂ ਦਾ ਫ਼ਲ ਹਨ।ਪਰੰਤੂ ਭਵਿੱਖ ਫਿਰ ਵੀ ਸਾਡੇ ਆਪਣੇ ਵੱਸ ਵਿਚ ਹੈ ਇਸ ਲਈ ਅਸੀਂ ਆਸ਼ਾ ਅਤੇ ਵਿਸ਼ਵਾਸ ਦੇ ਨਾਲ ਕਰਮ ਕਰ ਸਕਦੇ ਹਾਂ।ਕਰਮ ਭਵਿੱਖ ਪ੍ਰਤੀ ਆਸ਼ਾ ਦਾ ਸੰਚਾਰ ਕਰਦਾ ਹੈ ਅਤੇ ਭੂਤਕਾਲ ਨੂੰ ਭੁੱਲ ਜਾਣ ਲਈ ਕਹਿੰਦਾ ਹੈ।"[2] ਇਸ ਤਰ੍ਹਾਂ ਕਰਮ ਸਿਧਾਂਤ ਦਾ ਸੰਬੰਧ ਮਨੁੱਖ ਦੇ ਤਿੰਨਾਂ ਲੋਕਾਂ ਨਾਲ ਸੰਬੰਧ ਰੱਖਦਾ ਹੈ।ਇਹ ਹਰ ਸਮੇਂ ਮਨੁੱਖ ਨੂੰ ਕਰਮ ਕਰਨ ਪ੍ਰਤੀ ਸੁਚੇਤ ਕਰਦਾ ਹੋਇਆ, ਮਨੁੱਖ ਨੂੰ ਹਮੇਸ਼ਾ ਸ਼ੁੱਭ ਕਰਮ ਕਰਨ ਲਈ ਪ੍ਰੇਰਿਤ ਕਰਦਾ ਹੈ, ਤਾਂ ਜੋ ਉਹੋ ਆਪਣਾ ਭਵਿੱਖੀ ਜੀਵਨ ਸਫ਼ਲ ਬਣਾ ਸਕੇ।

ਮਨੁੱਖੀ ਜੀਵਨ ਵਿੱਚ ਕਰਮ ਸਿਧਾਂਤ ਦੇ ਪ੍ਰਭਾਵ ਨੂੰ ਦੇਖਦੇ ਹੋਏ, ਸੰਸਾਰ ਦੇ ਸਾਰੇ ਧਰਮਾਂ ਦੇ ਪੈਰੋਕਾਰਾਂ, ਦਾਰਸ਼ਨਿਕਾਂ ਅਤੇ ਬੁੱਧੀਜੀਵੀਆਂ ਨੇ ਕਰਮ ਦੀ ਜਟਿਲਤਾ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਨਾਲ

ਖੋਲਣ ਦਾ ਜਤਨ ਕੀਤਾ ਹੈ ਅਤੇ ਆਪੋ-ਆਪਣੇ ਵਿਚਾਰ ਪੇਸ਼ ਕਰਕੇ ਮਨੁੱਖ ਨੂੰ ਧਾਰਮਿਕ ਭਾਵ ਨੇਕ ਕਰਮ ਕਰਨ ਲਈ ਕਿਹਾ ਹੈ।ਧਰਮਾਂ ਦੀ ਇਸ ਲੜੀ ਵਿਚ ਆਸਤਿਕ ਅਤੇ ਨਾਸਤਿਕ ਦੋ ਵਰਗ ਭਾਰਤੀ ਧਰਮ ਪਰੰਪਰਾ ਵਿਚ ਵਿਸ਼ੇਸ ਸਥਾਨ ਰੱਖਦੇ ਹਨ।ਈਸ਼ਵਾਰਵਾਦੀ ਧਰਮਾਂ ਵਿਚ ਹਿੰਦੂ, ਇਸਲਾਮ ਅਤੇ ਸਿੱਖ ਧਰਮ ਆਉਂਦੇ ਹਨ।ਇਨ੍ਹਾਂ ਅਨੁਸਾਰ ਕਰਮ ਦਾ ਸਿਧਾਂਤ ਅਤੇ ਇਸ ਦਾ ਫ਼ਲ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ, ਉਥੇ ਅਨੀਸ਼ਵਰਵਾਦੀ ਧਰਮ ਵਿਚ ਜੈਨ ਧਰਮ ਅਤੇ ਬੁੱਧ ਧਰਮ ਆਉਂਦੇ ਹਨ।ਇਨ੍ਹਾਂ ਅਨੁਸਾਰ ਕਰਮ ਅਤੇ ਇਸ ਦੇ ਫ਼ਲ ਦਾ ਸੰਬੰਧ ਈਸ਼ਵਰ ਤੇ ਅਧਾਰਿਤ ਨਾ ਮੰਨ ਕੇ ਤਤਕਾਲ ਕਰਮਾਂ ਦੇ ਪਰਿਣਾਮ ਤੇ ਨਿਰਭਰ ਹੈ।

ਕਰਮ ਦੇ ਸਿਧਾਂਤ ਨੂੰ ਸਾਰੇ ਧਰਮਾਂ ਅਤੇ ਫ਼ਲਸਫ਼ੇ ਨੇ ਇਕ ਵਿਵਸਥਿਤ ਸਿਧਾਂਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਧਰਮਾਂ ਵਿਚੋਂ ਬੁੱਧ ਧਰਮ ਵੀ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ।ਬੁੱਧ ਧਰਮ ਸਮਕਾਲੀ ਸਮਾਜ ਦੇ ਬੌਧਿਕ ਸੰਕਟ, ਧਾਰਮਿਕ ਕੱਟੜਵਾਦ ਦੇ ਪ੍ਰਤੀਕਰਮ ਵਿਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ, ਮਨੁੱਖ ਦੀਆਂ ਜੋ ਵੀ ਪ੍ਰਸਥਿਤੀਆਂ ਹਨ ਉਹ ਸਭ ਕੁਝ ਉਸ ਦੇ ਅਤੀਤ ਦੇ ਕੀਤੇ ਗਏ ਕਰਮਾਂ ਦਾ ਪਰਿਣਾਮ ਹਨ।ਕਰਮਾਂ ਦੁਆਰਾ ਹੀ ਨੈਤਿਕ ਪੱਖੋਂ ਵਿਅਕਤੀ ਦੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ।ਇਸ ਤਰ੍ਹਾਂ ਮਹਾਤਮਾ ਬੁੱਧ ਜੀ ਕਰਮ ਸਿਧਾਂਤ ਦੀ ਸੁਤਨਿਪਾਤ ਵਿਚ ਪ੍ਰਧਾਨਤਾ ਨੂੰ ਦੱਸਦੇ ਹੋਏ ਕਹਿੰਦੇ ਹਨ "ਨਾ ਤਾਂ ਕੋਈ ਜਾਤ ਤੋਂ ਬ੍ਰਾਹਮਣ ਹੁੰਦਾ ਹੈ ਨਾ ਕੋਈ ਅਬ੍ਰਾਹਮਣ। ਮਨੁੱਖ ਕਰਮ ਤੋਂ ਬ੍ਰਾਹਮਣ ਹੁੰਦਾ ਹੈ ਅਤੇ ਕਰਮ ਤੋਂ ਹੀ ਅਬ੍ਰਾਹਮਣ ਹੁੰਦਾ ਹੈ।"[3] ਉਹ ਕਹਿੰਦੇ ਹਨ ਕਿ ਸਾਨੂੰ ਇਹ ਪੁਨਰ ਜਨਮ ਦੇ ਕਰਮਾਂ ਅਨੁਸਾਰ ਮਨੁੱਖੀ ਦੇਹ ਪ੍ਰਾਪਤ ਹੋਈ ਹੈ।ਬੁੱਧ ਧਰਮ ਅਨੁਸਾਰ ਕਰਮ- ਫ਼ਲ ਦਾ ਭੋਗ ਅਤਿ ਜਰੂਰੀ ਹੈ।ਬੁੱਧ ਧਰਮ ਕਰਮਾਂ ਦੇ ਨਿਆਇ ਨੂੰ ਸਰਵ ਵਿਆਪੀ ਮੰਨਦਾ ਹੈ।ਬੁੱਧ ਦਾ ਵਚਨ ਹੈ ਕਿ ਸਾਰਾ ਸੰਸਾਰ ਕਰਮ ਦੁਆਰਾ ਬੱਝਿਆ ਹੋਇਆ ਹੈ।ਸਾਰੇ ਲੋਕੀ ਕਰਮ ਫ਼ਲ ਦੇ ਮੁਤਾਬਿਕ ਬੱਝੇ ਹੋਏ ਹਨ, ਜਿਵੇਂ ਰੱਥ ਦਾ ਪਹੀਆ ਧੁਰੇ ਨਾਲ ਬੱਝਿਆ ਰਹਿੰਦਾ ਹੈ।

ਇਸ ਲਈ ਬੁੱਧ ਧਰਮ ਦਾ ਮੂਲ ਮੰਤਵ ਸਮਾਜ ਨੂੰ ਨੈਤਿਕ ਜੀਵਨ ਦੀ ਸੇਧ ਦਿੰਦੇ ਹੋਏ ਪਰਮ ਉਦੇਸ਼ ਦੀ ਪ੍ਰਾਪਤੀ ਲਈ ਪ੍ਰੇਰਿਤ ਅਤੇ ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ।ਕਿਉਂਕਿ ਹਰ ਧਰਮ ਦੀ ਅਭਿਵਿਅਕਤੀ ਕਰਮ ਦੇ ਰੂਪ ਵਿਚ ਹੁੰਦੀ ਹੈ।ਬੁੱਧ ਧਰਮ ਕਰਮ ਆਧਾਰਿਤ ਹੈ।ਮਹਾਤਮਾ ਬੁੱਧ ਜੀ ਅਨੁਸਾਰ ਜੋ ਜੈਸਾ ਕਰਮ ਕਰਦਾ ਹੈ ਵੈਸਾ ਉਸ ਨੂੰ ਫ਼ਲ ਮਿਲ ਜਾਂਦਾ ਹੈ।ਚੰਗੇ ਕਰਮਾਂ ਦੁਆਰਾ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ ਅਤੇ ਪਾਪਾਂ ਤੋਂ ਮੁਕਤੀ ਮਿਲਦੀ ਹੈ।ਇਸ ਲਈ ਬੁੱਧ ਧਰਮ ਵਿਚ ਕਰਮ ਦੇ ਸਿਧਾਂਤ ਨੂੰ ਬਹੁਤ ਹੀ ਬਾਰੀਕ ਅਤੇ ਵਿਆਪਕ ਦ੍ਰਿਸ਼ਟੀ ਨਾਲ ਵੇਖਿਆ ਗਿਆ ਹੈ।ਬੁੱਧ ਧਰਮ ਅਨੁਸਾਰ ਕਰਮ ਦਾ ਸਿਧਾਂਤ ਬਹੁਤ ਹੀ ਰਹੱਸਮਈ ਸਿਧਾਂਤ ਹੈ।ਇਸ ਲਈ ਕਰਮ ਸਿਧਾਂਤ ਦੇ ਅਰਥ ਅਤੇ ਇਸ ਦੇ ਵਰਗੀਕਰਨ ਸੰਬੰਧੀ ਬਹੁਤ ਸਾਰੀਆਂ ਵਿੰਭਿਨਤਾਵਾਂ ਪਾਈਆਂ ਜਾਂਦੀਆਂ ਹਨ।

ਵੱਖ-ਵੱਖ ਧਰਮਾਂ ਵਿਚ ਮਹਾਤਮਾ ਬੁੱਧ ਨੇ ਆਪਣੇ ਸਿਧਾਂਤਾਂ ਜਿੰਨ੍ਹਾਂ ਵਿੱਚੋਂ ਕਰਮ ਦਾ ਸਿਧਾਂਤ ਵਿਸ਼ੇਸ਼ ਮੱਹਤਵ ਰੱਖਦਾ ਹੈ ਪ੍ਰਚਾਰ ਕਰਕੇ "ਸਮਾਜ ਦੀ ਧਰਮ ਸਾਸ਼ਤਰੀ ਧਾਰਨਾ ਨੂੰ ਰੱਦ ਕਰ ਦਿੱਤਾ ਜਿਸ ਅਨੁਸਾਰ ਚਾਰ ਵਰਣਾਂ ਨੂੰ ਬ੍ਰਹਮਾਂ ਦੇ ਮੂੰਹ, ਬਾਹਾਂ, ਪੱਟਾ, ਅਤੇ ਪੈਰਾਂ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਸੀ ਅਤੇ ਜਿਸ ਨੇ ਵਰਣ ਪ੍ਰਣਾਲੀ ਨੂੰ ਧਾਰਮਿਕ ਮਹੱਤਤਾ ਅਤੇ ਲੋੜ ਨਾਲ ਜੋੜ ਦਿੱਤਾ ਸੀ।ਉਨ੍ਹਾਂ ਨੇ ਵਰਣ ਪ੍ਰਣਾਲੀ ਦੀ ਜਨਮ ਆਧਾਰਿਤ ਵਿਆਖਿਆ ਨੂੰ ਵੀ ਰੱਦ ਕੀਤਾ ਸਮਾਜਿਕ ਸਥਿਤੀ ਦਾ ਭੇਦ ਇਸ ਲਈ ਨਹੀਂ ਹੈ ਕਿ ਵਿਅਕਤੀ ਦਾ ਜਨਮ ਬ੍ਰਾਹਮਣ ਕੁਲ ਵਿਚ ਹੋਇਆ ਹੈ ਜਾਂ ਵੈਸ਼ ਕੁਲ ਵਿਚ ਹੋਇਆ ਹੈ। ਕਰਮ ਅਤੇ ਕਿੱਤੇ ਦੇ ਅੰਤਰ ਨੇ ਹੀ ਵਰਣ ਭੇਦ ਪੈਦਾ ਕੀਤਾ ਹੈ।ਕਰਮ 'ਤੇ ਜ਼ੋਰ ਦੇ ਕੇ ਮਹਾਤਮਾ ਬੁਧ ਨੇ ਸਾਰੇ ਮਨੁੱਖਾਂ ਦੀ ਪੈਦਾਇਸ਼ੀ ਬਰਾਬਰੀ ਦਾ ਪ੍ਰਚਾਰ ਕੀਤਾ ਅਤੇ ਕਿਹਾ ਕਿ ਚੰਗੇ ਕਰਮ ਕਰਨ ਨਾਲ ਕੋਈ ਵੀ ਚੰਗੀ ਸਥਿਤੀ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੀ ਕਿਸਮਤ ਬਦਲ ਸਕਦਾ ਹੈ।"[4]

"ਇਨਸਾਈਕਲੋਪੀਡੀਆ ਆੱਫ ਬੁੱਧਇਜ਼ਮ" ਅਨੁਸਾਰ ਕਰਮ, ਕੰਮ ਜਾਂ ਕਿਰਿਆ ਅਤੇ ਕਿਰਿਆ ਦੇ ਸੰਚਿਤ ਨਤੀਜੇ ਹਨ। ਕਰਮ ਘਟਨਾਵਾਂ ਦੀ ਵਿਆਖਿਆ ਲਈ ਵਰਤਿਆ ਜਾਣ ਵਾਲਾ ਇਕ ਸੰਕਲਪ

ਹੈ।ਪੁਰਾਤਨ ਭਾਰਤੀ ਲਿਖਤਾਂ ਵਿਚ ਕਿਸੇ ਦਾ ਕਰਮ ਅਤੀਤ ਵਿਚ ਕੀਤੇ ਕੰਮਾਂ ਦਾ ਨਤੀਜਾ ਹੁੰਦਾ ਹੈ-ਅਮੀਰ ਜਾਂ ਗਰੀਬ, ਸਿਹਤਮੰਦ ਜਾਂ ਰੋਗੀ, ਚੰਗੇ ਜਨਮੇ ਜਾਂ ਨੀਵੇਂ ਜਨਮੇ, ਸਾਰੇ ਲੋਕਾਂ ਦੁਆਰਾ ਬੀਜੇ ਗਏ ਬੀਜਾਂ ਦੇ ਨਤੀਜੇ ਵਜੋਂ ਆਪਣੀ ਮੌਜੂਦਾ ਸਥਿਤੀ ਵਿੱਚ ਕਿਹਾ ਜਾਂਦਾ ਹੈ। ਕੁਦਰਤੀ ਤੌਰ ’ਤੇ ਇਹਨਾਂ ਕਾਰਵਾਈਆਂ ਵਿਚ ਪਿਛਲੇ ਜਨਮਾਂ ਵਿਚ ਕੀਤੀਆਂ ਗਈਆਂ ਕਾਰਵਾਈਆਂ ਸ਼ਾਮਲ ਸਨ।[5]

‘ਨਾਰਦਾ ਮਾਹਾਂ ਥੇਰਾ’ ਅਨੁਸਾਰ ਪਾਲੀ ਕਰਮ ਦਾ ਸ਼ਾਬਦਿਕ ਅਰਥ ਹੈ ’ਕਿਰਿਆ’ ਜਾਂ ‘ਕਰਨਾ’।ਬੁੱਧ ਧਰਮ ਅਨੁਸਾਰ ਕਿਸੇ ਵੀ ਕਿਸਮ ਦੀ ਕਿਰਿਆ ਭਾਵੇਂ ਮਾਨਸਿਕ, ਵਾਚਕ, ਸਰੀਰਕ ਕਰਮ ਵਜੋਂ ਜਾਣੀ ਜਾਂਦੀ ਹੈ।ਕਰਮ ਦਾ ਸੰਬੰਧ ਵਿਚਾਰ ਸ਼ਬਦਾਂ ਅਤੇ ਕਿਰਿਆਵਾਂ ਨਾਲ ਹੈ।ਆਮ ਤੌਰ ਤੇ ਸਾਰੇ ਚੰਗੇ ਮਾੜੇ ਕੰਮ ਕਰਮ ਬਣਾਉਂਦੇ ਹਨ ਕਹਿਣ ਦਾ ਭਾਵ ਹੈ ਕਿ ਸਾਰੀਆਂ ਨੈਤਿਕ ਅਤੇ ਅਨੈਤਿਕ ਇੱਛਾਵਾਂ (ਕੁਸ਼ਲ -ਅਕੁਸ਼ਲ ਚੇਤਨਾ) ਕਰਮ (ਸ਼ੁਭ-ਅਸ਼ੁਭ) ਹਨ।[6]

ਪ੍ਰੋ. ਸਾਗਰਮਲ ਜੈਨ ਅਨੁਸਾਰ ਬੁੱਧ ਧਰਮ ਅਨੁਸਾਰ ਸਰੀਰਕ, ਮੌਖਿਕ ਅਤੇ ਮਾਨਸਿਕ ਕਿਰਿਆਵਾਂ ਨੂੰ ਕਰਮ ਕਿਹਾ ਜਾਂਦਾ ਹੈ।ਜੋ ਆਪਣੇ ਨੈਤਿਕ ਅਤੇ ਅਨੈਤਿਕ ਸੁਭਾਅ ਅਨੁਸਾਰ ਕੁਸ਼ਲ ਤੇ ਅਕੁਸ਼ਲ ਕਰਮ ਅਖਵਾਉਂਦੇ ਹਨ।ਬੋਧ ਦਰਸ਼ਨ ਵਿਚ ਭਾਵੇਂ ਕਰਮ ਸ਼ਬਦ ਦੀ ਵਰਤੋਂ ਇਨ੍ਹਾਂ ਤਿੰਨਾਂ ਕਿਸਮਾਂ ਦੀਆਂ ਕਿਰਿਆਵਾਂ ਸਰੀਰਕ, ਮੌਖਿਕ, ਅਤੇ ਮਾਨਸਿਕ ਦੇ ਅਰਥਾਂ ਵਿਚ ਕੀਤੀ ਗਈ ਹੈ, ਪ੍ਰੰਤੂ ਚੇਤਨਾ ਨੂੰ ਹੀ ਕਰਮ ਦੱਸਿਆ ਜਾਂਦਾ ਹੈ।[7]

ਸਪਸ਼ਟ ਹੈ ਕਿ ਚੇਤਨਾ ਨੂੰ ਬੁੱਧ ਧਰਮ ਵਿਚ ਬਹੁਤ ਵਿਆਪਕ ਅਰਥਾਂ ਵਿਚ ਲਿਆ ਗਿਆ ਹੈ। ਮਹਾਤਮਾ ਬੁੱਧ ਅਨੁਸਾਰ ਚੇਤਨਾ ਸਾਡੇ ਦਿਮਾਗ ਦਾ ਮਾਨਸਿਕ ਸੰਕਲਪ ਹੈ। ਭਗਵਾਨ ਮਹਾਤਮਾ ਬੁੱਧ ਕਹਿੰਦੇ ਹਨ ਕਿ “ਚੇਤਨਹਿ ਭਿਖਵੇ ਕਾਮੁ ਵਟਾਮਿ” ਮੈਂ ਚੇਤਨਾ ਨੂੰ ਹੀ ਕਰਮ ਕਹਿੰਦਾ ਹਾਂ, ਕਰਮ ਦੇ ਸ਼ੁਭ ਸਰੂਪ ਦਾ ਚੇਤਨਾ ਨਾਲ ਗਹਿਰਾ ਸੰਬੰਧ ਹੈ।[8] “ਮਹਾਤਮਾ ਬੁੱਧ ਅਨੁਸਾਰ ਜਦੋਂ ਕੋਈ ਕਰਮ ਸ਼ੁਰੂ ਹੁੰਦਾ ਹੈ ਤਾਂ ਇਕ ਪਲ ਲਈ ਉਹੋ ਉਦੈ ਹੁੰਦਾ ਹੈ ਦੂਜੇ ਪਲ ਲਈ ਉਹੋ ਲੁਪਤ ਹੋ ਜਾਂਦਾ ਹੈ, ਪਰੰਤੂ ਕੀਤਾ ਗਿਆ ਕਰਮ ਮਾਨਸਿਕ ਛਾਪ ਜ਼ਰੂਰ ਛੱਡਦਾ ਹੈ, ਇਹ ਛਾਪ ਕਰਮਾਂ ਦੇ ਫਲ ਦੇ ਪਰਿਣਾਮ ਵਜੋਂ ਉਤਪੰਨ ਹੋ ਕੇ ਪੁਨਰਜਨਮ ਭਵਿੱਖੀ ਕਰਮ (ਭਾਵ ਚੰਗੀ ਮਾੜੀ ਸੋਚ ) ਦਾ ਰੂਪ ਧਾਰਦੀ ਹੈ, ਇਸ ਤਰ੍ਹਾਂ ਜਨਮ ਮਰਨ ਦੀ ਪ੍ਰਕਿਰਿਆ ਚਲਦੀ ਰਹਿੰਦੀ ਹੈ, ਜਦੋਂ ਤੱਕ ਕਰਮ ਫ਼ਲ ਦਾ ਭੁਗਤਾਨ ਨਹੀਂ ਹੋ ਜਾਂਦਾ ਹੈ।ਇਸ ਲਈ ਮਹਾਤਮਾ ਬੁੱਧ ਨੇ ਚੇਤਨਾ ਨੂੰ ਕਰਮ ਵਜੋਂ ਪ੍ਰਭਾਸ਼ਿਤ ਕੀਤਾ।

“ਬੁੱਧ ਧਰਮ ਦਰਸ਼ਨ ਅਨੁਸਾਰ ਮੂਲ ਰੂਪ ਵਿਚ ਕਰਮ ਦੋ ਪ੍ਰਕਾਰ ਦੇ ਹਨ 1.ਚਿੱਤ ਕਰਮ ਅਰਥਾਤ ਮਾਨਸਿਕ ਕਰਮ ਨੂੰ ਹੀ ਮੁੱਖ ਮੰਨਿਆ ਜਾਂਦਾ ਹੈ।2.ਚੈਤਸਿਕ ਕਰਮ ਤੋਂ ਭਾਵ ਮੌਖਿਕ ਤੇ ਸਰੀਰਕ ਕਰਮਾਂ ਤੋਂ ਹੈ।“[9]ਇਸ ਤਰ੍ਹਾਂ ਕਰਮ ਚੇਤਨ ਇੱਛਾ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਸਾਰੀਆਂ ਇੱਛਾਵਾਂ ਮਾਨਸਿਕ ਗਤੀਵਿਧੀਆਂ ਦੀ ਜੜ੍ਹ ਹਨ।ਮਨੁੱਖ ਦਾ ਚੇਤਨ ਅਵਚੇਤਨ ਮਨ ਕਰਮ ਕਰਦਾ ਹੈ ਅਤੇ ਇਸ ਚੇਤਨ ਅਵਚੇਤਨ ਮਨ ਦੁਆਰਾ ਕੀਤੇ ਗਏ ਕਰਮਾਂ ਦਾ ਪਰਿਣਾਮ ਕੁਸ਼ਲ ਅਕੁਸ਼ਲ ਰੂਪ ਵਿਚ ਹੁੰਦਾ ਹੈ।ਬੁੱਧ ਧਰਮ ਅਨੁਸਾਰ ਮਨੁੱਖ ਆਪਣੀ ਚੇਤਨਾ ਭਾਵ ਕਰਮ ਅਤੇ ਉਸਦੇ ਪਰਿਣਾਮ ਸਰੂਪ ਵੱਖ ਵੱਖ ਜੂਨਾਂ ਵਿਚ ਜਨਮ ਲੈਂਦਾ ਹੈ।

ਪਾਲੀ ਸਾਹਿਤ ਦੇ ਇਤਿਹਾਸ ਅਨੁਸਾਰ “ਕਰਮ ਸਿਧਾਂਤ ਦਾ ਵਿਸ਼ਲੇਸ਼ਣ ਕਰਦੇ ਹੋਏ ਮਹਾਤਮਾ ਬੁੱਧ ਨੇ ਤਿੰਨ ਪ੍ਰਕਾਰ ਦੇ ਕਰਮਾਂ ਦਾ ਵਰਗੀਕਰਨ ਕੀਤਾ ਹੈ:”[10]

1. ਕੁਸ਼ਲ ਕਰਮ
2. ਅਕੁਸ਼ਲ ਕਰਮ
3. ਅਵਿਅਕਤ ਕਰਮ

ਕਰਮ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਣ ਲਈ ਚਿੱਤ ਦੇ ਕੁਸ਼ਲ ਅਕੁਸ਼ਲ ਅਤੇ ਅਵਿਅਕਤ ਸਰੂਪ ਨੂੰ

ਸਮਝਣਾ ਬਹੁਤ ਜ਼ਰੂਰੀ ਹੈ।ਬੋਧੀਸੱਤ ਅਨੁਸਾਰ ਕਰਮ ਦੇ ਕੁਸ਼ਲ ਅਕੁਸ਼ਲ ਸੁਭਾਅ ਦੇ ਆਧਾਰ ਤੇ 10 ਪ੍ਰਕਾਰ ਦੇ ਕਰਮ ਦੱਸੇ ਗਏ ਹਨ:-[11]

| | ਅਕੁਸ਼ਲ ਕਰਮ | ਕੁਸ਼ਲ ਕਰਮ |
|---|---|---|
| 1. | ਹਿੰਸਾ | ਅਹਿੰਸਾ |
| 2. | ਚੋਰੀ | ਚੋਰੀ ਨਾ ਕਰਨਾ |
| 3. | ਵਿਭਚਾਰ | ਵਿਭਚਾਰ ਨਾ ਕਰਨਾ |
| 4. | ਝੂਠ ਬੋਲਣਾ ! | ਸੱਚ ਬੋਲਣਾ |
| 5. | ਚੁਗ਼ਲੀ, ਨਿੰਦਾ | ਚੁਗ਼ਲੀ ਨਾ ਕਰਨਾ |
| 6. | ਕਠੋਰ ਵਚਨ | ਮਧੁਰ ਵਚਨ |
| 7. | ਦਵੇਸ਼ | ਦਵੇਸ਼ ਨਾ ਕਰਨਾ |
| 8. | ਵਿਅਰਥ ਬਕਵਾਸ | ਸੱਚਾ ਬਚਨ |
| 9. | ਲੋਭ | ਸੰਤੋਖ |
| 10. | ਮਿਥਿਆ ਦ੍ਰਿਸ਼ਟੀ | ਸਮਦ੍ਰਿਸ਼ਟੀ |

ਅਵਿਅਕਤ ਚਿੱਤ ਉਹ ਹੁੰਦਾ ਹੈ ਜੋ ਇੱਛਾ ਤੋਂ ਰਹਿਤ ਹੁੰਦਾ ਹੈ ਜਾਂ ਤਾਂ ਇਹ ਸੁਭਾਵਿਕ ਸਰੂਪ ਵਿਚ ਪੂਰਵ ਜਨਮ ਦੇ ਕਰਮਾਂ ਦੇ ਪਰਿਣਾਮ ਸਰੂਪ ਪ੍ਰਾਪਤ ਹੁੰਦਾ ਹੈ ਜਿਸ ਵਿਚ ਇੱਛਾ ਕਰਨਾ ਜਾਂ ਨਾ ਕਰਨਾ ਕੋਈ ਸਵਾਲ ਨਹੀਂ ਹੁੰਦਾ ਅਤੇ ਜਿਨ੍ਹਾਂ ਬਾਰੇ ਇਹ ਗਿਆਤ ਨਹੀਂ ਹੁੰਦਾ ਕਿ ਇਹ ਕੁਸ਼ਲ ਕਰਮ ਹਨ ਜਾਂ ਅਕੁਸ਼ਲ ਕਰਮ ਹਨ।ਅਵਿਅਕਤ ਕਰਮ ਦੋ ਪ੍ਰਕਾਰ ਦੇ ਹੁੰਦੇ ਹਨ-:[12]

1. ਕਿਰਿਆ ਚਿੱਤ 2. ਵਿਧਾਨ ਚਿੱਤ

1. ਕਿਰਿਆ ਚਿੱਤ ਤੋਂ ਭਾਵ ਜੋ ਅਰਹੰਤ ਦੀ ਚਿੱਤ ਅਵਸਥਾ ਦੇ ਸੂਚਕ ਹਨ ਅਤੇ ਜਿਨ੍ਹਾਂ ਤੋਂ ਅਰਹੰਤ ਦੇ ਚਿੱਤ ਦੀ ਕਿਰਿਆ ਮਾਤਰ ਹੀ ਰਹਿੰਦੀ ਹੈ, ਪਰ ਵਾਸਤਵ ਵਿਚ ਉਹ ਕ੍ਰਿਆਹੀਣ ਹੁੰਦੇ ਹਨ।

2. ਵਿਧਾਨ ਚਿੱਤ ਜੋ ਪੂਰਵ ਜਨਮ ਦੇ ਕੁਸ਼ਲ ਅਤੇ ਅਕੁਸ਼ਲ ਦੋਨਾਂ ਪ੍ਰਕਾਰ ਦੇ ਚਿੱਤਾਂ ਦੇ ਪਰਿਣਾਮ ਸਰੂਪ ਹੁੰਦੇ ਹਨ।

ਕਰਮ ਸਿਧਾਂਤ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਮਨੁੱਖ ਦੀਆਂ ਸਾਰੀਆਂ ਸਰੀਰਕ, ਮੌਖਿਕ,ਮਾਨਸਿਕ, ਕਿਰਿਆਵਾਂ ਚੇਤਨਾ ਤੇ ਆਧਾਰਿਤ ਹੁੰਦੀਆਂ ਹਨ। ਅਸਲ ਵਿਚ ਮਹਾਤਮਾ ਬੁੱਧ ਨੇ ਮਨ ਨੂੰ ਕੇਂਦਰ ਵਿਚ ਰੱਖ ਕਿ ਮਨੁੱਖ ਦੇ ਅੰਦਰਲੇ ਵਿਅਕਤਿਤਵ ਦਾ ਵਿਸ਼ਲੇਸ਼ਣ ਕੀਤਾ ਹੈ।ਬੁੱਧ ਧਰਮ ਦਾ ਕਰਮ ਸਿਧਾਂਤ ਮੂਲ ਰੂਪ ਵਿਚ ਮਨੋਵਿਗਿਆਨਕ ਹੈ।ਕਿਉਂਕਿ ਇੱਥੇ ਮਨੁੱਖ ਦੀਆਂ ਮਨੋਗਤ ਅਵਸਥਾਵਾਂ ਅਤੇ ਪ੍ਰੇਰਨਾਵਾਂ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਹੈ।ਧੱਮਪਦ ਦੇ ਪਹਿਲੇ ਵੱਗ "ਯਮਕ ਵੱਗੋ" ਅਨੁਸਾਰ :

ਮਨੋਪੁੱਬੰਗੰਮਾ ਧੱਮਾ, ਮਨੋਸੇਟਠਾ ਮਨੋਮਯਾ।
ਮਨਸਾ ਚੇ ਪੁਦੁੱਠੇਨ, ਭਾਸਿਤ ਵਾ ਕਰੋਤਿ ਵਾ।
ਤਤੋ ਨੰ ਦੁਕਖੰ ਅਨਵੇਤਿ ਚੱਕੰ ਵ ਵਹਤੋ ਪਦੰ ॥[13]

ਮਨ ਹੀ ਸਾਰੀਆਂ ਮਾਨਸਿਕ ਕਿਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ।ਮਨ ਹੀ ਸ੍ਰੇਸ਼ਠ ਹੈ।ਮਨ ਤੋਂ ਹੀ ਸਾਰੀਆਂ ਕਿਰਿਆਵਾਂ ਦੀ ਸਿਰਜਣਾ ਹੋਈ ਹੈ।ਜਿਹੜਾ ਵਿਅਕਤੀ ਦੂਸ਼ਿਤ ਮਨ ਨਾਲ ਬੋਲਦਾ ਜਾਂ ਕੰਮ ਕਰਦਾ ਹੈ ਉਸ ਦੇ ਪਿੱਛੇ ਦੁੱਖ ਉਸੇ ਤਰ੍ਹਾਂ ਪੈਂਦਾ ਹੈ ਜਿਵੇਂ ਰਥ ਦਾ ਪਹੀਆ ਰਥ ਖਿੱਚਣ ਵਾਲੇ ਬਲਦ ਦੇ।

ਮਨੋ ਪੁੱਬੰਗੰਮਾ ਧੱਮਾ, ਮਨੋਸੇਟਠਾ ਮਨੋਮਯਾ।
ਮਨਸਾ ਚੇ ਪਸੱਨੇਨ, ਭਾਸਿਤ ਵਾ ਕਰੋਤਿ ਵਾ।
ਤਤੋ ਨੰ ਸੁੱਖੰ ਅਨਵੇਤਿ ਚੱਕੰ ਵ ਵਹਤੋ ਪਦੰ॥[14]

ਭਾਵ ਮਨ ਹੀ ਸਾਰੀਆਂ ਮਾਨਸਿਕ ਕਿਰਿਆਵਾਂ ਦੀ ਪ੍ਰਧਾਨਗੀ ਕਰਦਾ ਹੈ।ਮਨ ਹੀ ਸ੍ਰੇਸ਼ਠ ਹੈ।ਮਨ ਤੋਂ ਹੀ ਸਾਰੀਆਂ ਕਿਰਿਆਵਾਂ ਦੀ ਸਿਰਜਣਾ ਹੋਈ ਹੈ।ਜੋ ਮਨੁੱਖ ਨਿਰਮਲ ਮਨ ਤੋਂ ਬੋਲਦਾ ਜਾਂ ਕੰਮ ਕਰਦਾ ਹੈ, ਪਿੱਛੇ ਵਾਲੇ ਪਰਛਾਵੇਂ ਵਾਂਗ ਸੁੱਖ ਸਦਾ ਉਸ ਦਾ ਪਿੱਛਾ ਕਰਦਾ ਹੈ।

ਸਪਸ਼ਟ ਹੁੰਦਾ ਹੈ ਕਿ ਮਨ ਹੀ ਸਭ ਤੋਂ ਉੱਤਮ ਹੈ, ਸਾਰੇ ਕਰਮ ਮਾਨਸਿਕ ਹਨ।ਪਰ ਜੇਕਰ ਮਨੁੱਖ ਪ੍ਰਸੰਨ ਹਿਰਦੇ ਨਾਲ ਕੁਝ ਬੋਲਦਾ ਹੈ ਤਾਂ ਖੁਸ਼ੀ ਪਰਛਾਵੇਂ ਵਾਂਗ ਉਸ ਦੇ ਪਿੱਛੇ ਲੱਗ ਜਾਂਦੀ ਹੈ।ਜੇਕਰ ਕੋਈ ਮਨੁੱਖ ਬੁਰਾਈ ਨਾਲ ਬੋਲਦਾ ਹੈ ਤਾਂ ਦੁੱਖ ਉਸ ਦਾ ਪਿੱਛਾ ਕਰਦੇ ਹਨ। ਮਨੁੱਖ ਲੋਭ ਮੋਹ, ਦਵੇਸ਼, ਕ੍ਰੋਧ, ਹੰਕਾਰ, ਕਾਮ ਭਾਵਨਾਵਾਂ ਅਧੀਨ ਰਹਿ ਕੇ ਕਰਮ ਕਰਦਾ ਹੈ।ਬੁੱਧ ਅਨੁਸਾਰ ਮਨੁੱਖ ਦੇ ਦੁੱਖਾਂ ਕਲੇਸ਼ਾਂ ਦੀ ਮੁੱਖ ਜੜ, ਮਨੁੱਖ ਦੀਆਂ ਕਾਮਨਾਵਾਂ ਤੇ ਲਾਲਸਾਵਾਂ ਹਨ।ਇਹ ਬੰਧਨ ਦਾ ਕਾਰਨ ਬਣਦੀਆਂ ਹਨ ਜਿਸ ਕਾਰਨ ਆਤਮਾ ਬੰਧਨ ਵਿਚ ਪੈ ਕੇ ਜਨਮ-ਮਰਨ ਦੇ ਗੇੜ ਵਿਚ ਪੈ ਜਾਂਦੀ ਹੈ।ਬੁੱਧ ਧਰਮ ਵਿਚ ਜਨਮ ਮਰਨ ਦੇ ਚੱਕਰ ਨੂੰ ਪ੍ਰਤੀਤਸਮੁਤਪਾਦ ਕਿਹਾ ਜਾਂਦਾ ਹੈ।ਇਸ ਦੇ ਦੁਆਰਾ ਮਹਾਤਮਾ ਬੁੱਧ ਜੀ ਨੇ ਜਨਮ ਮਰਨ ਦੇ ਚੱਕਰ ਦਾ ਵਰਣਨ ਕੀਤਾ ਹੈ।

**ਪ੍ਰਤੀਤਸਮੁਤਪਾਦ**

"ਪ੍ਰਤੀਤਸਮੁਤਪਾਦ" ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- ਪ੍ਰਤੀਤ ਅਤੇ ਸਮੁਤਪਾਦ 'ਪ੍ਰਤੀਤ' ਦਾ ਅਰਥ ਹੈ ਕਿਸੇ ਵਸਤੂ ਦਾ ਉਤਪੰਨ ਹੋਣਾ ਅਤੇ 'ਸਮੁਤਪਾਦ' ਦਾ ਅਰਥ ਹੈ ਕਿਸੇ ਅਨੇਕ ਵਸਤੂ ਦੀ ਉਤਪਤੀ ਇਸ ਤਰ੍ਹਾਂ ਪ੍ਰਤੀਤਸਮੁਤਪਾਦ ਦਾ ਅਰਥ ਹੋਇਆ ਕਿਸੇ ਵਸਤੂ ਦੇ ਉਤਪੰਨ ਹੋਣ ਤੇ ਕਿਸੇ ਅਨੇਕ ਵਸਤੂਆਂ ਦੀ ਉਤਪਤੀ।ਇਸ ਤਰ੍ਹਾਂ ਪ੍ਰਤੀਤਸਮੁਤਪਾਦ ਦਾ ਸਿਧਾਂਤ ਕਾਰਜਮਤ ਕਾਰਨ ਸਿਧਾਂਤ ਤੇ ਆਧਾਰਿਤ ਹੈ।ਇਹ ਸਿਧਾਂਤ ਦੁੱਖ ਦੇ ਕਾਰਨ ਦਾ ਪਤਾ ਲਗਾਉਣ ਲਈ 12 ਕੜੀਆਂ ਦਾ ਵਿਵੇਚਨ ਕਰਦਾ ਹੈ।ਇਹ 12 ਕੜੀਆਂ ਇਸ ਤਰ੍ਹਾਂ ਹਨ :

ਅਵਿੱਦਿਆ :- ਗਿਆਨ ਦਾ ਅਨੁਭਵ, ਵਸਤੂਆਂ ਦੇ ਯਥਾਰਥ ਸਰੂਪ ਨੂੰ ਨਾ ਸਮਝਣਾ।
ਸੰਸਕਾਰ :- ਪੂਰਵ ਜਨਮ ਦੇ ਕਰਮਾਂ ਦਾ ਪ੍ਰਭਾਵ
ਵਿਗਿਆਨ:- ਨਵਜਾਤ ਸਿਸ਼ੂ ਦਾ ਸਰੀਰ ਅਤੇ ਮਨ
ਨਾਮ-ਰੂਪ:- ਮਨ ਅਤੇ ਸਰੀਰ ਦਾ ਸਮੂਹ
ਸ਼ੜਾਯਤਨ:- ਛੇ ਇੰਦਰਿਆਂ
ਸਪਰਸ਼ :- ਇੰਦਰੀਆਂ ਦਾ ਵਸਤੂਆਂ ਦੇ ਨਾਲ ਸੰਪਰਕ
ਵੇਦਨਾ :- ਇੰਦਰੀਆਂ ਦੀ ਅਨੁਭੂਤੀ
ਤ੍ਰਿਸ਼ਨਾ :- ਵਿਸ਼ਿਆਂ ਦੇ ਭੋਗ ਦੀ ਵਾਸਨਾ
ਉਪਾਦਾਨ :- ਪ੍ਰਬਲ ਇੱਛਾ, ਸੰਸਾਰਿਕ ਵਸਤੂਆਂ ਨਾਲ ਮੋਹ ਰੱਖਣ ਦੀ ਆਦਤ
ਭਵ :- ਜਨਮ ਗ੍ਰਹਿਣ ਕਰਨ ਦੀ ਪ੍ਰਵਿਰਤੀ
ਜ਼ਾਤੀ :- ਜਨਮ ਗ੍ਰਹਿਣ ਕਰਨਾ
ਜ਼ਰਾ ਮਰਾ :- ਬੁੱਢਾ ਹੋਣਾ, ਮਰਨਾ, ਦੁੱਖ

ਇਸ ਤਰ੍ਹਾਂ ਬੁੱਧ ਧਰਮ ਵਿੱਚ ਪ੍ਰਤੀਤਸਮੁਤਪਾਦ ਦੁਆਰਾ ਕਰਮਵਾਦ ਦੀ ਸਥਾਪਨਾ ਕੀਤੀ ਗਈ ਹੈ।ਇਹ ਸਿਧਾਂਤ ਤਿੰਨਾਂ ਜੀਵਨਾਂ (ਭੂਤ, ਭਵਿੱਖ, ਵਰਤਮਾਨ) ਵਿਚ ਕੰਮ ਕਰਨ ਦੇ ਰੂਪ ਵਿਚ ਫੈਲਿਆ

ਹੋਇਆ ਹੈ।ਵਰਤਮਾਨ ਜੀਵਨ, ਅਤੀਤ ਜੀਵਨ ਦੇ ਕਰਮਾਂ ਦਾ ਫ਼ਲ ਹੈ। ਭਵਿੱਖ ਜੀਵਨ ਵਰਤਮਾਨ ਜੀਵਨ ਦੇ ਕਰਮਾਂ ਦਾ ਫ਼ਲ ਹੈ।"[15]

ਬੁੱਧ ਧਰਮ ਵਿੱਚ ਗੌਤਮ ਬੁੱਧ ਨੇ ਕਰਮਾਂ ਦੇ ਸਰੂਪ ਨੂੰ ਨਿੱਜੀ ਅਨੁਭਵ ਅਤੇ ਉਦਾਹਰਣਾਂ ਰਾਹੀਂ ਪ੍ਰਸਤੁਤ ਕਰਦੇ ਹੋਏ ਮਨੁੱਖ ਨੂੰ ਕਰਮ ਕਰਨ ਲਈ ਪ੍ਰੇਰਿਤ ਕੀਤਾ ਹੈ ਅਤੇ ਦੱਸਿਆ ਹੈ ਕਿ ਜਿਹੜਾ ਕਰਮਾਂ ਦਾ ਫ਼ਲ ਹੈ ਉਹ ਈਸ਼ਵਰ ਤੇ ਨਿਰਭਰ ਨਾ ਹੋ ਕੇ ਮਨੁੱਖ ਦੇ ਆਪਣੇ ਵਿਵਹਾਰ, ਆਚਰਣ ਤੇ ਸੰਸਕਾਰ ਤੇ ਨਿਰਭਰ ਹੈ।ਉਨ੍ਹਾਂ ਨੇ ਇਹ ਦੱਸਿਆ ਕਿ ਮਨੁੱਖ ਕਿਸ ਅਰਥ ਵਿਚ ਆਪਣੇ ਕਰਮਾਂ ਦਾ ਉੱਤਰਾਧਿਕਾਰੀ (ਫ਼ਲ ਪ੍ਰਾਪਤੀ) ਹੁੰਦੇ ਹਨ, ਕਿਵੇਂ ਇਕ ਜੀਵਨ ਤੋਂ ਦੂਜੇ ਜੀਵਨ ਵਿਚ ਪ੍ਰਵੇਸ਼ ਕਰਦੇ ਹਨ।ਇਸ ਲਈ ਬੁੱਧ ਧਰਮ ਨੇ ਕਰਮ ਦੇ ਸਿਧਾਂਤ ਉੱਪਰ ਜ਼ੋਰ ਦਿੱਤਾ ਹੈ।ਵਰਤਮਾਨ ਦੇ ਫੈਸਲੇ ਭੂਤਕਾਲ ਦੇ ਕਰਮ ਹਨ।ਇਸ ਜਨਮ ਵਿਚ ਅਤੇ ਅਗਲੇ ਜਨਮ ਵਿਚ ਮਨੁੱਖ ਦੀ ਸਥਿਤੀ ਉਸਦੇ ਕਰਮਾਂ ਉੱਪਰ ਨਿਰਭਰ ਹੈ।ਹਰ ਮਨੁੱਖ ਆਪਣੀ ਕਿਸਮਤ ਦਾ ਨਿਰਮਾਤਾ ਆਪ ਹੈ।ਹਰ ਮਨੁੱਖ ਕਰਮਾਂ ਨੂੰ ਭੋਗਣ ਲਈ ਵਾਰ ਵਾਰ ਜਨਮ ਲੈਂਦਾ ਹੈ।[16]

**ਕਰਮ ਫ਼ਲ**

ਬੁੱਧ ਧਰਮ ਦੀ ਵਿਚਾਰਧਾਰਾ ਅਨੁਸਾਰ "ਬੁਰੇ ਕਰਮਾਂ ਦਾ ਪ੍ਰਭਾਵ ਕਿਸੇ ਵੀ ਯੱਗ ਜਾਂ ਈਸ਼ਵਰ ਦੇ ਅਸ਼ੀਰਵਾਦ ਦੁਆਰਾ ਨਸ਼ਟ ਨਹੀਂ ਕੀਤਾ ਜਾ ਸਕਦਾ।ਹਰ ਮਨੁੱਖ ਆਪਣੇ ਦੁਆਰਾ ਕੀਤੇ ਗਏ ਕਰਮਾਂ ਦਾ ਹੀ ਫ਼ਲ ਪਾਉਂਦਾ ਹੈ।ਬੁਰੇ ਕਰਮਾਂ ਦਾ ਬੁਰਾ ਅਤੇ ਚੰਗੇ ਕਰਮਾਂ ਦਾ ਫ਼ਲ ਚੰਗਾ ਹੁੰਦਾ ਹੈ।[17] ਇਹ ਕਰਮ ਸਿਧਾਂਤ ਦਾ ਨਿਯਮ ਹੈ।ਮਹਾਤਮਾ ਬੁੱਧ ਨੇ ਜਿਥੇ ਕਰਮਾਂ ਦੇ ਭੋਗ ਜਾਂ ਕਰਮਾਂ ਅਨੁਸਾਰ ਸਵਰਗ-ਨਰਕ ਦੇ ਨਿਰਮਾਣ ਦੀ ਗੱਲ ਕੀਤੀ ਹੈ, ਉਥੇ ਉਹ ਕਹਿੰਦੇ ਹਨ ਕਿ ਜਿਹੜਾ ਮਨੁੱਖ ਸਵਰਗ-ਨਰਕ ਦਾ ਨਿਰਮਾਤਾ ਹੈ ਉਹ ਇਥੇ ਹੀ ਖ਼ੁਸ਼ੀ ਅਤੇ ਗਮੀ ਦੇ ਰੂਪ ਵਿਚ ਸਵਰਗ ਨਰਕ ਏਥੇ ਹੀ ਭੋਗੇਗਾ।ਕਿਉਂਕਿ ਜਦੋਂ ਮਨੁੱਖ ਵਿਪਰੀਤ ਪਰਿਸਥਿਤੀਆਂ ਵਿਚ ਪੈਦਾ ਹੋ ਕੇ ਦੁਖੀ ਜੀਵਨ ਜਿਉਂਦਾ ਹੈ, ਜਾਂ ਫਿਰ ਅਗਿਆਨ ਕਰਕੇ ਉਸਨੂੰ ਕੁਸ਼ਲ ਅਕੁਸ਼ਲ ਕਰਮਾਂ ਦੀ ਪਛਾਣ ਨਹੀਂ ਹੁੰਦੀ ਅਤੇ ਜਿਸਦੇ ਕਾਰਨ ਉਹ ਚੰਗਾ ਮਾੜਾ ਵਿਵਹਾਰ ਕਰਦਾ ਰਹਿੰਦਾ ਹੈ।ਅਜਿਹੇ ਕਰਮਾਂ ਦੇ ਕਾਰਨ ਮਨੁੱਖ ਨੂੰ ਇਸ ਦੁਨੀਆਂ ਤੇ ਨਰਕ ਸਵਰਗ ਭੋਗਣਾ ਪੈਂਦਾ ਹੈ।ਧੰਮਪਦ ਅਨੁਸਾਰ:

ਇਧ ਸੋਚਤਿ ਪੇੱਚ ਸੋਚਤਿ,
ਪਾਪਕਾਰੀ ਉਭਯਤਥ ਸੋਚਤਿ,।
ਸੋ ਸੋਚਤਿ ਸੋ ਵਿਹੱਵਤਿ,
ਦਿਸਵਾ ਕੱਮਕਿਲਿਟਠੰ ਅੱਤਨੋ।[18]

ਭਾਵ ਪਾਪੀ ਮਨੁੱਖ ਇਸ ਲੋਕ ਵਿਚ ਵੀ ਸੋਗ ਕਰਦਾ ਹੈ, ਮੌਤ ਉਪਰੰਤ ਪਰਲੋਕ ਵਿਚ ਵੀ। ਇਸ ਤਰ੍ਹਾਂ ਉਹੋ ਦੋਹਾਂ ਲੋਕਾਂ ਵਿਚ ਸੋਗ ਕਰਦਾ ਹੈ।ਉਹ ਆਪਣੇ ਭੈੜੇ ਕੰਮਾਂ ਨੂੰ ਵੇਖ ਕੇ ਸੋਗ ਕਰਦਾ ਹੈ ਤੇ ਦੁੱਖ ਭੋਗਦਾ ਹੈ ਪ੍ਰੰਤੂ ਜਦੋਂ ਮਨੁੱਖ ਅਨੁਕੂਲ ਸਥਿਤੀ ਵਿਚ ਪੈਦਾ ਹੁੰਦਾ ਹੈ ਤਾਂ ਉਹ ਸੁੱਖ ਭੋਗਦਾ ਹੀ ਹੈ, ਸਗੋਂ ਉਹ ਸ਼ੀਲ ਅਤੇ ਆਚਰਣ ਪੱਖੋਂ ਵੀ ਪਵਿੱਤਰ ਹੋ ਕੇ ਸ਼ੁੱਧ ਹੁੰਦਾ ਹੈ ਅਤੇ ਉਸਦੇ ਸੰਪਰਕ ਵਿਚ ਆਉਣ ਵਾਲਾ ਹਰੇਕ ਮਨੁੱਖ ਵੀ ਸੁੱਖ ਪ੍ਰਾਪਤ ਕਰਦਾ ਹੈ।ਧੰਮਪਦ ਅਨੁਸਾਰ:

ਇਧ ਮੋਚਤਿ ਪੇੱਚ ਮੋਚਤਿ,
ਕਤਪੁੱਞੋ ਉਭਯਤਥ ਮੋਦਤਿ।
ਸੋ ਮੋਦਤਿ ਸੋ ਪਮੋਦਤਿ,
ਦਿਸਵਾ ਕੱਮਵਿਸੁਦਧਿੰ ਅੱਤਨੋ।[19]

ਪੁੰਨ ਕਰਨ ਵਾਲਾ ਇੱਥੇ ਵੀ ਖ਼ੁਸ਼ ਹੁੰਦਾ ਤੇ ਪਰਲੋਕ ਵਿਚ ਵੀ।ਉਹੋ ਦੋਹਾਂ ਜਹਾਨਾਂ ਵਿਚ ਖੁਸ਼ੀ ਪ੍ਰਾਪਤ

ਕਰਦਾ ਹੈ।ਆਪਣੇ ਹੀ ਕੰਮਾਂ ਦੀ ਪਵਿੱਤਰਤਾ ਉਸ ਨੂੰ ਅਤਿਅੰਤ ਖੁਸ਼ੀ ਬਖ਼ਸ਼ਦੀ ਹੈ।ਸਪਸ਼ਟ ਹੁੰਦਾ ਹੈ ਕਿ ਮਨੁੱਖ ਜੋ ਵੀ ਚੰਗਾ ਮਾੜਾ ਕਰਮ ਕਰਦਾ ਹੈ।ਉਸਦੇ ਅਨੁਸਾਰ ਉਸਨੂੰ ਫ਼ਲ ਮਿਲਦਾ ਹੈ।

ਬੁੱਧ ਧਰਮ ਅਨੁਸਾਰ ਕਰਮ ਕੋਈ ਬਾਹਰਲੀ ਪ੍ਰਕਿਰਿਆ ਨਹੀਂ ਸਗੋਂ ਇਹ ਸਾਡੀ ਪ੍ਰਕਿਰਤੀ ਵਿਚ ਹੀ ਕੰਮ ਕਰਦੇ ਹਨ।ਇਸ ਕਰਕੇ ਕਿਸੇ ਵੀ ਹਾਲਤ ਵਿਚ ਮਨੁੱਖ ਕਰਮ ਦੇ ਅਸਰ ਤੋਂ ਬਚ ਨਹੀਂ ਸਕਦਾ।ਕਰਮਾਂ ਦਾ ਵੱਖੋ-ਵੱਖਰਾ ਅਸਰ ਹੀ ਹੈ ਕਿ ਜਿਸ ਕਰਕੇ ਸਾਰੇ ਮਨੁੱਖ ਇੱਕੋ ਜਿਹੇ ਨਹੀਂ ਹਨ।

ਇਸ ਸੰਸਾਰ ਵਿਚ ਪ੍ਰਾਣੀਆਂ ਦੀ ਹੋਂਦ ਉਸ ਦੇ ਕਰਮਾਂ ਉੱਪਰ ਅਧਾਰਿਤ ਹੁੰਦੀ ਹੈ।ਕਰਮ ਤੋਂ ਨਾ ਕੇਵਲ ਪ੍ਰਾਣੀ ਦੀ ਗਤੀ ਦਾ ਨਿਰਧਾਰਨ ਹੁੰਦਾ ਹੈ ਸਗੋਂ ਇਹ ਪ੍ਰਾਣੀਆਂ ਵਿਚ ਵਿਭਿੰਨਤਾਵਾਂ ਦਾ ਕਾਰਨ ਵੀ ਬਣਦਾ ਹੈ।ਮੱਝਿਮ ਨਿਕਾਯ ਵਿੱਚ ਇੱਕ ਸ਼ੁੱਭ ਨਾਮਕ ਯੁਵਕ ਗੌਤਮ ਬੁੱਧ ਨੂੰ ਪੁੱਛਦਾ ਹੈ ਕਿ ਮਨੁੱਖ ਵਿਚ ਉਚੱਤਾ ਅਤੇ ਹੀਣਤਾ ਦੇ ਕੀ ਕਾਰਨ ਹਨ? ਮਨੁੱਖਾਂ ਵਿਚ ਕੁਝ ਘੱਟ ਉਮਰ ਵਾਲੇ ਅਤੇ ਕੁਝ ਜ਼ਿਆਦਾ ਉਮਰ ਵਾਲੇ ਹੁੰਦੇ ਹਨ, ਕੁਝ ਰੋਗੀ ਅਤੇ ਕੁਝ ਨਿਰੋਗੀ ਦਿਖਾਈ ਦਿੰਦੇ ਹਨ, ਕੁਝ ਮਨੁੱਖ ਕਰੂਪ ਅਤੇ ਕੁਝ ਸੁੰਦਰ, ਕੁੱਝ ਨਿਰਬਲ ਕੁੱਝ ਦਿੰਦੇ ਦਿਖਦੇ ਹਨ, ਕੁਝ ਛੋਟੇ ਦਰਜੇ ਦੇ ਤੇ ਕੁਝ ਉੱਚ ਦਰਜੇ ਦੇ ਹੁੰਦੇ ਹਨ, ਕੁਝ ਮੋਟੀ ਬੁੱਧੀ ਵਾਲੇ ਹੁੰਦੇ ਹਨ, ਕੁਝ ਤੇਜ਼ ਬੁੱਧੀ ਵਾਲੇ, ਸਾਰੇ ਮਨੁੱਖ ਦੇ ਰੂਪ ਵਿਚ ਹੁੰਦੇ ਹਨ ਪਰ ਇਨ੍ਹਾਂ ਵਿਚ ਹੀਣਤਾ ਅਤੇ ਸ੍ਰੇਸ਼ਟਤਾ ਕੀ ਕਾਰਣ ਹੈ।[20]ਇਸ ਪ੍ਰਸ਼ਨ ਦਾ ਉੱਤਰ ਜੋ ਮਹਾਤਮਾ ਬੁੱਧ ਜੀ ਨੇ ਦਿੱਤਾ ਉਹ ਬੁੱਧ ਧਰਮ ਵਿਚ ਕਰਮ ਸਿਧਾਂਤ ਨੂੰ ਪੂਰੀ ਤਰ੍ਹਾਂ ਨਿਸਚਿਤ ਕਰਦਾ ਹੈ।ਮਹਾਤਮਾ ਬੁੱਧ ਅਨੁਸਾਰ ਮਾਨਵ, ਪ੍ਰਾਣੀ ਕਰਮ ਸਵਕੀਯ( ਕਰਮ ਹੀ ਧਨ ਹੈ ਜਿਨ੍ਹਾਂ ਦਾ), ਕਰਮਦਾਯਾਦ, ਕਰਮ ਯੋਨੀ, ਕਰਮ ਬੰਧੂ, ਕਰਮ ਪ੍ਰਤਿਸ਼ਰਣ ਹੈ।ਕਰਮ ਹੀ ਪ੍ਰਾਣੀਆਂ ਨੂੰ ਉੱਚਤਾ ਅਤੇ ਨੀਚਤਾ ਵਿਚ ਵੰਡਦਾ ਹੈ।[21]

ਭਾਵ ਕਰਮ ਦਾ ਅਰਥ ਹੈ ਕਿ ਮੇਰਾ ਕਰਮ ਆਪਣਾ ਹੈ, ਬਾਕੀ ਪਤਾ ਨਹੀਂ ਹੋਰ ਸਾਰੀਆਂ ਵਸਤਾਂ ਮੇਰੇ ਤੋਂ ਕਦੋਂ ਵਿੱਛੜ ਜਾਣਗੀਆਂ।ਕਰਮ ਦਾ ਅਰਥ ਹੈ ਚੰਗੇ ਕਰਮ ਕਰਨ ਨਾਲ ਮੈਨੂੰ ਸੁੱਖ ਮਿਲੇਗਾ ਅਤੇ ਬੁਰੇ ਕਰਮ ਕਰਨ ਨਾਲ ਦੁੱਖ ਭੋਗਣਾ ਪਵੇਗਾ।ਕਰਮ ਯੋਨੀ ਦਾ ਅਰਥ ਹੈ ਕਿ ਕਰਮ ਨਾਲ ਮੇਰਾ ਜਨਮ ਹੋਇਆ ਹੈ।ਕਰਮ ਬੰਧੂ ਦਾ ਅਰਥ ਹੈ ਕਿ ਮੁਸੀਬਤ ਵਿਚ ਕਰਮ ਦੇ ਬਿਨਾਂ ਕੋਈ ਵੀ ਸਹਾਇਕ ਨਹੀਂ ਹੈ, ਅੰਤ ਕਰਮ ਹੀ ਮੇਰਾ ਸੱਚਾ ਰਿਸ਼ਤੇਦਾਰ ਹੈ।ਕਰਮ ਪ੍ਰਤਿਸ਼ਰਣ ਦਾ ਅਰਥ ਹੈ ਕਿ ਕਰਮ ਹੀ ਮੇਰੀ ਰਖਿਆ ਕਰ ਸਕੇਗਾ।

ਸਪਸ਼ਟ ਹੈ ਕਿ ਮਹਾਤਮਾ ਬੁੱਧ ਨੇ ਜੀਵਨ ਦੀਆਂ ਮੁਸ਼ਕਿਲਾਂ ਦਾ ਮੂਲ ਕਾਰਨ ਕਰਮ ਨੂੰ ਹੀ ਮੰਨਿਆ ਹੈ।ਕਰਮ ਹੀ ਪ੍ਰਾਣੀਆਂ ਨੂੰ ਹੀਣਤਾ ਅਤੇ ਉੱਚਤਾ ਵਿਚ ਵੰਡਦਾ ਹੈ।ਜੋ ਜੈਸਾ ਕਰਦਾ ਹੈ ਵੈਸਾ ਉਸ ਨੂੰ ਫ਼ਲ ਮਿਲਦਾ ਹੈ।ਇਸ ਲਈ  ਮਨੁੱਖ ਨੂੰ ਨਿਰਵਾਣ ਦੀ ਪ੍ਰਾਪਤੀ ਲਈ ਚੰਗੇ ਕਰਮ ਕਰਨੇ ਚਾਹੀਦੇ ਹਨ ਕਿਉਂਕਿ ਕਰਮ ਹੀ ਹੈ ਜਿਹੜਾ ਮਨੁੱਖ ਨੂੰ ਪਵਿੱਤਰ ਆਤਮਾ ਅਤੇ ਪਾਪੀ ਬਣਾਉਂਦਾ ਹੈ ਭਾਵ ਚੰਗੇ ਕਰਮ ਕਰਨ ਨਾਲ ਮਨੁੱਖ ਪਵਿੱਤਰ ਆਤਮਾ ਅਤੇ ਪਾਪ ਕਰਨ ਭਾਵ ਬੁਰੇ ਕਰਮ ਕਰਨ ਨਾਲ ਮਨੁੱਖ ਪਾਪੀ ਬਣਦਾ ਹੈ।ਚੰਗੇ ਕਰਮਾਂ ਦੇ ਰਾਹੀਂ ਮਨੁੱਖ ਬੁਰੇ ਕਰਮਾਂ ਦੇ ਪ੍ਰਭਾਵ ਨੂੰ ਖ਼ਤਮ ਕਰ ਸਕਦਾ ਹੈ।ਧੰਮਪਦ ਦੇ ਲੋਕਵੱਗੋ ਅਧਿਆਇ ਵਿਚ ਦੱਸਿਆ ਹੈ ਕਿ :

ਯੱਸ ਪਾਪੰ ਕਤੰ ਕੱਸੰ, ਕੁਸਲੇਨ ਪਿਧੀਯਤਿ।
ਸੋ ਇਮੰ ਲੋਕੰ ਪਭਾਸੇਤਿ, ਅਬਭਾ ਮੁੱਤੋ ਵ ਚੰਦਿਮਾ ।[22]

ਅਰਥਾਤ ਜਿਸਦੇ ਚੰਗੇ ਕਰਮ ਉਸਦੇ ਪਾਪ ਕਰਮਾਂ ਨੂੰ ਲੁਕਾ ਲੈਂਦੇ ਹਨ, ਉਹ ਮਨੁੱਖ ਇਸ ਦੁਨੀਆਂ ਨੂੰ ਬੱਦਲਾਂ ਤੋਂ ਮੁਕਤ ਚੰਨ ਵਾਂਗ ਪ੍ਰਕਾਸ਼ਿਤ ਕਰਦਾ ਹੈ।ਬੁੱਧ ਨੇ ਹਮੇਸ਼ਾ ਲੋਕਾਂ ਨੂੰ ਆਪਣੀ ਚੇਤਨਾ ਨੂੰ ਸ਼ੁੱਧ ਰੱਖਣ ਲਈ ਕਿਹਾ, ਕਿਉਂਕਿ ਸ਼ੁੱਧ ਚੇਤਨਾ ਨਾਲ ਹੀ ਮਨੁੱਖ ਸ਼ੁੱਧ ਕਰਮ ਕਰ ਸਕਦਾ ਹੈ।ਧੰਮਪਦ ਦੇ ਬੁੱਧਵੱਗੋ ਅਧਿਆਏ ਵਿਚ ਦੱਸਿਆ ਹੈ :

ਸੱਬਪਾਪੱਸ ਅਕਰਣੰ, ਕੁਸਲੱਸ ਉਪਸੰਪਦਾ।
ਸਚਿੱਤਪਰਿਯੋਦਪਨੰ, ਏਤੰ ਬੁਦਪਾਨ ਸਾਸਨੰ।[23]

ਭਾਵ ਪਾਪ ਨਾ ਕਰਨਾ, ਪੁੰਨ ਦੀ ਦੌਲਤ ਦਾ ਸੰਗ੍ਰਹਿ ਕਰਨਾ, ਆਪਣੇ ਚਿੱਤ ਨੂੰ ਸ਼ੁੱਧ ਰੱਖ਼ਣਾ ਇਹ ਬੁੱਧ ਦੀ ਸਿੱਖਿਆ ਹੈ। ਕਿਉਂਕਿ ਕਰਮ ਪ੍ਰਾਣੀਆਂ ਦੇ ਜੀਵਨ ਦਾ ਆਧਾਰ ਹੈ।ਕਰਮਾਂ ਤੋਂ ਬਿਨਾਂ ਪ੍ਰਾਣੀਆਂ ਦੀ ਜੀਵਨ ਯਾਤਰਾ ਸੰਭਵ ਨਹੀਂ ਕਿਉਂਕਿ ਇਹ ਸੰਸਾਰ ਪ੍ਰਾਣੀਆਂ ਦੀ ਕਰਮ ਭੂਮੀ ਹੈ, ਤੇ ਕਰਮਾਂ ਦੀ ਗਤੀ ਕਾਰਨ ਹੀ ਇਸ ਸੰਸਾਰ ਵਿਚ ਹਰ ਜੀਵ ਦੀ ਉਤਪਤੀ ਹੁੰਦੀ ਹੈ, ਤੇ ਕਰਮਾਂ ਕਾਰਨ ਹੀ ਉਨ੍ਹਾਂ ਦਾ ਵਿਕਾਸ ਤੇ ਵਿਨਾਸ਼ ਹੁੰਦਾ ਹੈ।

ਬੁੱਧ ਧਰਮ ਦੀ ਬੁਨਿਆਦ ਕਰਮ ਸਿਧਾਂਤ ਉੱਪਰ ਅਧਾਰਿਤ ਹੈ।ਕਰਮ ਸਿਧਾਂਤ ਦੇ ਕਾਰਨ ਹੀ ਆਤਮਾ ਦਾ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।ਇਸ ਲਈ ਮਹਾਤਮਾ ਬੁੱਧ ਨੇ ਅਸਟਾਂਗ ਮਾਰਗ ਦਾ ਰਸਤਾ ਦੱਸਿਆ ਅਸਟਾਂਗ ਮਾਰਗ ਤੋਂ ਭਾਵ “ਸੱਚੀ ਦ੍ਰਿਸ਼ਟੀ, ਸੱਚਾ ਸੰਕਲਪ, ਸੱਚਾ ਵਚਨ, ਸੱਚਾ ਕਰਮ,ਸੱਚੀ ਆਜੀਵਕਾ, ਸੱਚਾ ਵਯਾਯਾਨ, ਸੱਚਾ ਸਿਮਰਨ, ਸੱਚੀ ਸਮਾਧੀ”[24]ਇਹ ਸਾਰੇ ਕਰਮ ਦਾ ਹੀ ਰੂਪ ਹਨ ਜਦੋਂ ਮਨੁੱਖ ਆਪਣੇ ਸੱਚੇ ਵਚਨ ਅਤੇ ਕਰਮ ਨਾਲ ਅਸ਼ਟਾਂਗ ਮਾਰਗ ਦੀ ਪਾਲਣਾ ਕਰਦਾ ਹੈ ਤਾਂ ਉਸ ਨੂੰ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ ਨਿਰਵਾਣ ਤੋਂ ਭਾਵ ਜਦੋਂ ਮਨੁੱਖ ਦੇ ਸਾਰੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ ਅਤੇ ਉਹ ਸ਼ੁੱਭ ਕਰਮ ਕਰਦਾ ਹੋਇਆ ਮੁਕਤੀ ਪ੍ਰਾਪਤ ਕਰਦਾ ਹੈ।ਬੁੱਧ ਧਰਮ ਅਨੁਸਾਰ ਮਨੁੱਖ ਆਪਣੇ ਸੁੱਖਾਂ ਅਤੇ ਦੁੱਖਾਂ ਦਾ ਕਾਰਨ ਆਪ ਹੈ।ਕਰਮਾਂ ਦੇ ਕਾਰਨ ਹੀ ਜੀਵਨ ਦੀ ਪ੍ਰਤੀਕਿਰਿਆ ਚਲਦੀ ਰਹਿੰਦੀ ਹੈ।ਇਸ ਲਈ ਮਨੁੱਖ ਨੂੰ ਸੱਚੇ ਕਰਮ ਕਰਨੇ ਚਾਹੀਦੇ ਹਨ ਕਿਉਂਕਿ ਸੱਚੇ ਕਰਮਾਂ ਨਾਲ ਦੁੱਖਾਂ ਦਾ ਅੰਤ ਹੁੰਦਾ ਹੈ ਅਤੇ ਜਨਮ ਮਰਨ ਦਾ ਗੇੜ ਮੁੱਕਦਾ ਹੈ ਅਤੇ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ।

ਬੁੱਧ ਧਰਮ ਵਿਚ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ ਪਰੰਤੂ ਕਰਮ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਗਿਆ ਹੈ।ਇਸ ਲਈ ਬੁੱਧ ਨੇ ਕਰਮ ਸਿਧਾਂਤ ਨੂੰ ਮਨੁੱਖ ਦੇ ਭਵਿੱਖੀ ਜੀਵਨ ਨੂੰ ਨਿਰਧਾਰਤ ਕਰਨ ਵਿਚ ਸਭ ਤੋਂ ਪ੍ਰਭਾਵਸ਼ਾਲੀ ਕਾਰਕ ਮੰਨਿਆ ਹੈ।ਬੁੱਧ ਧਰਮ ਵਿਚ ਕਰਮ ਸਿਧਾਂਤ ਮਨੁੱਖ ਦੀਆਂ ਵਰਤਮਾਨ ਸਮੱਸਿਆਵਾਂ ਦੇ ਸੰਦਰਭ ਵਿਚ ਵਿਅਕਤੀਗਤ, ਸਮਾਜਿਕ ਅਤੇ ਮਨੋਵਿਗਿਆਨਕ ਪਹਿਲੂਆਂ ਦੀ ਵਿਆਖਿਆ ਉਤੇ ਵਿਸ਼ੇਸ ਜ਼ੋਰ ਦਿੰਦਾ ਹੈ।ਇਸ ਤਰ੍ਹਾਂ ਬੁੱਧ ਧਰਮ ਦਾ ਸੰਬੰਧ ਮਨੁੱਖ ਦੀ ਕਰਮ ਸਮਰੱਥਾ ਨਾਲ ਹੈ।ਮਨੁੱਖੀ ਕਰਮ ਸਮਰੱਥਾ ਨੂੰ ਅਨੁਸ਼ਾਸ਼ਿਤ ਕਰਨਾ ਹੀ ਬੁੱਧ ਧਰਮ ਦਾ ਕਾਰਜ ਖੇਤਰ ਹੈ।ਬੁੱਧ ਧਰਮ ਅਨੁਸਾਰ ਮਨੁੱਖ ਆਪਣੀ ਕਾਰਜ ਸ਼ਕਤੀ ਦਾ ਮਾਲਕ ਆਪ ਹੈ ਦੂਜਾ ਕੋਈ ਨਹੀਂ ਹੈ।ਇਸ ਲਈ ਮਨੁੱਖ ਨੂੰ ਕੁਸ਼ਲ ਕਰਮ ਕਰਨੇ ਚਾਹੀਦੇ ਹਨ।ਕਿਉਂਕਿ ਉਸ ਦਾ ਕਰਮ ਹੀ ਉਸ ਦਾ ਵਿਅਕਤੀਗਤ ਪੱਧਰ ਉੱਚਾ ਚੁੱਕ ਕੇ ਸਮਾਜ ਵਿਚ ਉਸ ਦੀ ਪ੍ਰਤਿਸ਼ਠਾ ਵਿਚ ਵਾਧਾ ਕਰਦਾ ਹੈ।

**ਹਵਾਲੇ**


1) **प्रो. हरेन्द्र प्रसाद सिन्हा, भारतीय दर्शन कि रूप रेखा, पृष्ठ**.14.

2) **डा. राधाकृष्णन, भारतीय दर्शन,पृष्ठ. 228.**3) **अनु.भिक्षु धर्मरत्न, सुत्तनिपात, पृष्ठ**.132.4) **सम्पादक डा दमेश कुमार द्ववेदी, बैाद्व दर्शन और मार्क सवाद, पृष्ठ.126.**

5) Edward Irons, Encylopedia of Buddhism, Page. 276.

6) Narada Maha thera, The Buddha and his teachings, Page no. 349.

7) **प्रो. सागरमल जैन, जैन, बौद्ध**, **और गीता में कर्म सिद्धांत,पृष्ठ**.13, 14.

8) **डा. भरत सिंह उपाध्याय, पाली साहित्य का इतिहास, पृष्ठ**.

9) **आचार्य नरेंन्द्र देव एबौद्ध धर्म दर्शन पृष्ठ**.

10) **डा. भरत सिंह उपाध्याय, पाली साहित्य का इतिहास, पृष्ठ**.

11) **प्रवीण नोन्हारे, बोध सूत, पृष्ठ**.18.

12) **डा. भरत सिंह उपाध्याय, पाली साहित्य का इतिहास, पृष्ठ**. 410.

13) ਐਲ**.** ਐਮ**.** ਜੋਸ਼ੀ**,** ਪਾਲੀਧੱਮਪਦ**,** ਪੰਨਾ.61

14) ਉਹੀ**,** ਪੰਨਾ ਨੰ**.** 61**.**

15) ਡਾ. ਅਰਵਿੰਦ ਰਿਤੁਰਾਜ, ਬੁੱਧ ਧਰਮ ਦੀ ਰੂਪ-ਰੇਖਾ, ਪੰਨਾ ਨੰ.28

16) **अजीतकं**ठ, **गौतमबुद्ध, पृष्ठ**. 37

17) **मधुरिमा सिंह, आत्मा, कर्म, पुन जेन्म और मोक्ष, पृष्ठ.140.**

18) ਐਲ. ਐਮ. ਜੋਸ਼ੀ, ਪਾਲੀ ਧੱਮਪਦ, ਪੰਨਾ**.** 65

19) ਓਹੀ**,** ਪੰਨਾਨੰ**.** 66

20) **राहुल सांकृत्यायन मज्झिमनिकाय, पृष्ठ**.552.

21) **वही, पृष्ठ**.552.

22) ਐਲ. ਐਮ. ਜੋਸ਼ੀ, ਪਾਲੀ ਧੱਮਪਦ, ਪੰਨਾਨੰ**.** 144

23) ਓਹੀ**,** ਪੰਨਾ ਨੰ**.** 117

24) ਡਾ. ਅਰਵਿੰਦ ਰਿਤੁਰਾਜ, ਬੁੱਧ ਧਰਮ ਦੀ ਰੂਪ-ਰੇਖਾ**,** ਪੰਨਾਨੰ.30.

# ਮਿਸ਼ਨਰੀ ਕਾਲਜਾਂ ਵਿੱਚ ਸੰਗੀਤ ਸਿੱਖਿਆ ਦਾ ਸਰਵੇਖਣ ਅਤੇ ਮੁਲਾਂਕਣ

**ਹਰਵਿੰਦਰ ਬੀਰ ਕੌਰ**
ਖੋਜਾਰਥੀ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਅਮੂਰਤ**

ਗੁਰੂ ਸਾਹਿਬਾਨਾਂ ਨੇ ਵੱਖ-ਵੱਖ ਧਾਰਮਿਕ ਸਥਾਨਾਂ ਦੀ ਸਥਾਪਨਾ ਕੀਤੀ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਗੁਰਦੁਆਰਿਆਂ ਦੀ ਸਾਂਭ-ਸੰਭਾਲ ਮਹੰਤਾਂ ਅਤੇ ਨਿਰਮਲੇ ਉਦਾਸੀਆਂ ਦੇ ਹੱਥਾਂ ਵਿੱਚ ਰਹੀ।ਅੰਗਰੇਜ਼ਾਂ ਦੇ ਆਗਮਨ ਅਤੇ ਅੰਗਰੇਜ਼ੀ ਸਰਕਾਰ ਦੀ ਸ਼ਹਿ ਤੇ ਮਹੰਤ ਭ੍ਰਿਸ਼ਟ ਹੋ ਗਏ ਅਤੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਲੱਗ ਗਏ।ਗੁਰਦੁਆਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾਉਣ ਅਤੇ ਸਾਰਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਸਿੱਖ ਚਿੰਤਕਾਂ ਵੱਲੋਂ ਬਹੁਤ ਸਾਰੇ ਮੋਰਚੇ ਲਗਾਏ ਗਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਗਈਆਂ।ਸੰਨ 1925 ਵਿਚ ਜੈਤੋ ਦਾ ਮੋਰਚਾ ਖ਼ਤਮ ਹੋਣ ਉਪਰੰਤ ਅੰਗਰੇਜ਼ ਹੁਕਮਰਾਨਾਂ ਨੂੰ ਸਿੱਖ ਗੁਰਦੁਆਰਾ ਐਕਟ ਪਾਸ ਕਰਨਾ ਪਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ।ਬੇਸ਼ੱਕ ਇਸ ਕਮੇਟੀ ਦੀ ਸਥਾਪਨਾ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਕੀਤੀ ਗਈ ਸੀ ਪ੍ਰੰਤੂ ਨਾਲ ਹੀ ਨਾਲ ਨੌਜਵਾਨਾਂ ਨੂੰ ਸਿੱਖਿਆ ਦੇਣ ਅਤੇ ਧਰਮ ਨਾਲ ਜੋੜਨ ਦਾ ਵੀ ਖਾਸ ਪ੍ਰਬੰਧ ਕੀਤਾ ਜਾਣ ਲੱਗਾ।ਇਸੇ ਮਕਸਦ ਦੀ ਪੂਰਤੀ ਲਈ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਗੁਰਮਤਿ ਦੀ ਸਿਖਲਾਈ ਦੇਣ ਲਈ ਵੱਖ-ਵੱਖ ਥਾਵਾਂ ਉੱਤੇ ਮਿਸ਼ਨਰੀ ਕਾਲਜ, ਵਿਦਿਆਲੇ ਅਤੇ ਗੁਰਮਤਿ ਇੰਸਟੀਚਿਊਟ ਖੋਲ੍ਹੇ ਗਏ।ਸਭ ਤੋਂ ਪਹਿਲਾਂ 1927 ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਕੀਤੀ ਗਈ।ਅੱਜ 90 ਸਾਲਾਂ ਦੇ ਦੌਰਾਨ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਹੇ ਵੱਖ-ਵੱਖ ਕਾਲਜ ਵਿਦਵਾਨ, ਰਾਗੀ, ਰਬਾਬੀ ਅਤੇ ਤਬਲਾ ਵਾਦਕ ਤਿਆਰ ਕਰਕੇ ਸਿੱਖ ਕੌਮ ਦੀ ਝੋਲੀ ਪਾ ਰਹੇ ਹਨ।

**ਕੁੰਜੀ ਸ਼ਬਦ:** ਮਿਸ਼ਨਰੀ ਕਾਲਜ, ਸੰਗੀਤ, ਗੁਰਮਤਿ, ਸ਼ਹਾਦਤ, ਧਰਮ ਪ੍ਰਚਾਰ।

ਗੁਰੂ ਸਾਹਿਬਾਨਾਂ ਦੁਆਰਾ ਧਰਮ ਦੇ ਪ੍ਰਚਾਰ ਲਈ ਅਜਿਹੀਆਂ ਵੱਖ-ਵੱਖ ਧਰਮਸਾਲਾਵਾਂ ਦੀ ਸਥਾਪਨਾ ਕਰਨ ਦੀ ਪਰੰਪਰਾ ਸ਼ੁਰੂ ਕੀਤੀ ਗਈ ਹੈ ਜਿੱਥੇ ਹਰ ਧਰਮ, ਨਸਲ, ਰੰਗ ਤੇ ਜਾਤੀ ਦਾ ਵਿਅਕਤੀ ਬਿਨਾਂ ਕਿਸੇ ਭੇਦ-ਭਾਵ ਦੇ ਆ ਸਕਦਾ ਹੈ।ਇਹ ਸਥਾਨ ਮਨੁੱਖਤਾ ਨੂੰ ਬਰਾਬਰੀ ਦਾ ਸੰਦੇਸ਼ ਦਿੰਦੇ ਹਨ ਅਤੇ ਅਜਿਹੇ ਪਵਿੱਤਰ ਸਥਾਨ ਹਨ ਜਿੱਥੇ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'ਦੀ ਅਰਦਾਸ ਕੀਤੀ ਜਾਂਦੀ ਹੈ।

ਅੰਗਰੇਜ਼ਾਂ ਦੇ ਆਗਮਨ ਅਤੇ ਅੰਗਰੇਜ਼ੀ ਸਰਕਾਰ ਦੀ ਸ਼ਹਿ 'ਤੇ ਮਹੰਤ ਭ੍ਰਿਸ਼ਟ ਹੋ ਗਏ ਅਤੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਲੱਗ ਗਏ।ਗੁਰਦੁਆਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾਉਣ ਅਤੇ ਸਾਰਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ ਸਿੱਖ ਚਿੰਤਕਾਂ ਵੱਲੋਂ ਬਹੁਤ ਸਾਰੇ ਮੋਰਚੇ ਲਗਾਏ ਗਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਗਈਆਂ। ਸੰਨ 1925 ਵਿੱਚ ਜੈਤੋ ਦਾ ਮੋਰਚਾ ਖਤਮ ਹੋਣ ਉਪਰੰਤ ਅੰਗਰੇਜ਼ ਹੁਕਮਰਾਨਾਂ ਨੂੰ ਸਿੱਖ ਗੁਰਦੁਆਰਾ ਐਕਟ ਪਾਸ ਕਰਨਾ ਪਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ

ਆਈ।ਬੇਸ਼ੱਕ ਇਸ ਕਮੇਟੀ ਦੀ ਸਥਾਪਨਾ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਕੀਤੀ ਗਈ ਸੀ ਪ੍ਰੰਤੂ ਨਾਲ ਹੀ ਨਾਲ ਨੌਜਵਾਨਾਂ ਨੂੰ ਸਿੱਖਿਆ ਦੇਣ ਅਤੇ ਧਰਮ ਨਾਲ ਜੋੜਨ ਦਾ ਵੀ ਖਾਸ ਪ੍ਰਬੰਧ ਕੀਤਾ ਜਾਣ ਲੱਗਾ।ਇਸੇ ਮਕਸਦ ਦੀ ਪੂਰਤੀ ਲਈ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਗੁਰਮਤਿ ਦੀ ਸਿਖਲਾਈ ਦੇਣ ਲਈ ਵੱਖ-ਵੱਖ ਥਾਵਾਂ ਉੱਤੇ ਮਿਸ਼ਨਰੀ ਕਾਲਜ, ਵਿਦਿਆਲੇ ਅਤੇ ਗੁਰਮਤਿ ਇੰਸਟੀਚਿਊਟ ਖੋਲ੍ਹੇ ਗਏ, ਜਿੱਥੋਂ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀ ਆਪਣੇ ਪੈਰਾਂ 'ਤੇ ਖੜ੍ਹੇ ਹੁੰਦੇ ਹਨ। ਇਸ ਉਦੇਸ਼ ਦੀ ਪੂਰਤੀ ਲਈ 2 ਅਕਤੂਬਰ,1927 ਨੂੰ ਸਭ ਤੋਂ ਪਹਿਲਾ ਕਾਲਜ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਅੰਮ੍ਰਿਤਸਰ ਵਿਖੇ ਖੋਲਿਆ ਗਿਆ।

ਸਿੱਖ ਮਿਸ਼ਨਰੀ ਕਾਲਜਾਂ ਦੇ ਇਤਿਹਾਸ ਬਾਰੇ ਗੱਲ ਕਰਨ ਤੋਂ ਪਹਿਲਾਂ ਮਿਸ਼ਨਰੀ ਸ਼ਬਦ ਦੇ ਅਰਥਾਂ ਨੂੰ ਜਾਣਨਾ ਜ਼ਰੂਰੀ ਹੈ।ਮਿਸ਼ਨਰੀ ਸ਼ਬਦ ਦੀ ਉਤਪਤੀ 'ਮਿਸ਼ਨ' ਸ਼ਬਦ ਤੋਂ ਹੋਈ ਮੰਨੀ ਜਾਂਦੀ ਹੈ ਜਿਸਦਾ ਭਾਵ ਹੁੰਦਾ ਹੈ ਕਿ ਕਿਸੇ ਸੰਕਲਪ ਨੂੰ ਧਾਰਨ ਕਰਕੇ ਉਸਦੀ ਪੂਰਤੀ ਲਈ ਵਿਸ਼ੇਸ਼ ਯਤਨ ਕਰਕੇ ਉਸਨੂੰ ਪੂਰਨ ਕਰਨਾ।"ਮਿਸ਼ਨਰੀ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ਹੈ।'ਮਿਸ਼ਨ'(Mission) ਤੋਂ ਇਸ ਦੀ ਉਤਪਤੀ ਹੋਈ ਹੈ।ਮਿਸ਼ਨ ਦੇ ਅਰਥ ਵਾਚੀਏ ਤਾਂ 'ਕੋਈ ਖਾਸ ਮਨੋਰਥ' ਬਣਦਾ ਹੈ।[1]ਮਹਾਨ ਕੋਸ਼ ਅਨੁਸਾਰ, "ਮਿਸ਼ਨਰੀ. ਮਿਸ਼ਨੇਰੀ, ਧਰਮ-ਪ੍ਰਚਾਰ ਦਾ ਮਨੋਰਥ ਲੈਕੇ ਜਾਣ ਵਾਲਾ ਪੁਰਖ, ਈਸਾਈ ਮਤ ਦਾ ਪਾਦਰੀ, ਮਿਸ਼ਨ ਸੰਬੰਧੀ। [2]ਅੰਗ੍ਰੇਜ਼ੀ-ਪੰਜਾਬੀ ਕੋਸ਼ ਅਨੁਸਾਰ, "ਮਿਸ਼ਅਨਰਿ ਪਾਦਰੀ, ਧਰਮ ਪ੍ਰਚਾਰਕ, ਉਪਦੇਸ਼ਕ।[3]ਇਤਿਹਾਸ ਵਿੱਚ ਮਿਸ਼ਨਰੀਆਂ ਦਾ ਸਬੰਧ ਧਰਮ ਪ੍ਰਚਾਰ ਨਾਲ ਰਿਹਾ ਹੈ।"ਮਹਾਤਮਾ ਬੁੱਧ ਦਾ ਧਰਮ ਸੰਸਾਰ ਭਰ ਵਿੱਚ ਫੈਲਾਉਣ ਲਈ ਬੋਧੀ ਭਿਖਸ਼ੂ ਦੂਰ-ਦੂਰ ਤੱਕ ਪਹੁੰਚੇ।ਅਸ਼ੋਕ ਦਾ ਭਰਾ ਮਹਿੰਦਰ ਤੇ ਉਸਦੀ ਪੁੱਤਰੀ ਸੰਘਮਿੱਤਰਾ, ਚੀਨ ਤੇ ਜਪਾਨ ਤੱਕ ਬੁੱਧ ਧਰਮ ਦਾ ਪਰਚਾਰ ਤੇ ਵਿਸਥਾਰ ਕਰਨ ਲਈ ਗਏ।ਆਪਣੇ ਇਸ ਕਾਰਜ ਵਿੱਚ ਇਨ੍ਹਾਂ ਪ੍ਰਚਾਰਕਾਂ ਨੂੰ ਜੋ ਸਫਲਤਾ ਪ੍ਰਾਪਤ ਹੋਈ, ਉਸ ਦਾ ਸਜੀਵ ਪ੍ਰਮਾਣ ਇਹਨਾਂ ਦੇਸ਼ਾਂ ਵਿੱਚ ਵਸ ਰਹੇ ਬੁੱਧ ਮੱਤ ਦੇ ਕਰੋੜਾਂ ਅਨੁਯਾਈ ਹਨ।ਇਸੇ ਤਰਾਂ ਇਸਲਾਮ ਦਾ ਉਦੈ ਹੋਇਆ ਤਾਂ ਇਸਦੇ ਪ੍ਰਚਾਰਕ ਕਿਤੇ ਤਲਵਾਰ ਫੜਕੇ ਕਿਤੇ ਸੁੱਖ ਸ਼ਾਂਤੀ ਦਾ ਸੁਨੇਹਾ ਲੈ ਕੇ ਅਤੇ ਕਿਤੇ ਵਿਦਿਆ ਪ੍ਰਸਾਰ ਦਾ ਨਿਸ਼ਚਾ ਕਰਕੇ ਘਰੋਂ ਨਿਕਲ ਤੁਰੇ ਅਤੇ ਦੇਸ਼-ਵਿਦੇਸ਼ ਵਿਚ ਆਪਣੇ ਧਰਮ ਦਾ ਬੀਜ ਬੀਜਣ ਲੱਗੇ ਇਸੇ ਤਰਾਂ ਇਸਾਈ ਧਰਮ ਏਸ਼ੀਆ ਦੇ ਇੱਕ ਅਗਿਆਤ ਜਿਹੇ ਕੋਨੇ ਵਿਚ ਪੈਦਾ ਹੋਇਆ ਪਰ ਜਦੋਂ ਆਪਣੇ ਦੇਸ਼ ਦੀਆਂ ਸੀਮਾਵਾਂ ਟੱਪਣ ਲੱਗਾ।ਇਸਦੇ ਪ੍ਰਚਾਰਕਾਂ ਨੇ ਪਿਛਲੇ ਦੋਹਾਂ ਧਰਮਾਂ ਦੇ ਪ੍ਰਚਾਰਕਾਂ ਨੂੰ ਮਾਤ ਪਾ ਦਿੱਤੀ।ਪ੍ਰਚਾਰਕ ਧਰਮਾਂ ਵਿਚੋਂ ਸਭ ਤੋਂ ਵੱਧ ਸਫਲਤਾ ਇਸਾਈ ਧਰਮ ਦੇ ਪ੍ਰਚਾਰਕਾਂ ਨੂੰ ਹੀ ਪ੍ਰਾਪਤ ਹੋਈ।ਵਹਿਸ਼ੀ, ਆਦਮਖੋਰ ਤੇ ਅਸਲੋਂ ਹੀ ਓਪਰੇ ਤੇ ਅਨਪੜ੍ਹ ਲੋਕਾਂ ਵਿੱਚ ਜਾਣਾ, ਉਹਨਾਂ ਦਾ ਆਚਾਰ-ਵਿਹਾਰ ਧਾਰਨ ਕਰਨਾ ਅਤੇ ਫਿਰ ਉਹਨਾਂ ਨੂੰ ਪੜ੍ਹਾ ਲਿਖਾ ਕੇ ਇਸਾਈ ਬਣਾਉਣਾ, ਜਿੱਥੇ ਲੋਕ ਅੱਗੇ ਹੀ ਸਿਆਣੇ ਅਤੇ ਪੜ੍ਹੇ ਲਿਖੇ ਸਨ ਉਹਨਾਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਨਵੀਂ ਸੱਭਿਅਤਾ ਤੇ ਧਰਮ ਦੀ ਨੁਹਾਰ ਦੱਸਣਾ ਉਹਨਾਂ ਦੀ ਸਫਲਤਾ ਦੇ ਕੁਝ ਕਾਰਨ ਸਨ।ਨਿਰਸੰਦੇਹ ਉਸ ਸਮੇਂ ਪ੍ਰਸਥਿਤੀਆਂ ਬੜੀਆਂ ਕਠੋਰ ਸਨ ਪਰ ਧਰਮ ਪ੍ਰਚਾਰ ਤੇ ਵਿਸਥਾਰ ਦੀ ਲਗਨ ਨੇ ਇਸਾਈ ਮਿਸ਼ਨਰੀਆਂ ਲਈ ਇਹ ਕੰਮ ਅਸਾਨ ਕਰ ਦਿੱਤਾ।[4]

ਇਹਨਾਂ ਪ੍ਰਚਾਰਕਾਂ ਦੇ ਯਤਨਾਂ ਸਦਕਾ 1867 ਵਿੱਚ ਸੇਂਟ ਮਾਰੀਆ ਮਿਸ਼ਨ ਖਾਸਾ, 1869 ਵਿੱਚ ਆਰੀਆ ਸਮਾਜ ਵੈਦਿਕ ਸਕੂਲ, ਫ਼ਰੂਖਾਬਾਦ, 1875 ਵਿੱਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ, ਉਤਰ ਪ੍ਰਦੇਸ਼, 1886 ਵਿੱਚ ਦਇਆਨੰਦ ਐਂਗਲੋ ਵੈਦਿਕ ਕਾਲਜ ਮੈਨੇਜਿੰਗ ਕਮੇਟੀ (DAVCMC), ਦਿੱਲੀ, 1892 ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ, 1900 ਵਿੱਚ ਕ੍ਰਿਸਟਨ ਮੈਡੀਕਲ ਕਾਲਜ, ਵੇਲੂਰ ਤਾਮਿਲਨਾਡੂ, 1902 ਵਿੱਚ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ, 1916 ਵਿੱਚ ਲਾਹੌਰ ਵਿੱਚ ਅਤੇ 1951 ਵਿੱਚ ਅੰਬਾਲਾ,

ਹਰਿਆਣਾ ਸੰਤ ਧਰਮਾ ਕਾਲਜ (S.D. College) ਅਤੇ 1927 ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਹੋਈ।

## ਸਿੱਖ ਮਿਸ਼ਨਰੀ ਕਾਲਜਾਂ ਦਾ ਆਰੰਭ ਅਤੇ ਪਿਛੋਕੜ

ਸਿੱਖ ਮਿਸ਼ਨਰੀ ਕਾਲਜਾਂ ਦੇ ਇਤਿਹਾਸ ਵੱਲ ਝਾਤ ਮਾਰੀਏ ਤਾਂ ਸਿੱਖਾਂ ਲਈ ਇਹ ਬਹੁਤ ਹੀ ਕਠਿਨ ਸੰਘਰਸ਼ ਅਤੇ ਕੁਰਬਾਨੀਆਂ ਭਰਿਆ ਸਮਾਂ ਸੀ।ਉਸ ਸਮੇਂ ਅੰਗਰੇਜ਼ ਸਰਕਾਰ ਦਾ ਇਹ ਵਿਚਾਰ ਸੀ ਕਿ ਜੇਕਰ ਦੇਸ਼ ਦੇ ਧਰਮ ਅਤੇ ਸਿੱਖਿਆ ਨੂੰ ਬਦਲ ਦਿੱਤਾ ਜਾਵੇ ਤਾਂ ਜ਼ਿਆਦਾ ਸਮੇਂ ਤੱਕ ਦੇਸ਼ ਨੂੰ ਗੁਲਾਮ ਰੱਖਿਆ ਜਾ ਸਕਦਾ ਹੈ।ਉਸ ਸਮੇਂ ਗੁਰਦੁਆਰਾ ਪ੍ਰਬੰਧ ਦੇ ਸੁਧਾਰ ਦਾ ਆਰੰਭ ਹੋਣਾ ਸੁਭਾਵਿਕ ਸੀ ਅਤੇ ਅੰਗਰੇਜ਼ ਸਰਕਾਰ ਨੂੰ ਸਿੱਧੀ ਵੰਗਾਰ ਸੀ।ਇਸੇ ਲਹਿਰ ਸਦਕਾ ਸਿੱਖਾਂ ਨੇ ਆਪਣੇ ਗੁਰੂ ਸਥਾਨਾਂ ਨੂੰ ਅਜ਼ਾਦ ਕਰਵਾਉਣ ਲਈ ਕਈ ਮੋਰਚੇ ਲਗਾਏ, ਲੜਾਈਆਂ ਲੜ ਕੇ ਅਤੇ ਸ਼ਹੀਦੀਆਂ ਪ੍ਰਾਪਤ ਕਰਕੇ ਗੁਰਦੁਆਰਿਆਂ ਦਾ ਪ੍ਰਬੰਧ ਆਪ ਸੰਭਾਲਿਆ। “21 ਫ਼ਰਵਰੀ 1921 ਈ. ਨੂੰ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ।ਇਸ ਵਿੱਚ ਮਹੰਤ ਨਰੈਣ ਦਾਸ ਅਤੇ ਉਸਦੇ ਗੁੰਡਿਆਂ ਨੇ ਅਨੇਕ ਸਿੰਘ ਸ਼ਹੀਦ ਕਰ ਦਿੱਤੇ”।[5]

ਇਸ ਦੁਰਘਟਨਾ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀਆਂ।“21 ਫਰਵਰੀ, 1922 ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਸਰਦਾਰ ਮਹਿਤਾਬ ਸਿੰਘ ਬੈਰਿਸਟਰ ਜੀ ਦੇ ਉੱਦਮ ਨਾਲ ‘ਸ਼ਹੀਦ ਸਿੱਖ ਮਿਸ਼ਨਰੀ ਸੁਸਾਇਟੀ’ ਕਾਇਮ ਕੀਤੀ ਗਈ”।[6] ਇਸ ਸੁਸਾਇਟੀ ਨੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲਈ ਪ੍ਰਚਾਰਕ, ਗ੍ਰੰਥੀ, ਕੀਰਤਨੀ ਸਿੰਘ ਤਿਆਰ ਕਰਨ ਲਈ ਸਿੱਖ ਮਿਸ਼ਨਰੀ ਕਾਲਜ ਖੋਲ੍ਹਣ ਦਾ ਫ਼ੈਸਲਾ ਲਿਆ। “ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ 2 ਅਕਤੂਬਰ 1927 ਈ. ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੀ ਧਰਤੀ ’ਤੇ ਸਥਾਪਿਤ ਕੀਤਾ”।[7]

ਗੁਰਮਤਿ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਬਣਾਏ ਗਏ ਇਹਨਾਂ ਅਦਾਰਿਆਂ ਦੀ ਗਿਣਤੀ 18 ਹੈ ਪ੍ਰੰਤੂ ਸੰਗੀਤ ਨਾਲ ਸਬੰਧਿਤ ਅਦਾਰਿਆਂ ਦੀ ਗਿਣਤੀ 12 ਹੈ ਜਿਹਨਾਂ ਵਿੱਚੋਂ 5 ਮਿਸ਼ਨਰੀ ਕਾਲਜ, ਇੱਕ ਗੁਰਮਤਿ ਇੰਸਟੀਚਿਊਟ, 3 ਗੁਰਮਤਿ ਸੰਗੀਤ ਅਕੈਡਮੀਆਂ ਅਤੇ 3 ਗੁਰਮਤਿ ਸੰਗੀਤ ਵਿਦਿਆਲੇ ਹਨ।ਇਹ ਵਿਦਿਆਲੇ ਹੇਠ ਲਿਖੇ ਅਨੁਸਾਰ ਹਨ:

1. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ।
2. ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ (ਕਪੂਰਥਲਾ)।
3. ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ, ਭੂਰਾ ਕੋਹਨਾ (ਤਰਨਤਾਰਨ)।
4. ਸੰਤ ਫ਼ਤਹਿ ਸਿੰਘ ਸੰਤ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ, ਬੁੱਢਾ ਜੌਹੜ, ਗੰਗਾ ਨਗਰ (ਰਾਜਸਥਾਨ)।
5. ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ।
6. ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ)।
7. ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਆਨੰਦਪੁਰ ਸਾਹਿਬ (ਰੂਪ ਨਗਰ)।
8. ਗੁਰਮਤਿ ਸੰਗੀਤ ਅਕੈਡਮੀ, ਸ਼ੇਖੂਪੁਰਾ ਮੰਚੂਰੀ ,ਕਰਨਾਲ (ਹਰਿਆਣਾ)।

9. ਸ. ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ, ਸਿੱਧਸਰ ਸਾਹਿਬ, ਕਾਲਾ ਮਾਲਾ ਛਾਪਾ (ਬਰਨਾਲਾ)।
10. ਸ੍ਰੀ ਗੁਰੂ ਰਾਮਦਾਸ ਜੀ ਗੁਰਮਤਿ ਸੰਗੀਤ ਵਿਦਿਆਲਾ, ਰੇਲਵੇ ਕਲੋਨੀ ਰੋਜਾ, ਸ਼ਾਹਜਹਾਨਪੁਰ (ਯੂ. ਪੀ.)।
11. ਸ਼ਹੀਦ ਸੰਗੀਤ ਵਿਦਿਆਲਾ, ਬਾਦੀਆਂ (ਸ੍ਰੀ ਮੁਕਤਸਰ ਸਾਹਿਬ)।
12. ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਲੜਕੀਆਂ, ਬਿਬੇਕਸਰ ਰੋਡ, ਸ੍ਰੀ ਅੰਮ੍ਰਿਤਸਰ।

ਖੋਜ ਪੱਤਰ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਿੱਚ ਸਿਰਫ਼ 3 ਮਿਸ਼ਨਰੀ ਕਾਲਜਾਂ ਦਾ ਵੇਰਵਾ ਹੀ ਦਿੱਤਾ ਜਾ ਰਿਹਾ ਹੈ।

### 1) ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

#### ਕਾਲਜ ਦਾ ਆਰੰਭ ਅਤੇ ਨਾਮਕਰਨ

ਗੁਰਦੁਆਰਾ ਨਨਕਾਣਾ ਸਾਹਿਬ ਦੇ ਸਾਕੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਯਾਦਗਾਰ ਬਣਾਉਣ ਲਈ ਅਤੇ ਇਸ ਸਾਕੇ ਦੇ ਸ਼ਹੀਦ ਸਿੰਘਾਂ ਦੀ ਯਾਦ ਸਿੱਖਾਂ ਦੇ ਦਿਲਾਂ ਵਿੱਚ ਜਿਊਂਦੀ ਰੱਖਣ ਲਈ ਸਿੱਖ ਮਿਸ਼ਨਰੀ ਕਾਲਜ ਖੋਲ੍ਹਣ ਲਈ ਮਤਾ ਪਾਸ ਕੀਤਾ ਗਿਆ।ਇਸੇ ਸਬੰਧ ਵਿੱਚ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 30 ਮਾਰਚ, 1922 ਈ. ਨੂੰ ਧਰਮ ਦੇ ਪ੍ਰਚਾਰ ਲਈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਕਾਇਮ ਕਰਨ ਦਾ ਫੈਸਲਾ ਲਿਆ"।[8] ਇਸ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਅਧਿਕਾਰੀ ਅਤੇ ਸਿਰਕੱਢ ਸਿੱਖ ਆਗੂ ਗੁਰਦੁਆਰਾ ਸੁਧਾਰ ਲਹਿਰ ਅਧੀਨ ਚੱਲ ਰਹੇ ਮੋਰਚਿਆਂ ਸਮੇਂ ਅੰਗਰੇਜ਼ ਹਕੂਮਤ ਵੱਲੋਂ ਗਿਰਫ਼ਤਾਰ ਕੀਤੇ ਗਏ ਸਨ।ਇਹਨਾਂ ਗਿਰਫ਼ਤਾਰੀਆਂ ਅਤੇ ਜੇਲ੍ਹ ਯਾਤਰਾਵਾਂ ਦਾ ਸੰਘਰਸ਼ ਕਾਫ਼ੀ ਲੰਮਾ ਚੱਲਦਾ ਰਿਹਾ ਜਿਸ ਕਰਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ਼ੁਰੂ ਕਰਨ ਦਾ ਕੰਮ ਲਟਕਦਾ ਗਿਆ।

ਅਖੀਰ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਤੰਬਰ 1927 ਤੋਂ ਮਿਸ਼ਨਰੀ ਕਾਲਜ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ।1 ਅਕਤੂਬਰ, 1927 ਨੂੰ ਕਾਲਜ ਆਰੰਭ ਕਰਨ ਸਬੰਧੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਬੰਧਕੀ ਬੋਰਡ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਦਸਵੀਂ ਪਾਸ ਉਮੀਦਵਾਰਾਂ ਦੀ ਚੋਣ ਕੀਤੀ ਗਈ।ਇਸ ਕੋਰਸ ਦਾ ਕੋਈ ਖਰਚਾ ਨਹੀਂ ਰੱਖਿਆ ਗਿਆ, ਹਰ ਇਕ ਵਿਦਿਆਰਥੀ ਨੂੰ 20 ਰੁਪਏ ਮਾਸਿਕ ਵਜ਼ੀਫਾ ਤੈਅ ਕੀਤਾ ਗਿਆ।ਵਜ਼ੀਫੇ ਤੋਂ ਬਿਨਾਂ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਵੀ ਤਜਵੀਜ਼ ਰੱਖੀ ਗਈ।ਤਰਨ ਤਾਰਨ ਨਿਵਾਸੀ ਪ੍ਰਸਿੱਧ ਵਿਦਵਾਨ ਸ. ਗੰਗਾ ਸਿੰਘ ਜੀ ਦੀ ਨਿਯੁਕਤੀ ਕਾਲਜ ਦੇ ਪਹਿਲੇ ਪ੍ਰਿੰਸੀਪਲ ਵਜੋਂ ਕੀਤੀ ਗਈ। [9]ਇਸ ਤਰਾਂ ਕਾਫੀ ਜੱਦੋ-ਜਹਿਦ ਅਤੇ ਯਤਨਾਂ ਉਪਰੰਤ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਗਿਆ।

#### ਵੰਡ ਤੋਂ ਬਾਅਦ ਕਾਲਜ ਦੀ ਸਥਿਤੀ

1947 ਵਿੱਚ ਜਦੋਂ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਤਾਂ ਇਸ ਵੰਡ ਦਾ ਬਹੁਤ ਅਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸਿਖਲਾਈ 'ਤੇ ਵੀ ਪਿਆ।"1947 ਤੋਂ 1954 ਈ. ਦੇ ਸਮੇਂ ਦੌਰਾਨ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਏ ਪਰਿਵਾਰਾਂ ਲਈ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਬਿਲਡਿੰਗ ਨੂੰ ਰਿਫ਼ੀਊਜੀ ਕੈਂਪ ਵਜੋਂ ਵਰਤਿਆ ਗਿਆ ਜਿਸ ਕਰਕੇ ਕਾਲਜ ਵਿੱਚ ਦਾਖ਼ਲਾ ਨਾ ਕੀਤਾ ਜਾ ਸਕਿਆ।ਕਾਲਜ ਦੇ ਵਿਦਿਆਰਥੀ ਸ. ਈਸ਼ਰ ਸਿੰਘ ਮਤੋਲ (ਕਾਲਜ ਦੇ ਪਹਿਲੇ ਬੈਚ ਦੇ ਵਿਦਿਆਰਥੀ ਸਨ) ਜੋ 18 ਜਨਵਰੀ, 1954 ਈ. ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਤਾਂ ਉਹਨਾਂ ਨੇ ਪ੍ਰੋ. ਸਾਹਿਬ ਸਿੰਘ ਜੀ ਨੂੰ

ਕਾਲਜ ਦੇ ਨਵੇਂ ਪ੍ਰਿੰਸੀਪਲ ਵਜੋਂ ਨਿਯੁਕਤ ਕਰ ਕੇ ਕਾਲਜ ਮੁੜ ਆਰੰਭ ਕਰਨ ਦਾ ਫ਼ੈਸਲਾ ਕੀਤਾ।1 ਅਪ੍ਰੈਲ, 1954 ਈ. ਦੇ ਦਾਖ਼ਲੇ ਸਮੇਂ ਕਾਲਜ ਵਿੱਚ ਰਾਗੀ ਜਮਾਤ ਦਾ ਦਾਖ਼ਲਾ ਵੀ ਕੀਤਾ ਗਿਆ।1954 ਈ. ਤੋਂ ਕਾਲਜ ਵਿੱਚ ਪ੍ਰਚਾਰਕ, ਗ੍ਰੰਥੀ, ਰਾਗੀ ਤੇ ਤਬਲਾ ਵਾਦਕ ਦਾ ਦੋ-ਸਾਲਾ ਕੋਰਸ ਆਰੰਭ ਕਰਕੇ ਲਗਭਗ 50 ਵਿਦਿਆਰਥੀ ਦਾਖ਼ਲ ਕੀਤੇ ਗਏ।ਗੁਰਮਤਿ ਸੰਗੀਤ ਦੇ ਪਹਿਲੇ ਉਸਤਾਦ ਸ. ਰਾਜਿੰਦਰ ਸਿੰਘ ਜੀ ਤੇ ਉਸਤਾਦ ਸ. ਸਾਧੂ ਸਿੰਘ ਜੀ (ਤਬਲਾ ਵਾਦਕ) ਸਨ। ਉਸਤਾਦ ਸ. ਅਵਤਾਰ ਸਿੰਘ ਜੀ ਨਾਜ਼ ਗੁਰਮਤਿ ਸੰਗੀਤ ਕੋਰਸ ਦੇ ਪਹਿਲੇ ਬੈਚ ਦੇ ਵਿਦਿਆਰਥੀ ਸਨ, ਜਿਹਨਾਂ ਨੇ ਬਹੁਤ ਲੰਮਾ ਸਮਾਂ ਕਾਲਜ ਵਿਖੇ ਰਾਗੀ ਜਮਾਤ ਨੂੰ ਰਾਗ ਵਿੱਦਿਆ ਦੇ ਕੇ ਅਣਗਿਣਤ ਗੁਰੂ-ਘਰ ਦੇ ਕੀਰਤਨੀਏ ਸਿੱਖ ਪੰਥ ਦੀ ਸੇਵਾ ਹਿਤ ਤਿਆਰ ਕਰ ਕੇ ਵੱਡੀ ਸੇਵਾ ਨਿਭਾਈ।[10]1954 ਤੋਂ ਲੈ ਕੇ ਹੁਣ ਤੱਕ ਇਸ ਕਾਲਜ ਵੱਲੋਂ ਸੇਵਾਵਾਂ ਪ੍ਰਦਾਨ ਕਰਵਾਈਆਂ ਜਾ ਰਹੀਆਂ ਹਨ।

### ਕਾਲਜ ਦੀ ਦੇਣ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿਤ ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚ ਮਿਸ਼ਨਰੀ ਕਾਲਜ, ਗੁਰਮਤਿ ਇੰਸਟੀਚਿਊਟ, ਗੁਰਮਤਿ ਵਿਦਿਆਲੇ ਚਲਾਏ ਜਾ ਰਹੇ ਹਨ ਜਿਹਨਾਂ ਵਿੱਚ ਪ੍ਰਿੰਸੀਪਲ, ਪ੍ਰੋਫ਼ੈਸਰ, ਧਾਰਮਿਕ ਅਧਿਆਪਕ, ਗੁਰਮਤਿ ਸੰਗੀਤ ਅਧਿਆਪਕ, ਤਬਲਾ ਵਾਦਕ ਵਜੋਂ ਸੇਵਾਵਾਂ ਨਿਭਾਉਣ ਵਾਲੇ ਸਭ ਲੋਕ ਸ਼ਾਮਿਲ ਹਨ।ਇਹਨਾਂ ਵਿੱਚੋਂ ਜ਼ਿਆਦਾਤਰ ਵਿਅਕਤੀ ਇਸੇ ਮਿਸ਼ਨਰੀ ਕਾਲਜ ਤੋਂ ਪੜ੍ਹੇ ਵਿਦਿਆਰਥੀ ਹਨ ਜਿਹਨਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

### ਰਾਗੀ

ਰਾਗੀ ਸਿੰਘਾਂ ਵਿੱਚ ਪ੍ਰਿੰ. ਬਲਦੇਵ ਸਿੰਘ (ਅੰਮ੍ਰਿਤਸਰ ਵਾਲੇ), ਪ੍ਰਿੰ. ਬਲਦੇਵ ਸਿੰਘ (ਦਿੱਲੀ ਵਾਲੇ), ਭਾਈ ਨਿਰਮਲ ਸਿੰਘ ਖਾਲਸਾ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਗੁਰਦੇਵ ਸਿੰਘ ਅਸਟ੍ਰੇਲੀਆ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਭਾਈ ਰਵਿੰਦਰ ਸਿੰਘ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਸਤਨਾਮ ਸਿੰਘ ਕੁਹਾੜਕਾ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਬਲਵਿੰਦਰ ਸਿੰਘ ਬਰਵਾਲਾ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਗੁਰਦੇਵ ਸਿੰਘ ਕੁਹਾੜਕਾ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਸੁਰਿੰਦਰ ਸਿੰਘ 'ਜੋਧਪੁਰੀ' ਆਦਿ ਤੋਂ ਇਲਾਵਾ ਬਹੁਤ ਸਾਰੇ ਰਾਗੀ ਜਥੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਹੋਰ ਉੱਚ ਸਥਾਨਾਂ 'ਤੇ ਸੇਵਾ ਨਿਭਾ ਰਹੇ ਹਨ।

### ਤਬਲਾ ਵਾਦਕ

ਭਾਈ ਜੋਗਿੰਦਰ ਸਿੰਘ ਪੁਣਛ (ਸ੍ਰੀ ਅੰਮ੍ਰਿਤਸਰ), ਭਾਈ ਮਦਨ ਸਿੰਘ (ਦਿੱਲੀ), ਭਾਈ ਤ੍ਰਿਲੋਕ ਸਿੰਘ(ਨਿਊਯਾਰਕ), ਭਾਈ ਜਗਤ ਸਿੰਘ (ਸ੍ਰੀ ਅੰਮ੍ਰਿਤਸਰ), ਭਾਈ ਪ੍ਰੀਤਮ ਸਿੰਘ(ਸ੍ਰੀ ਅੰਮ੍ਰਿਤਸਰ) ਆਦਿ ਮੁੱਢਲੇ ਤਬਲਾ ਵਾਦਕ ਸਨ।ਭਾਈ ਕਰਨਪ੍ਰੀਤ ਸਿੰਘ, ਭਾਈ ਹਰਦੀਪਕ ਸਿੰਘ, ਭਾਈ ਮਨਦੀਪ ਸਿੰਘ, ਭਾਈ ਸੁਰਜੀਤ ਸਿੰਘ ਅਤੇ ਭਾਈ ਸਰਦੂਲ ਸਿੰਘ ਸਥਾਨਕ ਗੁਰਦੁਆਰਿਆਂ ਵਿੱਚ ਤਬਲਾ ਵਾਦਕ ਵਜੋਂ ਸੇਵਾ ਨਿਭਾ ਰਹੇ ਹਨ।

### ਤੰਤੀ ਸਾਜ਼ ਵਾਦਕ

ਭਾਈ ਗੁਰਜੀਤ ਸਿੰਘ (ਦਿਲਰੁਬਾ), ਭਾਈ ਪਰਮਿੰਦਰ ਸਿੰਘ (ਦਿਲਰੁਬਾ), ਭਾਈ ਜਸਪ੍ਰੀਤ ਸਿੰਘ (ਦਿਲਰੁਬਾ), ਭਾਈ ਗੁਰਜਿੰਦਰ ਸਿੰਘ (ਤਾਊਸ), ਭਾਈ ਗਗਨਦੀਪ ਸਿੰਘ (ਦਿਲਰੁਬਾ), ਭਾਈ ਦਿਲਪ੍ਰੀਤ ਸਿੰਘ

(ਦਿਲਰੁਬਾ), ਭਾਈ ਗੁਰਸੇਵਕ ਸਿੰਘ (ਦਿਲਰੁਬਾ) ਅਤੇ ਭਾਈ ਇੰਦਰਜੀਤ ਸਿੰਘ (ਸਾਰੰਦਾ) ਬਤੌਰ ਤੰਤੀ ਵਾਦਕ ਵੱਖ-ਵੱਖ ਸਥਾਨਾਂ 'ਤੇ ਵਾਦਨ ਕਰ ਰਹੇ ਹਨ।[11]

ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਇਸ ਪਲੇਠੀ ਸੰਸਥਾ ਨੇ ਪਿਛਲੇ ਲਗਭਗ 9 ਦਹਾਕਿਆਂ ਤੋਂ ਅਣਗਿਣਤ ਹੀਰੇ ਤਰਾਸ਼ ਕੇ ਪੰਥ ਦੀ ਝੋਲੀ ਪਾਏ ਹਨ।ਇਹ ਸੰਸਥਾ ਮੌਜੂਦਾ ਦੌਰ ਵਿੱਚ ਵੀ ਆਪਣੀ ਵਿਰਾਸਤ ਤੇ ਗੌਰਵ ਤੋਂ ਸੇਧਤ ਹੋ ਕਿ ਦਿਨ-ਰਾਤ ਪੰਥ ਦੇ ਪ੍ਰਚਾਰ ਲਈ ਕਾਰਜਸ਼ੀਲ ਹੈ।

2) **ਸੰਤ ਫ਼ਤਿਹ ਸਿੰਘ ਸੰਤ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ, ਬੁੱਢਾ ਜੌਹੜ, ਸ੍ਰੀ ਗੰਗਾ ਨਗਰ, ਰਾਜਸਥਾਨ ਕਾਲਜ ਦਾ ਆਰੰਭ ਅਤੇ ਨਾਮਕਰਨ**

ਰਾਜਸਥਾਨ ਵਿਖੇ ਸਿੱਖ ਤਾਂ ਬਹੁਗਿਣਤੀ ਵਿੱਚ ਹਨ ਪ੍ਰੰਤੂ ਗੁਰਮਤਿ ਦੇ ਪ੍ਰਚਾਰ ਦੀ ਬਹੁਤ ਘਾਟ ਸੀ।ਇਸ ਘਾਟ ਨੂੰ ਦੂਰ ਕਰਨ ਲਈ ਉਸ ਸਮੇਂ ਦੇ ਮੁੱਖ ਸਿੱਖ ਆਗੂ ਅਤੇ ਗੁਰੂ ਕੀ ਸੰਗਤ ਨੇ ਰਾਜਸਥਾਨ ਦੀ ਧਰਤੀ ਉੱਪਰ ਇੱਕ ਗੁਰਮਤਿ ਵਿੱਦਿਅਕ ਕਾਲਜ ਹੋਣਾ ਜ਼ਰੂਰੀ ਸਮਝਿਆ।ਇਸ ਜਰੂਰਤ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਕਿਰਪਾਲ ਸਿੰਘ ਛੇਰੇਵਾਲ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਬੁੱਢਾ ਜੌਹੜ ਦੇ ਪ੍ਰਧਾਨ ਬਾਬਾ ਨੱਥਾ ਸਿੰਘ ਅਤੇ ਉਹਨਾਂ ਦੇ ਸਾਥੀ ਸਿੰਘਾਂ ਨੇ ਸੰਨ 1972 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਇਕ ਕਾਲਜ ਖੋਲ੍ਹਣ ਦੀ ਮੰਗ ਰੱਖੀ।ਅੰਤ੍ਰਿੰਗ ਕਮੇਟੀ ਦੀ ਇਸ ਇਕੱਤਰਤਾ ਵਿੱਚ ਮੰਗ ਨੂੰ ਪ੍ਰਵਾਨ ਕਰਦੇ ਹੋਏ ਬੁੱਢਾ ਜੌਹੜ, ਸ੍ਰੀ ਗੰਗਾਨਗਰ (ਰਾਜਸਥਾਨ) ਵਿਖੇ ਸਿੱਖ ਮਿਸ਼ਨਰੀ ਕਾਲਜ ਨੂੰ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ।ਇਸ ਕਾਲਜ ਦਾ ਪ੍ਰਬੰਧ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੇ ਅਧੀਨ ਅਤੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੀ ਦੇਖ ਰੇਖ ਹੇਠ ਆਰੰਭ ਕੀਤਾ ਗਿਆ।ਇਸ ਕਾਲਜ ਨੂੰ ਬੁੱਢਾ ਜੌਹੜ ਟਕਸਾਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।"ਅੱਜ ਤੋਂ 200 ਸਾਲ ਪਹਿਲਾਂ ਗੁਰਮਤਿ ਵਿਦਿਆ ਦੇ ਕੇਂਦਰ ਵਜੋਂ ਪ੍ਰਸਿੱਧ ਹੋਏ ਗੁਰਦੁਆਰਾ ਬੁੱਢਾ ਜੌਹੜ ਰਾਜਸਥਾਨ ਵਿਖੇ ਕੀਰਤਨ ਦੀ ਸਿੱਖਿਆ ਵੀ ਦਿੱਤੀ ਜਾਂਦੀ ਰਹੀ।ਇਸ ਟਕਸਾਲ ਦੇ ਮੋਹਰੀ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੂੰ ਮੰਨਿਆ ਜਾਂਦਾ ਹੈ"।[12]

ਨਵੰਬਰ 1973 ਈ. ਦੇ ਅਖੀਰਲੇ ਦਿਨਾਂ ਅੰਦਰ ਹੀ ਸਾਬਤ ਸੂਰਤ ਹੋਣਹਾਰ ਵਿਦਿਆਰਥੀਆਂ ਨੂੰ ਭਰਤੀ ਕਰ ਕੇ ਦੋ ਸਾਲਾ ਗ੍ਰੰਥੀ, ਪ੍ਰਚਾਰਕ, ਸੰਗੀਤ, ਤਬਲਾ ਵਾਦਕ ਸ਼੍ਰੇਣੀਆਂ ਦਾ ਕੋਰਸ ਨਵੰਬਰ 1973 ਈ. ਨੂੰ ਆਰੰਭ ਕੀਤਾ। ਇਹ ਕਾਲਜ 1973 ਤੋਂ 2012 ਈ. ਤਕ 39 ਸਾਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਅਧੀਨ ਰਿਹਾ ਅਤੇ ਬਾਅਦ ਵਿੱਚ ਇੱਥੋਂ ਤਬਦੀਲ ਕਰ ਕੇ ਇਸ ਕਾਲਜ ਨੂੰ 2012 ਈ. ਵਿੱਚ ਅਪਗ੍ਰੇਡ ਕਰ ਕੇ ਇਸ ਦਾ ਸਿੱਧਾ ਸਬੰਧ ਦਫ਼ਤਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਅਧੀਨ ਕਰ ਦਿੱਤਾ ਗਿਆ।ਅਪਗ੍ਰੇਡ ਹੋਏ ਕਾਲਜ ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਤਿੰਨ ਸਾਲਾ ਕੋਰਸ ਦੇ ਬਰਾਬਰ ਕਰ ਦਿੱਤਾ ਗਿਆ।2012 ਈ. ਤੋਂ 2015 ਦੇ 3 ਸਾਲਾ ਕੋਰਸ ਦਾ ਪਹਿਲਾ ਬੈਚ ਅਰੰਭ ਹੋਇਆ ਅਤੇ ਹੁਣ 2018 ਤੋਂ 2021 ਈ. ਤਕ ਦਾ ਤੀਜਾ ਬੈਚ ਚੱਲ ਰਿਹਾ ਹੈ।ਇਹ ਕਾਲਜ ਸੰਤ ਫ਼ਤਿਹ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ ਨਾਮ ਹੇਠਾਂ 1973 ਈ. ਤੋਂ ਹੁਣ ਤਕ ਬਹੁਤ ਸਾਰੇ ਨੌਜਵਾਨ ਗੁਰਸਿੱਖ ਬੱਚਿਆਂ ਨੂੰ ਗੁਰਮਤਿ ਗਿਆਨ ਦੀ ਸਿੱਖਿਆ ਪ੍ਰਦਾਨ ਕਰਾ ਰੋਜ਼ੀ-ਰੋਟੀ ਦਾ ਮਾਰਗ ਦਿਖਾਉਣ ਵਾਲਾ ਅਤੇ ਸੁਚਾਰੂ ਜੀਵਨ ਜਿਊਣ ਦੀ ਜਾਂਚ ਬਖਸ਼ਣ ਵਾਲਾ ਕਾਲਜ ਹੈ।[13]

### ਕਾਲਜ ਦੀ ਦੇਣ

ਗੰਗਾ ਨਗਰ ਦੇ ਬੁੱਢਾ ਜੌਹੜ ਦੇ ਇਲਾਕੇ ਵਿੱਚ ਸਥਾਪਿਤ ਇਸ ਕਾਲਜ ਦੀ ਵੱਡੀ ਦੇਣ ਹੈ।ਸ੍ਰੀ ਗੰਗਾਨਗਰ ਦਾ ਇਲਾਕਾ ਪੰਜਾਬ ਦਾ ਸਰਹੱਦੀ ਇਲਾਕਾ ਹੋਣ ਕਰਕੇ ਇੱਥੇ ਵੀ ਪੰਜਾਬੀ ਬੋਲੀ ਵਸੋਂ ਪੰਜਾਬ ਵਾਂਗ ਬਹੁਤਾਤ ਵਿੱਚ ਹੈ। ਕਾਲਜ ਦੀ ਸਥਾਪਨਾ ਸਮੇਂ ਇਸ ਸਥਾਨ 'ਤੇ ਆਵਾਜਾਈ ਅਤੇ ਸੁੱਖ-ਸੁਵਿਧਾ ਦੇ ਸਾਧਨ ਬਹੁਤੇ ਨਹੀਂ ਸਨ ਫਿਰ ਵੀ ਇੱਥੋਂ ਦੀ ਸੰਗਤ ਨੂੰ ਗੁਰਬਾਣੀ ਇਤਿਹਾਸ ਅਤੇ ਆਪਣੇ ਕੇਂਦਰੀ ਧਾਰਮਿਕ ਸਥਾਨਾਂ ਨਾਲ ਜੋੜਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਿਸ਼ਨਰੀ ਕਾਲਜ ਸਥਾਪਿਤ ਹੋਣ ਕਰਕੇ ਇੱਥੋਂ ਹੁਣ ਤਕ ਹਜ਼ਾਰਾਂ ਦੀ ਗਿਣਤੀ ਵਿੱਚ ਤਿਆਰ ਹੋਏ ਪ੍ਰਚਾਰਕ, ਗ੍ਰੰਥੀ, ਰਾਗੀ, ਬੁੱਧੀਜੀਵੀਆਂ ਦੀ ਫੁਲਵਾੜੀ ਨੇ ਨਾਂ ਕੇਵਲ ਰਾਜਸਥਾਨ ਵਿਖੇ ਸਿੱਖੀ ਦੇ ਪ੍ਰਚਾਰ ਦੀ ਘਾਟ ਨੂੰ ਪੂਰਾ ਕੀਤਾ ਬਲਕਿ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ।ਇੱਥੋਂ ਅਧਿਐਨ ਕਰ ਕੇ ਵਿਦਿਆਰਥੀ ਸਾਡੇ ਇਤਿਹਾਸਿਕ ਅਤੇ ਕੇਂਦਰੀ ਸਥਾਨਾਂ ਉੱਪਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।

**ਰਾਗੀ**

ਭਾਈ ਗੁਰਜੀਤ ਸਿੰਘ (ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਮਨਦੀਪ ਸਿੰਘ (ਗਜ਼ ਸਿੰਘਪੁਰ, ਰਾਜਸਥਾਨ),ਭਾਈ ਕਰਵਿੰਦਰ ਸਿੰਘ (ਗੁਰਦਾਸਪੁਰ), ਭਾਈ ਰਣਜੀਤ ਸਿੰਘ (ਗੁਰਦੁਆਰਾ ਸ੍ਰੀ ਖਡੂਰ ਸਾਹਿਬ, ਤਰਨ ਤਾਰਨ),ਭਾਈ ਕੁਲਵਿੰਦਰ ਸਿੰਘ (ਮੁਕੇਰੀਆਂ), ਭਾਈ ਸੁਨੀਲ ਸਿੰਘ (ਪਦਮਪੁਰ, ਰਾਜਸਥਾਨ), ਭਾਈ ਅੰਗ੍ਰੇਜ਼ ਸਿੰਘ (ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ), ਭਾਈ ਰਣਜੀਤ ਸਿੰਘ (ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ), ਭਾਈ ਸੁਖਵੰਤ ਸਿੰਘ (ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ), ਭਾਈ ਬਿਕਰਮਜੀਤ ਸਿੰਘ (ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ), ਭਾਈ ਗੁਰਮੇਜ ਸਿੰਘ (ਜੈਪੁਰ, ਰਾਜਸਥਾਨ), ਭਾਈ ਰਣਜੀਤ ਸਿੰਘ (ਅਲਵਰ, ਰਾਜਸਥਾਨ)।

**ਤਬਲਾ ਵਾਦਕ**

ਭਾਈ ਭਜਨ ਸਿੰਘ (ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ) ਅਤੇ ਭਾਈ ਮਨਿੰਦਰ ਸਿੰਘ (ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ)।[14]

ਇੱਥੇ ਇਲਾਕੇ ਵਿੱਚ ਵਿਚਰਨ 'ਤੇ ਪਤਾ ਲਗਦਾ ਹੈ ਕਿ ਜੋ ਵੀ ਵਿਅਕਤੀ ਜਾਂ ਨੌਜਵਾਨ ਬੱਚੇ-ਬੱਚੀਆਂ ਹਨ ਉਹ ਪੰਜਾਬੀ ਬੋਲਣ ਦੇ ਨਾਲ-ਨਾਲ ਚੰਗੀ ਤਰ੍ਹਾਂ ਪੜ੍ਹ-ਲਿਖ ਵੀ ਸਕਦੇ ਹਨ ਅਤੇ ਗੁਰਮਤਿ ਤੋਂ ਵੀ ਜਾਣੂ ਹਨ।ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਿੱਖ ਮਿਸ਼ਨ ਰਾਜਸਥਾਨ ਦਾ ਹੈੱਡ ਕੁਆਟਰ ਵੀ ਕਾਲਜ ਦੇ ਪ੍ਰਬੰਧ ਅਧੀਨ ਹੋਣ ਕਰਕੇ ਇਲਾਕੇ ਵਿੱਚ ਪ੍ਰਚਾਰਕ, ਢਾਡੀ, ਕਵੀਸ਼ਰਾਂ ਰਾਹੀਂ ਪ੍ਰਚਾਰ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਅਤੇ ਕਾਲਜ ਦੇ ਵਿਦਿਆਰਥੀ ਵੀ ਇਲਾਕੇ ਦੇ ਗੁਰਦੁਆਰਾ ਸਾਹਿਬਾਨ, ਸਕੂਲਾਂ, ਕਾਲਜਾਂ ਅੰਦਰ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਹਨ।ਇਸ ਕਰਕੇ ਸ੍ਰੀ ਗੰਗਾਨਗਰ ਇਲਾਕੇ ਅੰਦਰ ਕਾਲਜ ਦੀ ਆਪਣੀ ਵੱਖਰੀ ਪਹਿਚਾਣ ਹੈ।

### 3) ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ ਕਾਲਜ ਦਾ ਆਰੰਭ ਅਤੇ ਨਾਮਕਰਨ

ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਦਾ ਵਿਆਹ ਜੈ ਰਾਮ ਨਾਲ ਸੁਲਤਾਨਪੁਰ ਲੋਧੀ ਵਿਖੇ ਹੋਇਆ। ਬੇਬੇ ਨਾਨਕੀ ਦੇ ਨਾਂ 'ਤੇ ਹੀ ਗੁਰਦੁਆਰਾ ਬੇਰ ਸਾਹਿਬ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਸੰਤ ਘਾਟ ਦੇ ਨਜ਼ਦੀਕ ਪ੍ਰਕਿਰਤੀ ਵਿੱਚ ਘਿਰੇ ਬਹੁਤ ਹੀ ਰਮਣੀਕ ਸਥਾਨ 'ਤੇ ਇਹ ਕਾਲਜ ਸੁਸ਼ੋਭਿਤ ਕੀਤਾ

ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੁਆਬੇ ਦੇ ਇਲਾਕੇ ਵਿੱਚ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿਤ ਇਸ ਕਾਲਜ ਦੀ ਸਥਾਪਨਾ ਸੰਨ 2003 ਵਿੱਚ ਕੀਤੀ ਗਈ ਜਿੱਥੇ ਗੁਰਮਤਿ ਸੰਗੀਤ, ਤਬਲਾ ਅਤੇ ਪ੍ਰਚਾਰਕ ਦੀ ਸਿੱਖਿਆ ਦਿੱਤੀ ਜਾਂਦੀ ਹੈ।

**ਕਾਲਜ ਦੀ ਦੇਣ**

ਇਸ ਕਾਲਜ ਤੋਂ ਸਿੱਖਿਆ ਪ੍ਰਾਪਤ ਵਿਅਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਥਾਨਕ ਗੁਰਦੁਆਰਾ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਅਤੇ ਵਿਦੇਸ਼ਾਂ ਵਿੱਚ ਵੀ ਸੇਵਾ ਨਿਭਾ ਰਹੇ ਹਨ। ਇਹਨਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

**ਰਾਗੀ**

ਭਾਈ ਉਂਕਾਰਜੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਜੁਗਰਾਜ ਸਿੰਘ (ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਸਾਹਿਬ), ਭਾਈ ਅਤਿੰਦਰਪਾਲ ਸਿੰਘ (ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਹਰਕੀਤ ਸਿੰਘ (ਗੁ. ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ, ਕਪੂਰਥਲਾ), ਭਾਈ ਮਨਪ੍ਰੀਤ ਸਿੰਘ (ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ), ਭਾਈ ਇਕਬਾਲ ਸਿੰਘ, ਭਾਈ ਦਲਜੀਤ ਸਿੰਘ ਅਤੇ ਭਾਈ ਸਰਬਜੀਤ ਸਿੰਘ।

**ਤਬਲਾ ਵਾਦਕ**

ਭਾਈ ਗੁਰਜਿੰਦਰ ਸਿੰਘ (ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ), ਭਾਈ ਇਕਬਾਲ ਸਿੰਘ (ਗੁਰਦੁਆਰਾ ਸਾਹਿਬ ਵੇਰਕਾ), ਭਾਈ ਗੁਰਚਰਨ ਸਿੰਘ (ਗੁਰਦੁਆਰਾ ਬਾਬਾ ਬੁੱਢਾ ਸਾਹਿਬ, ਝਬਾਲ), ਭਾਈ ਕੁਲਦੀਪ ਸਿੰਘ (ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ), ਭਾਈ ਰਜਤਪਾਲ ਸਿੰਘ (ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ), ਭਾਈ ਇੰਦਰਜੀਤ ਸਿੰਘ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ), ਭਾਈ ਪ੍ਰਭਜੀਤ ਸਿੰਘ (ਇੰਗਲੈਂਡ), ਭਾਈ ਹਰਜੀਤ ਸਿੰਘ (ਅਮਰੀਕਾ) ਅਤੇ ਭਾਈ ਗੁਰਸੰਗਤ ਸਿੰਘ (ਇੰਗਲੈਂਡ)।[15]

19 ਸਾਲਾਂ ਦੇ ਕਾਲਜ ਦੇ ਇਸ ਸਫ਼ਰ ਦੌਰਾਨ ਸਮੇਂ-ਸਮੇਂ 'ਤੇ ਕਾਲਜ ਵਿੱਚ ਬਹੁਤ ਸਾਰੇ ਬਦਲਾਅ ਵੀ ਕੀਤੇ ਜਾਂਦੇ ਰਹੇ ਹਨ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਣ ਵਾਲੀਆਂ ਸਾਰੀਆਂ ਚੁਣੌਤੀਆਂ ਲਈ ਤਿਆਰ ਕੀਤਾ ਜਾਂਦਾ ਹੈ। ਇਹ ਕਾਰਜ ਮੌਜੂਦਾ ਸਮੇਂ ਵਿੱਚ ਨਿਰੰਤਰ ਜਾਰੀ ਹਨ।

**ਕਾਲਜਾਂ ਦੀ ਰੋਜ਼ਾਨਾ ਦੀ ਕਾਰਜ ਵਿਧੀ ਅਤੇ ਸਿਖਲਾਈ**

ਕਾਲਜ ਦੀ ਪੜ੍ਹਾਈ ਸਵੇਰੇ 4 ਵਜੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਅੰਮ੍ਰਿਤ ਵੇਲੇ ਉੱਠਣ ਉਪਰੰਤ ਕਾਲਜ ਦੇ ਗੁਰਦੁਆਰਾ ਸਾਹਿਬ ਵਿੱਚ ਨਿੱਤਨੇਮ, ਕੀਰਤਨ, ਕਥਾ ਤੇ ਅਰਦਾਸ ਕਰਨਾ ਰੋਜ਼ ਦੀ ਮਰਿਆਦਾ ਹੁੰਦੀ ਹੈ। ਕਥਾ ਸਿਖਲਾਈ ਦਾ ਪੀਰੀਅਡ ਵੀ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਹੀ ਲੱਗ ਜਾਂਦਾ ਹੈ। ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਕਾਲਜ ਦੀ ਪੜ੍ਹਾਈ ਹੁੰਦੀ ਤੇ ਫਿਰ ਦੁਪਹਿਰ ਦਾ ਲੰਗਰ ਛਕਣ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਅਰਾਮ ਕੀਤਾ ਜਾਂਦਾ ਹੈ। ਸ਼ਾਮ ਨੂੰ ਫਿਰ ਗੁਰਬਾਣੀ ਕੰਠ ਕਰ ਕੇ ਅਰਥਾਂ ਸਹਿਤ ਲਿਖਣ ਦਾ ਪੀਰੀਅਡ ਲਗਾਉਣ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸੋਦਰੁ ਦੀ ਚੌਕੀ ਲਗਾਈ ਜਾਂਦੀ ਹੈ। ਇਸ ਸਮੇਂ ਵੀ ਕੋਈ ਵਿਸ਼ਾ ਲੈ ਕੇ ਵਿਦਿਆਰਥੀਆਂ ਵੱਲੋਂ ਵਿਖਿਆਨ ਕੀਤਾ ਜਾਂਦਾ ਹੈ। ਇਹ ਹਰ ਇਕ ਦਿਨ ਦੀ ਪ੍ਰਕਿਰਿਆ ਹੁੰਦੀ ਹੈ।

ਅਕਾਦਮਿਕ ਸੈਸ਼ਨ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਚੱਲਦਾ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ

ਸੁਰ ਅਭਿਆਸ ਕਰਵਾਇਆ ਜਾਂਦਾ ਹੈ ਉਪਰੰਤ ਜਿਸ ਰਾਗ ਦੀ ਸ਼ੁਰੂਆਤ ਕਰਨੀ ਹੁੰਦੀ ਹੈ ਉਸ ਰਾਗ ਨਾਲ ਮਿਲਦੇ ਜੁਲਦੇ ਰਾਗ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਂਦਾ ਹੈ। ਵਿਦਿਆਰਥੀਆਂ ਦੀ ਕਲਾਸ ਸ਼ੁਰੂ ਕਰਨ ਤੋਂ ਪਹਿਲਾਂ ਪਿਛਲੇ ਦਿਨਾਂ ਵਿੱਚ ਕਰਵਾਏ ਗਏ ਰਾਗ ਨੂੰ ਅਧਿਆਪਕ ਵੱਲੋਂ ਇਕੱਲੇ ਇਕੱਲੇ ਵਿਦਿਆਰਥੀ ਕੋਲੋਂ ਸੁਣਿਆ ਜਾਂਦਾ ਹੈ। ਵਿਦਿਆਰਥੀਆਂ ਦੀ ਸੰਪੂਰਨ ਸਿਖਲਾਈ ਗੁਰਮਤਿ ਮਰਿਆਦਾ ਅਨੁਸਾਰ ਹੀ ਕਰਵਾਈ ਜਾਂਦੀ ਹੈ। ਕਿਰਿਆਤਮਕ ਸਿਖਲਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਸ਼ਤਰ ਪੱਖ ਦੀ ਵੀ ਸਿਖਲਾਈ ਦਿੱਤੀ ਜਾਂਦੀ ਹੈ ਇਸ ਵਿੱਚ ਭਾਰਤੀ ਅਤੇ ਗੁਰਮਤਿ ਸੰਗੀਤ ਦੋਵੇਂ ਧਿਰਾਂ ਦੀ ਸਿਖਲਾਈ ਨਾਲ ਵਿਦਿਆਰਥੀਆਂ ਦੀ ਜਾਣ ਪਹਿਚਾਣ ਕਰਵਾਈ ਜਾਂਦੀ ਹੈ।[16]

ਤਬਲਾ ਕਲਾਸ ਦੇ ਵਿਦਿਆਰਥੀਆਂ ਨੂੰ ਵੀ ਹਰ ਰੋਜ਼ ਸੁਰ ਅਭਿਆਸ ਕਰਵਾ ਕੇ ਹੀ ਵਿਧੀਵਤ ਸਿਖਲਾਈ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਨਾਲ ਸੰਗਤ ਕਰਦੇ ਸਮੇਂ ਕੀਤੀ ਜਾਣ ਵਾਲੀ ਸੰਗਤ ਲਈ ਵੱਖ-ਵੱਖ ਤਾਲਾਂ ਉਹਨਾਂ ਦੇ ਠੇਕਾ ਅਤੇ ਪੇਸ਼ਕਾਰੀ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸਤੋਂ ਇਲਾਵਾ ਵਿਦਿਆਰਥੀਆਂ ਨੂੰ ਸੁਤੰਤਰ ਵਾਦਨ ਕਰਨ ਦੀ ਵੀ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਕਿ ਉਹ ਸਿਰਫ ਗੁਰਮਤਿ ਸੰਗੀਤ ਨਾਲ ਵਾਦਨ ਕਰਨ ਤੱਕ ਹੀ ਸੀਮਿਤ ਨਾ ਰਹਿ ਸਕਣ।[17]

ਕਾਲਜ ਤੋਂ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਵੱਖ-ਵੱਖ ਕੀਰਤਨ ਸਮਾਗਮਾਂ ਵਿੱਚ ਹਾਜ਼ਰੀ ਭਰਨ ਅਤੇ ਕੀਰਤਨ ਸੁਣਨ ਲਈ ਵੀ ਲੈ ਕੇ ਜਾਇਆ ਜਾਂਦਾ ਹੈ। ਹਰ ਵਿਦਿਅਕ ਅਦਾਰਾ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ (ਜ਼ਿਆਦਾਤਰ ਇਤਿਹਾਸਿਕ) ਦੇ ਨਜ਼ਦੀਕ ਹੀ ਬਣਾਏ ਗਏ ਹਨ। ਜਦੋਂ ਵਿਦਿਆਰਥੀਆਂ ਦੀ ਸਿਖਲਾਈ ਨੂੰ ਛੇ ਮਹੀਨੇ ਦੇ ਕਰੀਬ ਸਮਾਂ ਹੋ ਜਾਂਦਾ ਹੈ ਤਾਂ ਵਿਦਿਆਰਥੀਆਂ ਨੂੰ ਪਹਿਲਾਂ ਸਾਥੀ ਕਲਾਕਾਰ ਦੇ ਰੂਪ ਵਿੱਚ ਕੀਰਤਨ ਅਤੇ ਕਥਾ (ਸ਼ਬਦ ਉਚਾਰਨ) ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਜਿਵੇਂ-ਜਿਵੇਂ ਸਿਖਲਾਈ ਵੱਧਦੀ ਜਾਂਦੀ ਹੈ ਤਾਂ ਵਿਦਿਆਰਥੀਆਂ ਦੀਆਂ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਤਿੰਨ ਸਾਲਾਂ ਦੇ ਸਮੇਂ ਦੌਰਾਨ ਦੂਰ-ਦੁਰਾਡੇ ਗੁਰਦੁਆਰਿਆਂ ਜਾਂ ਕੀਰਤਨ ਸਮਾਗਮਾਂ ਵਿੱਚ ਵੀ ਪੇਸ਼ਕਾਰੀਆਂ ਲਈ ਭੇਜਿਆ ਜਾਂਦਾ ਹੈ।

ਖੋਜ ਕਾਰਜ ਕਰਦੇ ਸਮੇਂ ਇਹ ਦੇਖਿਆ ਕਿ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਅਤੇ ਮਿਸ਼ਨਰੀ ਕਾਲਜ ਬੁੱਢਾ ਜੌਹੜ ਤੋਂ ਬਾਅਦ ਜਿੰਨੇ ਵੀ ਅਦਾਰੇ ਸਥਾਪਿਤ ਕੀਤੇ ਗਏ ਉਹਨਾਂ ਦੇ ਨਾਮ ਮਿਸ਼ਨਰੀ ਦੀ ਜਗ੍ਹਾ ਇੰਸਟੀਚਿਊਟ ਜਾਂ ਅਕੈਡਮੀਆਂ ਦੇ ਤਹਿਤ ਰੱਖੇ ਗਏ ਹਨ। ਇਹਨਾਂ ਅਦਾਰਿਆਂ ਦੇ ਨਾਮ ਬੇਸ਼ੱਕ ਹੋਰ ਰੱਖੇ ਗਏ ਹੋਣ ਪਰ ਸਿਖਲਾਈ ਦਾ ਢੰਗ ਮਿਸ਼ਨਰੀ ਕਾਲਜਾਂ ਵਾਂਗ ਹੀ ਹੁੰਦਾ ਹੈ। ਸਿਰਫ਼ ਗੁਰਮਤਿ ਕੀਰਤਨ ਵਿਦਿਆਲਿਆਂ ਵਿੱਚ ਹੀ ਕਿਸੇ ਸਿਲੇਬਸ ਤੋਂ ਬਿਨਾਂ ਵਿਦਿਆਰਥੀਆਂ ਨੂੰ ਸਿਰਫ਼ ਕੀਰਤਨ ਸਿਖਲਾਈ ਹੀ ਦਿੱਤੀ ਜਾਂਦੀ ਹੈ ਜਿਹਨਾਂ ਵਿੱਚੋਂ ਆਧੁਨਿਕ ਸਮੇਂ ਵਿੱਚ ਗੁਰਮਤਿ ਸੰਗੀਤ ਵਿਦਿਆਲਿਆ, ਸ਼੍ਰੀ ਮੁਕਤਸਰ ਵਿੱਚ ਤਾਂ ਸਿਖਲਾਈ ਨਾ ਦੇ ਬਰਾਬਰ ਹੀ ਰਹਿ ਗਈ ਹੈ। 2003 ਤੋਂ ਬਾਅਦ ਤਿੰਨ ਹੋਰ ਕਾਲਜ ਇਕ ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੰਤ ਕਰਤਾਰ ਸਿੰਘ ਜੀ ਖਾਲਸਾ ਸਿੱਖ ਮਿਸ਼ਨਰੀ ਕਾਲਜ ਅਤੇ ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, 2018 ਵਿੱਚ ਫਿਰ ਤੋਂ ਮਿਸ਼ਨਰੀ ਦੇ ਨਾਮ ਤੋਂ ਹੀ ਕਾਲਜ ਸਥਾਪਿਤ ਕੀਤੇ ਗਏ ਹਨ।

ਇਹਨਾਂ ਮਿਸ਼ਨਰੀ ਕਾਲਜਾਂ ਵਿੱਚ ਪੜ੍ਹਾਈ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀ ਨਿਮਨ ਵਰਗ ਵਾਲੇ ਹੀ ਵਿਦਿਆਰਥੀ ਹੁੰਦੇ ਹਨ। ਇਹਨਾਂ ਵਿਦਿਆਰਥੀਆਂ ਦੀ ਭਰਤੀ ਇੰਟਰਵਿਊ ਲੈ ਕੇ ਕੀਤੀ ਜਾਂਦੀ ਹੈ ਜਿਸ ਵਿੱਚ ਕਿਰਿਆਤਮਕ ਪ੍ਰੀਖਿਆ ਵੀ ਲਈ ਜਾਂਦੀ ਹੈ। ਜੇਕਰ ਕੋਈ ਵਿਦਿਆਰਥੀ ਸੰਗੀਤ ਸਿੱਖਿਆ ਤੋਂ ਅਣਜਾਣ ਹੋਵੇ ਤਾਂ ਵੀ ਉਸਦੀ ਵਿਸ਼ੇ ਵਿੱਚ ਸਮਰੱਥਾ ਦੇਖ ਕੇ ਭਰਤੀ ਕਰ ਲਿਆ ਜਾਂਦਾ ਹੈ। ਵਿਦਿਆਰਥੀਆਂ ਦੀ

ਪੜ੍ਹਾਈ ਬਿਲਕੁਲ ਹੀ ਮੁਫ਼ਤ ਹੁੰਦੀ ਹੈ। ਉਹਨਾਂ ਨੂੰ 1500 ਰੁਪਏ ਮਹੀਨਾ ਵਜ਼ੀਫ਼ਾ ਵੀ ਦਿੱਤਾ ਜਾਂਦਾ ਹੈ ਜਿਸ ਵਿੱਚ ਉਹਨਾਂ ਦੇ ਹੋਸਟਲ ਵਿੱਚ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਹੁੰਦਾ ਹੈ।

ਇਹਨਾਂ ਸਿੱਖ ਮਿਸ਼ਨਰੀ ਕਾਲਜਾਂ ਵਿਚੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੂੰ ਬਣੇ ਹੋਏ ਲੰਬਾ ਸਮਾਂ ਹੋ ਚੁੱਕਾ ਹੈ ਅਤੇ ਮੌਜੂਦਾ ਸਮੇਂ ਵਿੱਚ ਵੀ ਇਸ ਕਾਲਜ ਦਾ ਕਾਰਜ ਨਿਰੰਤਰ ਜਾਰੀ ਹੈ। ਇਸ ਕਾਲਜ ਵਿੱਚ ਸਿੱਖਿਆ ਦੀ ਸ਼ੁਰੂਆਤ ਸਿੱਖ ਪ੍ਰਚਾਰਕ ਤਿਆਰ ਕਰਨ ਲਈ ਕੀਤੀ ਗਈ ਸੀ ਪ੍ਰੰਤੂ ਅੱਜ ਦੇ ਸਮੇਂ ਇਸ ਅਦਾਰੇ ਵਿੱਚ ਪ੍ਰਚਾਰਕ/ਗ੍ਰੰਥੀ, ਸੰਗੀਤ ਗਾਇਨ, ਤਬਲਾ ਵਾਦਨ ਅਤੇ ਤੰਤੀ ਵਾਦਨ ਦੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹੋਰਨਾਂ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਕੀਰਤਨ ਵਿਦਿਆਲਿਆਂ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦੇ ਕਾਰਜਕਾਲ ਨੂੰ ਬੇਸ਼ੱਕ ਸਮਾਂ ਘੱਟ ਹੀ ਹੋਇਆ ਹੈ ਪ੍ਰੰਤੂ ਫਿਰ ਵੀ ਇਹ ਅਦਾਰੇ ਗੁਰਮਤਿ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿੱਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਹਨਾਂ ਅਦਾਰਿਆਂ ਨੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਸਿਰਫ਼ ਰਾਗੀ ਹੀ ਨਹੀਂ ਬਲਕਿ ਤਬਲਾ ਵਾਦਕ, ਤੰਤੀ ਵਾਦਕ, ਪ੍ਰਚਾਰਕ ਅਤੇ ਹੋਰਨਾਂ ਉੱਚ ਅਹੁਦਿਆਂ ਨੂੰ ਪ੍ਰਾਪਤ ਸ਼ਿਸ਼ ਸਮਾਜ ਦੀ ਝੋਲੀ ਪਾਏ ਹਨ। ਇਹਨਾਂ ਅਦਾਰਿਆਂ ਵਿੱਚੋਂ ਸਿੱਖਿਆ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਹਰ ਵਿਦਿਆਰਥੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਪੱਕੇ ਤੌਰ 'ਤੇ ਭਰਤੀ ਜਰੂਰ ਕੀਤੀ ਜਾਂਦੀ ਹੈ।

ਜੇਕਰ ਇਹਨਾਂ ਅਦਾਰਿਆਂ ਦੀ ਸਿੱਖਿਆ ਦੇ ਮੁਲਾਂਕਣ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਅਦਾਰਿਆਂ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਅਦਾਰਿਆਂ ਵਿੱਚ ਵਿਦਿਆਰਥੀਆਂ ਦਾ ਇੱਕ ਹੀ ਬੈਚ ਲਗਾਤਾਰ ਤਿੰਨ ਸਾਲ ਤੱਕ ਚੱਲਦਾ ਹੈ ਭਾਵ ਕਿ ਤਿੰਨ ਸਾਲ ਤੱਕ ਇੱਕ ਹੀ ਬੈਚ ਦੇ ਵਿਦਿਆਰਥੀਆਂ ਨੂੰ ਸਿੱਖਿਆ ਗ੍ਰਹਿਣ ਕਰਵਾਈ ਜਾਂਦੀ ਹੈ। ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਅਦਾਰਿਆਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕਾਲਜ ਦੇ ਅੰਦਰ ਹੀ ਕੀਤਾ ਜਾਂਦਾ ਹੈ। ਇਸ ਦਾ ਫ਼ਾਇਦਾ ਇਹ ਹੁੰਦਾ ਹੈ ਕਿ ਕਾਲਜ ਦੀਆਂ ਕਲਾਸਾਂ ਦਾ ਸਮਾਂ ਖ਼ਤਮ ਹੋਣ ਤੋਂ ਬਾਅਦ ਵੀ ਵਿਦਿਆਰਥੀ ਜਦੋਂ ਮਰਜ਼ੀ ਆਪਣੇ ਅਧਿਆਪਕ ਕੋਲ ਜਾ ਕੇ ਆਪਣੇ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰਦੇ ਰਹਿੰਦੇ ਹਨ। ਇਸ ਤੋਂ ਬਿਨਾਂ ਉਸਤਾਦ ਜਨਾਂ ਵੱਲੋਂ ਵੀ ਸ਼ਾਮ ਦੇ ਵਕਤ ਹੋਸਟਲ ਦਾ ਦੌਰਾ ਕਰਕੇ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਵਿਦਿਆਰਥੀ ਆਪਣਾ ਰਿਆਜ਼ ਸਹੀ ਢੰਗ ਨਾਲ ਕਰ ਰਹੇ ਹਨ ਜਾਂ ਨਹੀਂ ਅਤੇ ਜੇਕਰ ਰਿਆਜ਼ ਕਰਦੇ ਸਮੇਂ ਕੋਈ ਵੀ ਤਰੁੱਟੀ ਹੋ ਰਹੀ ਹੁੰਦੀ ਹੈ ਤਾਂ ਉਸਨੂੰ ਉਸੇ ਵਕਤ ਠੀਕ ਕਰਵਾਇਆ ਜਾਂਦਾ ਹੈ।

ਇਸ ਤੋਂ ਬਿਨਾਂ ਸੰਗੀਤ ਦੇ ਖੇਤਰ ਵਿੱਚ ਤਰੱਕੀ ਜਾਂ ਪ੍ਰਸਿੱਧੀ ਦੀ ਗੱਲ ਕੀਤੀ ਜਾਵੇ ਤਾਂ ਹਰ ਕਲਾਕਾਰ ਲਈ ਸਟੇਜ ਮਿਲਣੀ ਜਾਂ ਸਟੇਜ 'ਤੇ ਜਾ ਕੇ ਪੇਸ਼ਕਾਰੀ ਕਰਨ ਦਾ ਅਭਿਆਸ ਬਹੁਤ ਜ਼ਰੂਰੀ ਹੁੰਦਾ ਹੈ। ਇਹਨਾਂ ਅਦਾਰਿਆਂ ਵਿੱਚ ਇਸ ਜਰੂਰਤ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਖੋਜਾਰਥੀ ਦੁਆਰਾ ਜਦ ਇਹਨਾਂ ਅਦਾਰਿਆਂ ਦਾ ਸਰਵੇਖਣ ਕੀਤਾ ਗਿਆ ਤਾਂ ਇਹ ਦੇਖਿਆ ਗਿਆ ਕਿ ਹਰ ਅਦਾਰਾ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ (ਜ਼ਿਆਦਾਤਰ ਇਤਿਹਾਸਿਕ) ਦੇ ਨਜ਼ਦੀਕ ਹੀ ਬਣਾਏ ਗਏ ਹਨ। ਜਦੋਂ ਵਿਦਿਆਰਥੀਆਂ ਦੀ ਸਿਖਲਾਈ ਨੂੰ ਛੇ ਮਹੀਨੇ ਦੇ ਕਰੀਬ ਸਮਾਂ ਹੋ ਜਾਂਦਾ ਹੈ ਤਾਂ ਵਿਦਿਆਰਥੀਆਂ ਨੂੰ ਪਹਿਲਾਂ ਸਾਥੀ ਕਲਾਕਾਰ ਦੇ ਰੂਪ ਵਿੱਚ ਕੀਰਤਨ ਅਤੇ ਕਥਾ (ਸ਼ਬਦ ਉਚਾਰਨ) ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਜਿਵੇਂ-ਜਿਵੇਂ ਸਿਖਲਾਈ ਵੱਧਦੀ ਜਾਂਦੀ ਹੈ ਤਾਂ ਵਿਦਿਆਰਥੀਆਂ ਦੀਆਂ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਤਿੰਨ ਸਾਲਾਂ ਦੇ ਸਮੇਂ ਦੌਰਾਨ ਦੂਰ-ਦੁਰਾਡੇ ਗੁਰਦੁਆਰਿਆਂ ਜਾਂ ਕੀਰਤਨ ਸਮਾਗਮਾਂ ਵਿੱਚ ਵੀ ਪੇਸ਼ਕਾਰੀਆਂ ਲਈ ਭੇਜਿਆ ਜਾਂਦਾ ਹੈ ਤਾਂ ਕਿ ਵਿਦਿਆਰਥੀਆਂ ਦੇ ਭਵਿੱਖ ਵਿੱਚ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਲਈ ਪਹਿਲਾਂ ਹੀ ਤਿਆਰ ਕੀਤਾ ਜਾ ਸਕੇ।

ਇਹਨਾਂ ਵਿਦਿਆਰਥੀਆਂ ਦੀ ਜੇਕਰ ਆਰਥਿਕ, ਸਮਾਜਿਕ ਜਾਂ ਸੱਭਿਆਚਾਰਕ ਸਾਰਥਕਤਾ ਨੂੰ ਦੇਖਿਆ ਜਾਵੇ ਤਾਂ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਵਿੱਚ ਸੇਵਾ ਕਰ ਰਹੇ ਰਾਗੀ ਵਿਸ਼ਵ ਭਰ ਵਿੱਚ ਹੀ ਆਪਣੀਆਂ ਸੇਵਾਵਾਂ ਪ੍ਰਦਾਨ ਕਰਵਾਉਂਦੇ ਹਨ ਜਿਸ ਨਾਲ ਉਹਨਾਂ ਦੀ ਨਾ ਸਿਰਫ ਸਮਾਜਿਕ ਪਹਿਚਾਣ ਹੀ ਨਹੀਂ ਸਥਾਪਿਤ ਹੁੰਦੀ ਬਲਕਿ ਇਹਨਾਂ ਦੀ ਆਰਥਿਕਤਾ ਵਿੱਚ ਵੀ ਵਾਧਾ ਹੁੰਦਾ ਹੈ। ਜਿਵੇਂ ਕਿ "ਪਦਮ ਸ੍ਰੀ ਨਿਰਮਲ ਸਿੰਘ ਖਾਲਸਾ", "ਭਾਈ ਰਵਿੰਦਰ ਸਿੰਘ", "ਭਾਈ ਹਰਜਿੰਦਰ ਸਿੰਘ", ਸ੍ਰੀ ਨਗਰ ਵਾਲੇ ਆਦਿ ਅਜਿਹੀਆਂ ਹਸਤੀਆਂ ਹਨ ਜਿਹਨਾਂ ਨੇ ਨਾ ਕੇਵਲ ਇਹਨਾਂ ਅਦਾਰਿਆਂ 'ਚੋਂ ਸਿੱਖਿਆ ਹੀ ਨਹੀਂ ਪ੍ਰਾਪਤ ਕੀਤੀ ਬਲਕਿ ਸਿੱਖ ਧਰਮ ਅਤੇ ਸਿੱਖ ਸਿਧਾਤਾਂ ਦਾ ਪ੍ਰਚਾਰ ਕਰਕੇ ਸੱਭਿਆਚਾਰਕ ਸਾਂਝ ਵੀ ਕਾਇਮ ਕੀਤੀ ਹੈ। ਇਸਦੀ ਮਿਸਾਲ ਪੰ. ਦਲੀਪ ਚੰਦਰ ਬੇਦੀ ਦੀ ਉਸ ਉਦਾਹਰਨ ਤੋਂ ਵੀ ਲਈ ਜਾ ਸਕਦੀ ਹੈ ਜਦੋਂ ਉਹ ਹਰਿਮੰਦਰ ਸਾਹਿਬ ਦਰਸ਼ਨ ਕਰਨ ਗਏ ਤਾਂ "ਪਦਮ ਭਾਈ ਨਿਰਮਲ ਸਿੰਘ ਖਾਲਸਾ" ਜੀ ਦਾ ਕੀਰਤਨ ਸੁਣ ਕੇ ਬਹੁਤ ਪ੍ਰਭਾਵਿਤ ਹੋਏ।

ਇਹਨਾਂ ਅਦਾਰਿਆਂ ਵਿੱਚ ਤਿੰਨ ਸਾਲ ਵਿਦਿਆਰਥੀਆਂ ਨੂੰ ਜੋ ਸਿਖਲਾਈ ਦਿੱਤੀ ਜਾਂਦੀ ਹੈ ਉਹ ਡਿਪਲੋਮੇ ਦੇ ਰੂਪ ਵਿੱਚ ਹੀ ਪ੍ਰਦਾਨ ਕਰਵਾਈ ਜਾਂਦੀ ਹੈ ਕਿਸੇ ਡਿਗਰੀ ਦੇ ਤਹਿਤ ਨਹੀਂ। ਇਸ ਦਾ ਸਾਰਾ ਪ੍ਰਬੰਧ ਵੀ ਸੁਤੰਤਰ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿੱਚ ਹੁੰਦਾ ਹੈ। ਇੱਥੋਂ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀ ਸਿਰਫ਼ ਰਾਗੀ, ਤਬਲਾ ਵਾਦਕ ਜਾਂ ਤੰਤੀ ਵਾਦਕ ਦੇ ਰੂਪ ਵਿੱਚ ਹੀ ਕਾਰਜ ਕਰਦੇ ਹਨ। ਪੱਕੇ ਤੌਰ 'ਤੇ ਜਾਂ ਅਧਿਆਪਨ ਦੇ ਖੇਤਰ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਇਹਨਾਂ ਵਿਦਿਆਰਥੀਆਂ ਨੂੰ ਮੁੜ ਤੋਂ ਬੀ.ਏ. ਅਤੇ ਐੱਮ.ਏ. ਦੀਆਂ ਡਿਗਰੀਆਂ ਲਈ ਸਿੱਖਿਆ ਪ੍ਰਾਪਤ ਕਰਨੀ ਹੀ ਪੈਂਦੀ ਹੈ। ਸੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹਨਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਕ ਕਮੇਟੀ ਦੇ ਅਧੀਨ ਚੱਲਦੇ ਵੱਖ-ਵੱਖ ਗੁਰਦੁਆਰਾ ਸਾਹਿਬ, ਸਕੂਲਾਂ ਅਤੇ ਕਾਲਜਾਂ ਵਿੱਚ ਕਾਰਜ ਕਰਨ ਦੇ ਮੌਕੇ ਪ੍ਰਦਾਨ ਕਰਵਾਉਣ ਦੇ ਯਤਨ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਕਿ ਇਹਨਾਂ ਅਦਾਰਿਆਂ ਤੋਂ ਸਿੱਖਿਆ ਪ੍ਰਾਪਤ ਕਿਸੇ ਵੀ ਵਿਦਿਆਰਥੀਆਂ ਨੂੰ ਬੇਰੁਜ਼ਗਾਰ ਨਾ ਰਹਿਣਾ ਪਵੇ।

## ਹਵਾਲੇ ਅਤੇ ਟਿੱਪਣੀਆਂ


1) https://gurparsad.com
2) ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦਰਤਨਾਕਰਮਹਾਨ ਕੋਸ਼,ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 968.
3) ਅੰਗਰੇਜ਼ੀ-ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਛੇਵੀਂ ਵਾਰ, 2002, ਪੰਨਾ 497.
4) ਡਾ. ਗੁਰਚਰਨ ਸਿੰਘ ਅਰਸ਼ੀ, ਪੰਜਾਬੀ ਭਾਸ਼ਾ ਨੂੰ ਇਸਾਈਆਂ ਦੀ ਦੇਣ, ਪੰਨਾ 13.
5) ਲਾਲ ਸਿੰਘ ਐੱਮ.ਏ. ਅਤੇ ਨਰੈਣ ਸਿੰਘ ਐੱਮ.ਏ., ਸ਼ਹੀਦੀ ਸਾਕਾ ਨਨਕਾਣਾ ਸਾਹਿਬ, ਪੰਨਾ 26.
6) ਸਤਨਾਮ ਸਿੰਘ ਐਡਵੋਕੇਟ, ਸਿੱਖ ਧਰਮ ਦੀ ਡਾਇਰੈਕਟਰੀ 1469 ਤੋਂ 1997, ਪੰਨਾ 330.
7) ਨਿੱਜੀ ਮੁਲਾਕਾਤ, ਪ੍ਰਿੰਸੀਪਲ ਬਲਦੇਵ ਸਿੰਘ (ਸੇਵਾ ਮੁਕਤ ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ), ਮਿਤੀ 17 ਜੂਨ, 2019.

8) ਸ਼ਮਸ਼ੇਰ ਸਿੰਘ ਅਸ਼ੋਕ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ 57.

9) ਨਿੱਜੀ ਮੁਲਾਕਾਤ: ਪ੍ਰਿੰ. ਮਨਜੀਤ ਕੌਰ (ਮੌਜੂਦਾ ਪ੍ਰਿੰਸੀਪਲ), ਮਿਤੀ 3 ਮਾਰਚ, 2022, ਅੰਮ੍ਰਿਤਸਰ।

10) ਨਿੱਜੀ ਮੁਲਾਕਾਤ, ਪ੍ਰਿੰਸੀਪਲ ਬਲਦੇਵ ਸਿੰਘ (ਸੇਵਾ ਮੁਕਤ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ), ਮਿਤੀ 17 ਜੂਨ, 2019, ਸ੍ਰੀ ਅੰਮ੍ਰਿਤਸਰ।

11) ਪ੍ਰੋ. ਸੁਖਵਿੰਦਰ ਸਿੰਘ (ਤੰਤੀ ਵਾਦਨ ਦੇ ਅਧਿਆਪਕ) ਨਾਲ ਨਿੱਜੀ ਮੁਲਾਕਾਤ ਦੌਰਾਨ ਪ੍ਰਾਪਤ ਜਾਣਕਾਰੀ 'ਤੇ ਅਧਾਰਿਤ, ਮਿਤੀ 3 ਮਾਰਚ, 2022, ਅੰਮ੍ਰਿਤਸਰ।

12) ਗੁਰਨਾਮ ਸਿੰਘ (ਡਾ.), ਗੁਰਮਤਿ ਸੰਗੀਤ ਪ੍ਰਬੰਧ ਤੇ ਪਾਸਾਰ, ਪੰਨਾ 206.

13) ਬਾਬਾ ਨੱਥਾ ਸਿੰਘ (ਪ੍ਰਧਾਨ ਗੁਰਦੁਆਰਾ ਬੁੱਢਾ ਜੌਹੜ) ਨਾਲ ਨਿੱਜੀ ਮੁਲਾਕਾਤ ਦੌਰਾਨ ਪ੍ਰਾਪਤ ਜਾਣਕਾਰੀ 'ਤੇ ਅਧਾਰਿਤ, ਮਿਤੀ 14 ਮਾਰਚ, 2021, ਬੁੱਢਾ ਜੌਹੜ, ਗੰਗਾ ਨਗਰ, ਰਾਜਸਥਾਨ।

14) ਸ. ਗੁਰਪ੍ਰੀਤ ਸਿੰਘ (ਧਰਮ ਪ੍ਰਚਾਰ ਦੇ ਅਧਿਆਪਕ) ਨਾਲ ਨਿੱਜੀ ਮੁਲਾਕਾਤ ਦੌਰਾਨ ਪ੍ਰਾਪਤ ਜਾਣਕਾਰੀ 'ਤੇ ਅਧਾਰਿਤ, ਮਿਤੀ 14 ਮਾਰਚ, 2021.

15) ਪ੍ਰੋ. ਕਰਨਬੀਰ ਸਿੰਘ (ਮੌਜੂਦਾ ਸੰਗੀਤ ਅਧਿਆਪਕ) ਨਾਲ ਨਿੱਜੀ ਮੁਲਾਕਾਤ ਦੌਰਾਨ ਪ੍ਰਾਪਤ ਜਾਣਕਾਰੀ 'ਤੇ ਅਧਾਰਿਤ, ਮਿਤੀ 4 ਮਾਰਚ, 2022, ਸੁਲਤਾਨਪੁਰ ਲੋਧੀ, ਕਪੂਰਥਲਾ।

16) ਪ੍ਰੋ. ਕਰਨਬੀਰ ਸਿੰਘ (ਸੰਗੀਤ ਅਧਿਆਪਕ) ਨਾਲ ਨਿੱਜੀ ਮੁਲਾਕਾਤ ਦੌਰਾਨ ਪ੍ਰਾਪਤ ਜਾਣਕਾਰੀ 'ਤੇ ਅਧਾਰਿਤ, ਮਿਤੀ 4 ਮਾਰਚ, 2022, ਸੁਲਤਾਨਪੁਰ ਲੋਧੀ, ਕਪੂਰਥਲਾ।

17) ਪ੍ਰੋ. ਗੁਰਪ੍ਰੀਤ ਸਿੰਘ (ਤਬਲਾ ਵਾਦਨ ਦੇ ਅਧਿਆਪਕ) ਨਾਲ ਨਿੱਜੀ ਮੁਲਾਕਾਤ ਦੌਰਾਨ ਪ੍ਰਾਪਤ ਜਾਣਕਾਰੀ 'ਤੇ ਅਧਾਰਿਤ, ਮਿਤੀ 3 ਮਾਰਚ, 2022, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।

Vidiya Sagar Patrika, Multilingual Biannual Peer Reviewed Journal, December 2023, Vol.-V Issue- II ISSN 2583-746X

# ਸਾਂਝੇ ਪੰਜਾਬ ਦੀ ਮੱਲਿਕਾ ਤਰੰਨੁਮ ਨੂਰਜਹਾਂ ਦਾ ਫ਼ਿਲਮੀ ਜਗਤ ਨੂੰ ਯੋਗਦਾਨ

**ਗੁਰਸਿਮਰਨ ਕੌਰ**
ਖੋਜਾਰਥੀ, ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਅਮੂਰਤ

ਭਾਰਤ ਅਤੇ ਪਾਕਿਸਤਾਨ ਵਿੱਚ ਸੰਗੀਤ ਦੇ ਖੇਤਰ ਵਿੱਚ ਵੱਡੇ-ਵੱਡੇ ਗਾਇਕ ਅਤੇ ਗਾਇਕਾਵਾਂ ਪੈਦਾ ਹੋਏ, ਉਨਾਂ ਵਿਚੋਂ ਕਈ ਪ੍ਰਸਿੱਧ ਗਾਇਕਾਵਾਂ ਉਮਰਾਉ-ਜ਼ੀਆ-ਬੇਗ਼ਮ, ਗੋਹਰਜਾਨ, ਅਖ਼ਤਰੀ ਬਾਈ ਫ਼ੈਜਾਬਾਦੀ, ਅਮੀਰ ਬਾਈ ਕਰਨਾਟਕੀ, ਨੂਰਜਹਾਂ, ਸੁਰਿੰਦਰ ਕੌਰ, ਲਤਾ ਮੰਗੇਸ਼ਕਰ, ਪ੍ਰਕਾਸ਼ ਕੌਰ ਆਦਿ ਨੇ ਸੰਗੀਤ ਦੇ ਖੇਤਰ ਵਿੱਚ ਚੋਖਾ ਨਾਮਣਾ ਖੱਟਿਆ।ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਜੋ ਸਥਾਨ ਸੰਗੀਤ ਦੀ ਮੱਲਿਕਾ (ਮੱਲਿਕਾ-ਏ-ਮੌਸੀਕੀ) ਨੂਰਜਹਾਂ ਨੂੰ ਮਿਲਿਆ, ਉਹ ਕਿਸੇ ਹੋਰ ਨੂੰ ਨਸੀਬ ਨਹੀਂ ਹੋਇਆ।ਨੂਰਜਹਾਂ ਨੇ ਦੋਵੇਂ ਦੇਸ਼ਾਂ ਵਿੱਚ ਮਹਾਨ ਗਾਇਕਾ ਅਤੇ ਅਦਾਕਾਰਾ ਦੇ ਰੂਪ ਵਿੱਚ ਫ਼ਿਲਮੀ ਜਗਤ ਵਿੱਚ ਸਫ਼ਲਤਾ ਦੇ ਝੰਡੇ ਬੁਲੰਦ ਕੀਤੇ।ਸੰਗੀਤ ਦੀ ਦੁਨੀਆਂ ਉੱਤੇ ਆਖ਼ਿਰੀ ਸਾਹ ਤੱਕ ਰਾਜ ਕਰਨ ਵਾਲੀ 'ਮੱਲਿਕਾ-ਏ-ਤਰੰਨੁਮ' ਸੁਰਾਂ ਦੀ ਮੱਲਿਕਾ ਨੂਰਜਹਾਂ ਹੀ ਸੀ।ਇਨ੍ਹਾਂ ਨੇ ਪੰਜਾਬੀ, ਉਰਦੂ, ਸਿੰਧੀ, ਅਰਬੀ, ਪਸ਼ਤੋ ਆਦਿ ਵੱਖ-ਵੱਖ ਭਾਸ਼ਾਵਾਂ ਵਿੱਚ ਗੀਤ ਗਾ ਕੇ ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਸਥਾਪਿਤ ਕੀਤੀ।ਨੂਰਜਹਾਂ ਇੱਕ ਨਿੱਕੇ ਜਿਹੇ ਗਰੀਬ ਪਰਿਵਾਰ ਵਿੱਚੋਂ ਉੱਠ ਕੇ ਸੰਗੀਤਕ ਖੇਤਰ ਦੇ ਅਸਮਾਨੀ ਤਾਰਿਆਂ ਵਿੱਚ ਧਰੁਵ ਤਾਰਾ ਬਣਕੇ ਚਮਕੀ।

**ਕੁੰਜੀ ਸ਼ਬਦ :** ਨੂਰਜਹਾਂ, ਫ਼ਿਲਮੀ ਜਗਤ, ਸੰਗੀਤ ਕਲਾਕਾਰ, ਗਾਇਕ।

## ਜਨਮ ਅਤੇ ਸਿੱਖਿਆ

ਪ੍ਰਸਿੱਧ ਸ਼ਾਇਰ ਬਾਬਾ ਬੁੱਲ੍ਹੇ ਸ਼ਾਹ ਦੇ ਸ਼ਹਿਰ ਕਸੂਰ ਲਾਹੌਰ ਤੋਂ 49 ਕਿਲੋਮੀਟਰ ਦੂਰ ਦੇ ਇੱਕ ਛੋਟੇ ਜਿਹੇ ਮੁਹੱਲੇ ਕੋਟ ਮੁਰਾਦ ਖ਼ਾਨ ਦੇ ਨੱਚਣ-ਗਾਉਣ ਵਾਲੇ ਘਰਾਣੇ ਵਿੱਚ ਪਿਤਾ ਮੱਦਦ ਅਲੀ ਅਤੇ ਮਾਤਾ ਫ਼ਤਿਹ ਬੀਬੀ ਦੇ ਘਰ 21 ਸਤੰਬਰ,1926 ਨੂੰ ਇੱਕ ਧੀ ਨੇ ਜਨਮ ਲਿਆ।ਇਸ ਦਾ ਨਾਮ ਅੱਲਾ ਵਸਾਈ ਰੱਖਿਆ ਗਿਆ। ਅੱਲਾ ਵਸਾਈ ਉਰਫ਼ ਨੂਰਜਹਾਂ ਆਪਣੇ ਗਰੀਬ ਖ਼ਾਨਦਾਨ ਲਈ ਕਰਮਾਂ ਵਾਲੀ ਧੀ ਸਾਬਤ ਹੋਈ।ਗਾਉਣ ਵਾਲੇ ਪਰਿਵਾਰ ਵਿੱਚ ਜਨਮੀ ਅੱਲਾ ਵਸਾਈ ਨੂੰ ਸੰਗੀਤ ਦੀ ਗੁੜ੍ਹਤੀ ਵਿਰਸੇ ਵਿਚੋਂ ਮਿਲੀ ਸੀ।"ਸਿਰਫ਼ 5 ਵਰ੍ਹਿਆਂ ਦੀ ਛੋਟੀ ਉਮਰ ਤੋਂ ਹੀ ਅੱਲਾ ਵਸਾਈ ਆਪਣੇ ਪਰਿਵਾਰਕ ਪੇਸ਼ੇ ਵਿੱਚ ਸ਼ਾਮਿਲ ਹੋ ਕੇ ਗਾਉਣ ਲੱਗ ਪਈ ਸੀ।ਇਹ ਛੋਟੀ ਉਮਰ ਤੋਂ ਹੀ ਆਪਣੀ ਕਲਾ ਦੀ ਕਾਬਲੀਅਤ ਦੇ ਸਦਕਾ ਆਪਣੇ ਪਰਿਵਾਰ ਦੀ ਕਮਾਈ ਵਿੱਚ ਵਾਧਾ ਕਰਨ ਵਾਲੀ ਧੀ ਬਣ ਗਈ ਸੀ।ਅੱਲਾ ਵਸਾਈ ਦੇ ਪਿਤਾ ਇਨ੍ਹਾਂ ਨੂੰ ਸੰਗੀਤ ਦੀ ਸਿੱਖਿਆ ਲਈ ਮਸ਼ਹੂਰ ਉਸਤਾਦ ਫ਼ਜ਼ਲਦੀਨ ਕੋਲ ਲੈ ਗਏ।ਇਨ੍ਹਾਂ ਦੀ ਵੱਡੀ ਭੈਣ ਈਦਨ ਅਤੇ ਅੱਲਾ ਵਸਾਈ ਨੂੰ ਕੁੱਝ ਸਮਾਂ ਸਿੱਖਿਆ ਦੇਣ ਤੋਂ ਬਾਅਦ ਉਸਤਾਦ ਫ਼ਜ਼ਲਦੀਨ ਨੇ ਇਨ੍ਹਾਂ ਦੋਨਾਂ ਭੈਣਾਂ ਨੂੰ ਆਪਣੇ ਸ਼ਾਗਿਰਦ ਗ਼ੁਲਾਮ ਮੁਹੰਮਦ ਦੇ ਸਪੁਰਦ ਕਰ ਦਿੱਤਾ।[1]

ਅੱਲਾ ਵਸਾਈ ਆਖ਼ਰੀ ਸਾਹ ਤੱਕ ਉਸਤਾਦ ਗ਼ੁਲਾਮ ਮੁਹੰਮਦ ਕਸੂਰੀ ਤੋਂ ਸੰਗੀਤਕ ਸਿੱਖਿਆ ਹਾਸਲ ਕਰਦੀ ਰਹੀ।ਇਸ ਤੋਂ ਇਲਾਵਾ ਇਨ੍ਹਾਂ ਨੇ ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਪਾਸੋਂ ਸ਼ਾਸਤਰੀ ਸੰਗੀਤ ਦੀ

ਤਾਲੀਮ ਲਈ ਅਤੇ ਫ਼ਿਲਮੀ ਗਾਇਕੀ ਦੇ ਗੁਣ ਗੁਲਾਮ ਹੈਦਰ ਅੰਮ੍ਰਿਤਸਰੀ ਪਾਸੋਂ ਪ੍ਰਾਪਤ ਕੀਤੇ।9 ਸਾਲ ਦੀ ਉਮਰ ਵਿੱਚ ਇਨ੍ਹਾਂ ਨੇ ਸੰਗੀਤਕਾਰ ਬਾਬਾ ਜੀ.ਏ ਚਿਸ਼ਤੀ ਦੁਆਰਾ ਤਿਆਰ ਕੀਤੇ ਪੰਜਾਬੀ ਲੋਕ-ਗੀਤ, ਗ਼ਜ਼ਲਾਂ ਅਤੇ ਨਾਅਤ ਗਾ ਕੇ ਲਾਹੌਰ ਦੀ ਸਟੇਜ 'ਤੇ ਪ੍ਰਸਿੱਧੀ ਹਾਸਿਲ ਕੀਤੀ।ਸੱਜਾਦ ਅਹਿਮਦ ਸੱਜਾਦ ਦੇ ਅਨੁਸਾਰ, "ਉਸ ਸਮੇਂ ਇਹ ਪ੍ਰਤੀ ਗੀਤ ਦਾ ਸਾਢੇ ਸੱਤ ਆਨੇ ਮਿਹਨਤਾਨਾ ਲੈਂਦੀ ਸੀ ਜੋ ਉਸ ਸਮੇਂ ਦੇ ਲਿਹਾਜ਼ ਨਾਲ ਬੜੀ ਵੱਡੀ ਰਕਮ ਹੁੰਦੀ ਸੀ।ਇਹ ਸਟੇਜ਼ਾਂ 'ਤੋਂ ਹੁੰਦੀ ਹੋਈ ਲਾਹੌਰ ਦੇ ਥੀਏਟਰ ਵਿੱਚ ਫ਼ਿਲਮਾਂ ਦੇ ਇੰਟਰਵਲ ਵਿੱਚ ਗਾਉਣ ਲੱਗ ਪਈ।ਇਨ੍ਹਾਂ ਦੀ ਆਵਾਜ਼ ਵਿੱਚ ਗਾਏ ਗੀਤਾਂ ਦੀਆਂ ਧੁੰਮਾਂ ਲਾਹੌਰ ਵਿੱਚ ਪੈ ਗਈਆਂ।ਲਾਹੌਰ ਵਿੱਚੋਂ ਮਿਲੀ ਇਹੀ ਵੱਡੀ ਕਾਮਯਾਬੀ ਇਨ੍ਹਾਂ ਨੂੰ ਫ਼ਿਲਮਾਂ ਦੇ ਦੂਸਰੇ ਵੱਡੇ ਕੇਂਦਰ ਕਲਕੱਤੇ ਲੈ ਟੁਰੀ।ਕਲਕੱਤੇ ਆ ਕੇ ਇਨ੍ਹਾਂ ਨੇ ਆਪਣੀ ਕਲਾ ਦੇ ਬਦੌਲਤ ਫ਼ਿਲਮੀ ਦੁਨੀਆ ਵਿੱਚ ਕਦਮ ਰੱਖਿਆ।[2]

## ਬਾਲ ਕਲਾਕਾਰ ਵਜੋਂ ਫ਼ਿਲਮਾਂ ਵਿੱਚ ਸਫ਼ਰ

ਨੂਰਜਹਾਂ ਨੇ ਬੋਲਦੇ ਸਿਨਮੇ ਦੇ ਸ਼ੁਰੂਆਤੀ ਦੌਰ ਵਿੱਚ ਆਪਣੀ ਗਾਇਕੀ ਅਤੇ ਅਦਾਕਾਰੀ ਨਾਲ ਪੰਜਾਬੀ ਅਤੇ ਹਿੰਦੀ ਫ਼ਿਲਮਾਂ ਵਿੱਚ ਬਾਲ ਕਲਾਕਾਰਾਂ ਵਜੋਂ 1935 ਵਿੱਚ ਫ਼ਿਲਮੀ ਸਫ਼ਰ ਦੀ ਸ਼ੁਰੂਆਤ 9 ਸਾਲ ਦੀ ਉਮਰ ਵਿੱਚ ਕੀਤੀ।"ਸਾਂਝੇਂ ਪੰਜਾਬ (1935-1946) ਵਿੱਚ ਨੂਰਜਹਾਂ ਨੇ ਕੁੱਲ 35 ਫ਼ਿਲਮਾਂ (29 ਹਿੰਦੀ ਅਤੇ 6 ਪੰਜਾਬੀ ਫ਼ਿਲਮਾਂ) ਵਿੱਚ ਕੰਮ ਕੀਤਾ।[3]

ਬਤੌਰ ਬਾਲ ਕਲਾਕਾਰ ਬੇਬੀ ਨੂਰਜਹਾਂ ਨੇ 1935 ਤੋਂ 1939 ਤੱਕ ਕੁੱਲ 17 ਫ਼ਿਲਮਾਂ ਵਿੱਚ ਗਾਇਕਾ ਅਤੇ ਅਦਾਕਾਰਾ ਵਜੋਂ ਕੰਮ ਕੀਤਾ ਜਿਨ੍ਹਾਂ ਵਿੱਚ 4 ਪੰਜਾਬੀ ਅਤੇ 13 ਹਿੰਦੀ/ਉਰਦੂ ਫ਼ਿਲਮਾਂ ਸ਼ਾਮਲ ਹਨ।"ਅੱਲਾ ਵਸਾਈ ਦੀ ਪਹਿਲੀ ਪੰਜਾਬੀ ਫ਼ਿਲਮ ਟੋਲੀਵੁੱਡ ਸਟੂਡੀਓ ਵਿੱਚ ਤਿਆਰ ਕੀਤੀ ਮਾਦਨ ਥੀਏਟਰ, ਕਲਕੱਤਾ ਦੀ ਸ਼ੀਲਾ ਉਰਫ਼ 'ਪਿੰਡ ਦੀ ਕੁੜੀ' (1936) ਸੀ।ਇਸ ਫ਼ਿਲਮ ਵਿੱਚ ਕੇ.ਡੀ. ਮਹਿਰਾ ਨੇ ਪਹਿਲੀ ਵਾਰ 10 ਸਾਲਾ ਬਾਲੜੀ ਅੱਲਾ ਵਸਾਈ ਨੂੰ 'ਬੇਬੀ ਨੂਰਜਹਾਂ' ਦੇ ਨਾਂ ਨਾਲ ਪੇਸ਼ ਕਰਾਇਆ।ਬੇਬੀ ਨੂਰਜਹਾਂ ਨੇ ਫ਼ਿਲਮ ਵਿੱਚ 'ਪਾਰੋ' ਦਾ ਰੋਲ ਅਦਾ ਕਰਦਿਆਂ ਹੀਰੋ ਦੀ ਗੋਦ ਵਿੱਚ ਬੈਠ ਕੇ ਗੀਤ 'ਲੰਘ ਆਜਾ ਪੱਤਣ ਝਨਾਂ ਦਾ ਓ ਯਾਰ' ਗਾਇਆ ਜੋ ਕਿ ਬਹੁਤ ਪ੍ਰਸਿੱਧ ਹੋਇਆ।[4]

ਜਿਸਦਾ ਸੰਗੀਤ ਬਰਕਤ ਅਲੀ ਨੇ ਦਿੱਤਾ ਅਤੇ ਗੀਤ ਦੇ ਬੋਲ ਕੇ. ਡੀ. ਮਹਿਰਾ ਨੇ ਲਿਖੇ ਸਨ। ਇੰਦਰਾ ਮੂਵੀਟੋਨ ਕਲਕੱਤਾ ਦੀ ਹੀ ਕੇ.ਡੀ. ਮਹਿਰਾ ਦੇ ਡਾਇਰੈਕਸ਼ਨ ਅਤੇ ਨਿਰਦੇਸ਼ਨ ਵਿੱਚ ਬਣੀ 'ਹੀਰ ਸਿਆਲ' (1938) ਇਨ੍ਹਾਂ ਦੀ ਦੂਜੀ ਪੰਜਾਬੀ ਫ਼ਿਲਮ ਸੀ।ਬੇਬੀ ਨੂਰਜਹਾਂ ਤੇ ਸਾਥਣਾਂ ਨੇ ਮਾਸਟਰ ਧੁੰਮੀ ਖ਼ਾਨ ਦੇ ਸੰਗੀਤ ਵਿੱਚ ਫਿਰੋਜ਼ਦੀਨ ਸ਼ਰਫ਼ ਦਾ ਲਿਖਿਆ ਗੀਤ 'ਸੋਹਣਿਆਂ ਦੇਸਾਂ ਅੰਦਰ ਦੇਸ ਪੰਜਾਬ ਨੀ ਸਈਓ' ਗਾਇਆ ਜੋ ਬਹੁਤ ਮਸ਼ਹੂਰ ਹੋਇਆ ਅਤੇ ਇਸ ਫ਼ਿਲਮ ਦੀ ਹੀਰੋਇਨ 'ਬਾਲੋ' 'ਤੇ ਫ਼ਿਲਮਾਇਆ ਗਿਆ ਸੀ।ਇਨ੍ਹਾਂ ਨੂੰ ਅਸਲ ਸ਼ੋਹਰਤ ਪੰਚੋਲੀ ਆਰਟ ਪਿਕਚਰਜ ਲਾਹੌਰ ਦੀ ਫ਼ਿਲਮ 'ਗੁਲ ਬਕਾਵਲੀ' (1939) ਤੋਂ ਮਿਲੀ ਜਿਸਦੇ ਨਿਰਦੇਸ਼ਕ ਦਲਸੁੱਖ ਐਮ. ਪੰਚੋਲੀ ਅਤੇ ਡਾਇਰੈਕਟਰ ਬਰਕਤ ਰਾਮ ਪਹਿਰਾ ਸਨ।ਮਾਸਟਰ ਗ਼ੁਲਾਮ ਦੇ ਸੰਗੀਤ ਅਤੇ ਵਲੀ ਸਾਹਿਬ ਦੇ ਲਿਖੇ 10 ਗੀਤਾਂ ਵਿਚੋਂ 4 ਗੀਤ ਨੂਰਜਹਾਂ ਨੇ ਗਾਏ।ਇਸ ਫ਼ਿਲਮ ਦਾ ਗੀਤ 'ਸ਼ਾਲਾ ਜਵਾਨੀਆਂ ਮਾਣੇ' ਬਹੁਤ ਮਸ਼ਹੂਰ ਹੋਇਆ।"ਇਸ ਫ਼ਿਲਮ ਵਿੱਚ ਬੇਬੀ ਨੂਰਜਹਾਂ ਨੇ 'ਨੂਰੀ' ਦਾ ਰੋਲ ਵੀ ਅਦਾ ਕੀਤਾ।ਬੇਬੀ ਨੂਰਜਹਾਂ ਦੀ ਬਾਲ ਕਲਾਕਾਰਾ ਵਜੋਂ ਚੌਥੀ ਪੰਜਾਬੀ ਫ਼ਿਲਮ ਇੰਦਰਾ ਮੂਵੀਟੋਨ, ਕਲਕੱਤਾ ਦੀ 'ਸੱਸੀ ਪੁੰਨੂ' (1939) ਸੀ, ਜਿਸ ਵਿੱਚ ਇਨ੍ਹਾਂ ਨੇ 'ਛੋਟੀ ਸੱਸੀ' ਦਾ ਕਿਰਦਾਰ ਨਿਭਾਇਆ।ਸੰਗੀਤਕਾਰ ਧੁਮੀਖਾਨ ਰਾਮਪੁਰੀ ਦੇ ਸੰਗੀਤ ਵਿੱਚ ਗੀਤਕਾਰ ਐਫ਼.ਡੀ.ਸ਼ਰਫ਼ ਦਾ ਲਿਖਿਆ ਗੀਤ 'ਮੇਰੇ ਬਾਬੁਲ ਦਾ ਮੁਖੜਾ ਪਿਆਰਾ, ਮੇਰੀ ਅੰਮਾ ਹੈ ਰੋਸ਼ਨਤਾਰਾ' ਗਾਇਆ।[5]

ਬੇਬੀ ਨੂਰਜਹਾਂ ਨੇ ਪੰਜਾਬੀ ਫ਼ਿਲਮਾਂ ਦੇ ਸਮਾਂਤਰਹੀ ਬਾਲ ਕਲਾਕਾਰ ਵਜੋਂ ਫ਼ਿਲਮਾਂ ਵਿੱਚ ਕੰਮ

ਕੀਤਾ।"ਇਨ੍ਹਾਂ ਨੇ 1935 ਵਿੱਚ 13 ਹਿੰਦੀ/ਉਰਦੂ ਫ਼ਿਲਮਾਂ ਵਿੱਚ ਬਾਲ ਅਦਾਕਾਰਾ ਵਜੋਂ ਕੰਮ ਕੀਤਾ।ਸ਼ਕਤੀ ਮੂਵੀਟੋਨ, ਬੰਬੇ ਦੇ ਬੈਨਰ ਹੇਠ ਬਣਨ ਵਾਲੀ 'ਆਜ਼ਾਦੀ' ਉਰਫ਼ 'ਘੁੰਘਟ ਕੇ ਪਟ ਖੋਲ' ਇਹਨਾਂ ਦੀ ਪਹਿਲੀ ਹਿੰਦੀ ਫ਼ਿਲਮ ਸੀ।ਮਾਦਨ ਥੀਏਟਰ, ਕੱਲਕਤਾ ਦੇ ਬੈਨਰ ਹੇਠ ਬਣੀ ਫ਼ਿਲਮ 'ਗੈਬੀ ਗੋਲਾ' ਇਨ੍ਹਾਂ ਦੀ ਦੂਜੀ ਹਿੰਦੀ ਫ਼ਿਲਮ ਸੀ।[6]

ਪ੍ਰੀਮੀਅਰ ਸੀਨੇਟੋਨ, ਬੰਬੇ ਦੇ ਬੈਨਰ ਹੇਠ ਡਇਰੈਕਟਰ ਹੂਮੀ ਮਾਸਟਰ ਦੀ ਫ਼ਿਲਮ 'ਘਰ ਜਮਾਈ' ਬੇਬੀ ਨੂਰਜਹਾਂ ਦੀ ਤੀਜੀ ਹਿੰਦੀ ਫ਼ਿਲਮ ਸੀ।ਮੀਨੂੰ ਕਾਰਤਕ ਪ੍ਰੋਡਕਸ਼ਨ ਦੇ ਬੈਨਰ ਹੇਠ ਡਇਰੈਕਟਰ ਮੀਨੂੰ ਕਾਰਤਕ ਦੀ ਫ਼ਿਲਮ 'ਮਿਸਰ ਕਾ ਸਿਤਾਰਾ' ਇਨ੍ਹਾਂ ਦੀ ਚੌਥੀ ਫ਼ਿਲਮ ਸੀ।ਇਸ ਫ਼ਿਲਮ ਵਿੱਚ ਇਨ੍ਹਾਂ ਨੇ ਬਾਲੜੀ 'ਅਜੂਬਾ' ਦਾ ਰੋਲ ਅਦਾ ਕੀਤਾ ਤੇ ਇੱਕ ਗੀਤ 'ਕੁਵੇਂ ਪਾਨੀ ਨ ਜਾ ਨੇਹਾ ਲਗਾਏ ਕੇ ਗਾਈ' ਗਾਇਆ।1936 ਵਿੱਚ ਇਨ੍ਹਾਂ ਨੇ 3 ਹਿੰਦੀ ਫ਼ਿਲਮਾਂ 'ਮਿਸ ਐਂਡ ਮਿਸਿਜ਼ ਬੰਬੇ', 'ਨਾਰੀ ਰਾਜ' ਉਰਫ਼ 'ਮਿਸ ਕਲਕੱਤਾ' ਅਤੇ 'ਫ਼ਖ਼ਰ-ਏ-ਇਸਲਾਮ' ਉਰਫ਼ 'ਪ੍ਰਾਈਡ ਆਫ਼ ਇਸਲਾਮ' ਵਿੱਚ ਕੰਮ ਕੀਤਾ।ਇਨ੍ਹਾਂ ਨੇ 1937 ਵਿੱਚ ਤਿੰਨ ਹਿੰਦੀ ਫ਼ਿਲਮਾਂ 'ਮਿਸਟਰ 420', 'ਤਾਰਨਹਾਰ' ਉਰਫ਼ 'ਕੌਮੀ ਦਲੇਰ' ਅਤੇ 'ਕਿਸਕੀ ਪਿਆਰੀ' ਵਿੱਚ ਕੰਮ ਕੀਤਾ।ਇੰਦਰਾ ਮੂਵੀਟੋਨ, ਕੱਲਕਤਾ ਦੇ ਬੈਨਰ ਹੇਠ ਬਣੀ ਡਇਰੈਕਟਰ ਆਰ.ਐਨ.ਵੈਦਯ ਦੀ ਫ਼ਿਲਮ 'ਇਮਪੋਸੀਬਲ' ਉਰਫ਼ 'ਨਾ ਹੋਨੇ ਵਾਲੀ ਬਾਤ' ਵਿੱਚ ਨੂਰਜਹਾਂ ਨੇ 'ਰਮਾ' ਦਾ ਕਿਰਦਾਰ ਅਦਾ ਕੀਤਾ।[7]

ਨੂਰਜਹਾਂ ਦੀ ਬਤੌਰ ਬਾਲ ਅਦਾਕਾਰਾ ਆਖ਼ਰੀ ਫ਼ਿਲਮ ਇੰਦਰਾ ਮੂਵੀਟੋਨ ਕੋਲਕਤਾ ਦੀ ਡਾਇਰੈਕਟਰ ਸਫ਼ਦਰ ਮਿਰਜ਼ਾ ਦੀ 'ਇੰਪੀਰੀਅਲ ਮੇਲ' (1939) ਸੀ।ਇਸ ਫ਼ਿਲਮ ਵਿੱਚ ਬੇਬੀ ਨੂਰਜਹਾਂ ਨੇ 'ਰੂਪਕੁਮਾਰੀ' ਦਾ ਰੋਲ ਅਦਾ ਕੀਤਾ।[8]

## ਮੁੱਖ ਹੀਰੋਇਨ ਵਜੋਂ ਫ਼ਿਲਮਾਂ ਵਿੱਚ ਸਫ਼ਰ

ਸਾਂਝੇ ਪੰਜਾਬ ਵਿੱਚ ਨੂਰਜਹਾਂ ਨੇ ਬਤੌਰ ਮੁੱਖ ਹੀਰੋਇਨ ਵਜੋਂ 2 ਪੰਜਾਬੀ ਅਤੇ 16 ਹਿੰਦੀ/ਉਰਦੂ ਫ਼ਿਲਮਾਂ ਵਿੱਚ ਕੰਮ ਕੀਤਾ।ਇਨ੍ਹਾਂ ਦੀ ਪਹਿਲੀ ਪੰਜਾਬੀ ਫ਼ਿਲਮ ਪੰਚਲੀ ਆਰਟ ਪਿਕਚਰਜ ਲਾਹੌਰ ਦੀ ਮੋਤੀ ਬੀ. ਗਿਡਵਾਨੀ ਨਿਰਦੇਸ਼ਿਤ ਯਮਲਾ ਜੱਟ (1940) ਸੀ।ਫ਼ਿਲਮ ਵਿੱਚ ਇਨ੍ਹਾਂ ਨੇ 'ਮੁੰਨੀ' ਦਾ ਕਿਰਦਾਰ ਅਦਾ ਕੀਤਾ।ਇਨ੍ਹਾਂ ਨੇ ਮਾਸਟਰ ਗ਼ੁਲਾਮ ਹੈਦਰ ਦੀਆਂ ਤਰਜਾਂ 'ਤੇ ਅਤੇ ਵਲੀ ਸਾਹਿਬ ਦੇ ਲਿਖੇ 10 ਗੀਤਾਂ ਵਿਚੋਂ 4 ਗੀਤ 'ਮੈਂ ਕੋਇਲ ਵਾਂਗਰ ਕਿਉ ਨਾ ਗਾਵਾਂ ਕੂ ਕੂ','ਕੱਚੀਆਂ ਵੇ ਕਲੀਆਂ ਤੂੰ ਨਾ ਤੋੜ','ਬਾਬਲ ਮੈਂ ਬਲਿਹਾਰੀ ਵੇ ਚੱਲ ਪਿੰਡ ਨੂੰ ਚੱਲੀਏ','ਪੀ ਵੇ ਢੋਲਾ ਪੀ, ਜੀ ਵੇ ਢੋਲਾ ਜੀ' ਗਾਏ ਜੋ ਇਨ੍ਹਾਂ 'ਤੇ ਹੀ ਫਿਲਮਾਏ ਗਏ।ਇਸ ਫ਼ਿਲਮ ਦੀ ਬੇਇੰਤਹਾ ਕਾਮਯਾਬੀ ਤੋਂ ਬਾਅਦ ਨੂਰ ਜਹਾਂ ਦਾ ਨਾਂ ਉੱਚ ਕੋਟੀ ਦੀਆਂ ਗਾਇਕਾਵਾਂ ਵਿੱਚ ਸ਼ੁਮਾਰ ਹੋਣ ਲੱਗ ਪਿਆ।[9]

ਪੰਜੋਲੀ ਆਰਟ ਪਿਕਚਰਜ਼, ਲਾਹੌਰ ਦੀ ਨਿਰੰਜਨਪਾਲ ਦੁਆਰਾ ਨਿਰਦੇਸ਼ਿਤ ਫ਼ਿਲਮ 'ਚੌਧਰੀ' (1941) ਨੂਰਜਹਾਂ ਦੀ ਦੂਜੀ ਫ਼ਿਲਮ ਸੀ।ਇਸ ਫ਼ਿਲਮ ਵਿੱਚ ਨੂਰਜਹਾਂ ਨੇ ਹੀਰੋ ਐਸ. ਪਾਲ ਦੇ ਨਾਲ 'ਚੰਦਾ' ਦਾ ਰੋਲ ਨਿਭਾਇਆ।ਮਾਸਟਰ ਗ਼ੁਲਾਮ ਹੈਦਰ ਦੇ ਸੰਗੀਤ ਵਿੱਚ ਅਤੇ ਫ਼ਿਰੋਜ਼ਦੀਨ ਸ਼ਰਫ਼ ਦੇ ਲਿਖੇ 9 ਗੀਤਾਂ ਦੇ 6 ਗੀਤ 'ਪੀਲੇ-ਪੀਲੇ ਖੇਤ ਨੇ ਸੋਹਣੇ ਪੀਲੇ ਖੇਤ ਨੇ' (ਨਾਲ ਗੁਲਾਮ ਹੈਦਰ ਅਤੇ ਸ਼ਮਸ਼ਾਦ ਬੇਗਮ ਕੋਰਸ) 'ਇੱਕ ਦੁਨੀਆਂ ਨਵੀਂ ਵਸਾ ਲਈਏ'(ਨਾਲ ਗੁਲਾਮ ਹੈਦਰ),'ਸੱਜਣਾ ਤੇਰੇ ਬਿਨਾਂ ਜੀ ਨਹੀਂ ਲੱਗਦਾ' (ਨਾਲ ਗੁਲਾਮ ਹੈਦਰ),'ਬਸ-ਬਸ ਵੇ ਢੋਲਣਾ' (ਨਾਲ ਗੁਲਾਮ ਹੈਦਰ),'ਛਮ ਛਮ ਛਮ ਦੇਖੋ ਦੇਖੋ ਇਹ ਕੈਸੀ ਸੋਹਣੀ ਚਾਲ ਹੈ','ਆਈ ਹੈ ਅੱਜ ਨੱਚਦੀ ਨੱਚਦੀ ਹਵਾ' ਗਾਏ ਜੋ ਕਿ ਬਹੁਤ ਹੀ ਪ੍ਰਸਿੱਧ ਹੋਏ।[10]

ਨੂਰਜਹਾਂ ਅਤੇ ਪ੍ਰਾਣ ਦੀ ਮੁੱਖ ਹੀਰੋ-ਹੀਰੋਇਨ ਵਜੋਂ ਪਹਿਲੀ ਹਿੰਦੀ ਫ਼ਿਲਮ ਪੰਚੋਲੀ ਪਿਕਚਰਜ਼, ਲਾਹੌਰ ਦੀ ਸ਼ੌਕਤ ਹੁਸੈਨ ਰਿਜ਼ਵੀ ਨਿਰਦੇਸ਼ਿਤ 'ਖ਼ਾਨਦਾਨ' (1942) ਸੀ।ਇਸ ਫ਼ਿਲਮ ਨੇ ਕਾਮਯਾਬੀ ਦੇ ਝੰਡੇ ਗੱਡ

ਦਿੱਤੇ।ਇਸ ਫ਼ਿਲਮ ਦੇ ਕੁੱਲ ਦੱਸ ਗੀਤਾਂ ਵਿੱਚੋਂ ਅੱਠ ਗੀਤ ਨੂਰਜਹਾਂ ਦੁਆਰਾ ਗਾਏ ਅਤੇ ਉਸ ਉੱਤੇ ਫਿਲਮਾਏ ਗਏ।ਮਾਸਟਰ ਗੁਲਾਮ ਹੈਦਰ ਦੇ ਸੰਗੀਤ ਵਿੱਚ ਨੂਰਜਹਾਂ ਦਾ ਗਾਇਆ ਤੇ ਉਸ ਦੇ ਫਿਲਮਾਇਆ ਗੀਤ 'ਤੂੰ ਕੌਨ ਸੀ ਬਦਲੀ ਮੇਂ ਮੇਰੇ ਚਾਂਦ ਹੈ ਆਜਾ' ਗੀਤ ਨੇ ਧੁੰਮਾ ਪਾ ਦਿੱਤੀਆਂ।ਸਫਲਤਾ ਦੇ ਸ਼ਿਖਰ ਉੱਤੇ ਬੈਠੀ ਨੂਰਜਹਾਂ ਨੇ ਫ਼ਿਲਮ ਬਣਨ ਦੌਰਾਨ ਸ਼ੌਕਤ ਹੁਸੈਨ ਰਿਜ਼ਵੀ ਨਾਲ ਵਿਆਹ ਕਰ ਲਿਆ।ਜਿਨ੍ਹਾਂ ਤੋਂ ਇਨ੍ਹਾਂ ਦੇ ਤਿੰਨ ਬੱਚੇ ਸਨ।ਇਸ ਤੋਂ ਬਾਅਦ ਨੂਰਜਹਾਂ ਨੇ ਬੰਬਈ ਦੀਆਂ ਕਈ ਯਾਦਗਾਰੀ ਫ਼ਿਲਮਾਂ ਜਿਵੇਂ- ਦੁਹਾਈ(1942), ਨਾਦਾਨ, ਨੌਕਰ(1943), ਲਾਲ ਹਵੇਲੀ (1944) ਵਿੱਚ ਕੰਮ ਕੀਤਾ।[11]

19 ਸਾਲ ਦੀ ਉਮਰ ਵਿੱਚ ਨੂਰਜਹਾਂ ਨੇ ਸ਼ੌਕਤ ਹੁਸੈਨ ਰਿਜ਼ਵੀ ਨਿਰਦੇਸ਼ਿਤ ਈਸਟਰਨ ਪਿਕਚਰਜ਼, ਬੰਬਈ ਦੀ ਫ਼ਿਲਮ ਜ਼ੀਨਤ (1945) ਵਿੱਚ ਗਾਈ ਕੱਵਾਲੀ 'ਆਹੇਂ ਨਾ ਭਰੀ ਸ਼ਿਕਵੇ ਨਾ ਕੀਏ, ਕੁੱਝ ਭੀ ਨਾ ਜ਼ੁਬਾਂ ਸੇ ਕਾਮ ਕੀਆ'(ਨੂਰਜਹਾਂ, ਕਲਿਆਣੀ, ਜੌਹਰਾਬਾਈ ਅੰਬਾਲਾ) ਨੂੰ ਭਾਰਤੀ ਸਿਨੇਮਾ ਦੀ ਪਹਿਲੀ ਔਰਤ ਕੱਵਾਲ ਹੋਣ ਦਾ ਮਾਣ ਹਾਸਿਲ ਹੋਇਆ।ਇਸ ਫ਼ਿਲਮ ਵਿੱਚ ਨੂਰਜਹਾਂ ਨੇ ਬਿਹਤਰੀਨ ਅਦਾਕਾਰੀ ਲਈ ਵੀ ਐਵਾਰਡ ਹਾਸਿਲ ਕੀਤਾ। 1945 ਵਿੱਚ ਨੂਰਜਹਾਂ ਨੇ ਤਿੰਨ ਫ਼ਿਲਮਾਂ 'ਭਾਈਜਾਨ' ਅਤੇ 'ਬੜੀ ਮਾਂ' ਵਿੱਚ ਕੰਮ ਕੀਤਾ।ਫ਼ਿਲਮ 'ਬੜੀ ਮਾਂ' ਵਿੱਚ ਨੂਰਜਹਾਂ ਨਾਲ ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ ਨੇ ਵੀ ਬਤੌਰ ਬਾਲ ਅਦਾਕਾਰਾ ਕੰਮ ਕੀਤਾ।ਲਤਾ ਮੰਗੇਸ਼ਕਰ ਨੂਰਜਹਾਂ ਨੂੰ ਆਪਣਾ ਆਦਰਸ਼ ਮੰਨਦੀ ਸੀ।ਇਸ ਸਾਲ ਮੌਸੀਕਾਰ ਸ਼ਿਆਮ ਸੁੰਦਰ ਦੇ ਸੰਗੀਤ ਵਿੱਚ ਫ਼ਿਲਮ 'ਵਿਲੇਜ਼ ਗਰਲ ਉਰਫ਼ ਗਾਂਵ ਕੀ ਗੋਰੀ' ਵਿੱਚ ਹਿੱਟ ਗੀਤ ਗਾਏ।[12]

ਮਹਿਬੂਬ ਪ੍ਰੋਡਕਸ਼ਨ, ਬੰਬਈ ਦੀ ਫ਼ਿਲਮ 'ਅਨਮੋਲ ਘੜੀ' (1946) ਹਰ ਲਿਹਾਜ਼ ਨਾਲ ਸਭ ਤੋਂ ਵੱਡੀ ਅਤੇ ਕਾਮਯਾਬ ਫ਼ਿਲਮ ਸੀ, ਜਿਸ ਵਿੱਚ ਸੰਗੀਤਕਾਰ ਨੂੰ ਨੌਸ਼ਾਦ ਅਲੀ ਦੀਆਂ ਦਿਲਕਸ਼ ਧੁਨਾਂ ਵਿੱਚ ਨੂਰਜਹਾਂ ਦੁਆਰਾ ਗਾਏ ਅਤੇ ਉਸ ਤੇ ਫ਼ਿਲਮਾਏ ਪੰਜ ਗੀਤ ਲਾਜਵਾਬ ਸਾਬਿਤ ਹੋਏ ਸਨ।ਇਸੇ ਸਾਲ ਇਨ੍ਹਾਂ ਨੇ ਫ਼ਿਲਮ 'ਦਿਲ' ਅਤੇ 'ਹਮਜੋਲੀ' ਵਿੱਚ ਵੀ ਕੰਮ ਕੀਤਾ। ਨੂਰਜਹਾਂ ਦੁਆਰਾ ਗਾਏ ਅਤੇ ਇਨ੍ਹਾਂ ਉੱਤੇ ਫ਼ਿਲਮਾਏ 6 ਗੀਤ ਲਾਜਵਾਬ ਗੀਤ ਸਾਬਤ ਹੋਏ ਸਨ।ਇਸ ਫ਼ਿਲਮ ਦੇ ਹੀਰੋ ਅਤੇ ਗਾਇਕ ਸੁਰਿੰਦਰ ਨਾਥ ਨਾਲ ਗਾਇਆ ਨੂਰਜਹਾਂ ਦਾ ਦੋਗਾਣਾ 'ਆਵਾਜ਼ ਦੇ ਕਹਾ ਹੈ ਦੁਨੀਆਂ ਮੇਰੀ ਜਵਾਂ ਹੈ' ਅਮਰ ਗੀਤ ਦਾ ਦਰਜਾ ਰੱਖਦਾ ਹੈ।"1947 ਵਿੱਚ ਨੂਰਜਹਾਂ ਨੇ 'ਆਬਿਦਾ','ਜੁਗਨੂੰ' ਅਤੇ 'ਮਿਰਜ਼ਾ ਸਾਹਿਬਾ' ਤਿੰਨ ਫ਼ਿਲਮਾਂ ਵਿੱਚ ਕੰਮ ਕੀਤਾ।ਇਹਨਾਂ ਫ਼ਿਲਮਾਂ ਵਿਚੋਂ ਫ਼ਿਲਮ 'ਆਬਿਦਾ' ਦੇ ਗੀਤ ਜਿਆਦਾ ਪ੍ਰਸਿੱਧ ਨਹੀਂ ਹੋਏ ਪਰ ਫ਼ਿਲਮ,'ਜੁਗਨੂੰ' ਅਤੇ 'ਮਿਰਜ਼ਾ ਸਾਹਿਬਾ' ਦਾ ਸੰਗੀਤ ਬਹੁਤ ਹਿੱਟ ਹੋਇਆ।ਫ਼ਿਲਮ ਜੁਗਨੂੰ ਹਿੰਦੁਸਤਾਨ ਵਿੱਚ ਨੂਰਜਹਾਂ ਦੀ ਆਖ਼ਰੀ ਵੱਡੀ ਫ਼ਿਲਮ ਸੀ, ਜਿਸ ਵਿੱਚ ਇਹਨਾਂ ਨੇ ਪਹਿਲੀ ਅਤੇ ਆਖ਼ਰੀ ਵਾਰ ਗਾਇਕ ਮੁਹੰਮਦ ਰਫੀ ਦੇ ਨਾਲ ਦੋਗਾਣਾ 'ਯਹਾਂ ਬਦਲਾ ਵਫਾ ਕਾ ਬੇਵਫ਼ਾਈ ਕੇ ਸਿਵਾ ਕਿਆ ਹੈ' ਗੀਤ ਗਾਇਆ ਅਤੇ ਜਿਸ ਦਾ ਸੰਗੀਤ ਫ਼ਿਰੋਜ਼ ਨਿਜ਼ਾਮੀ ਨੇ ਬਣਾਇਆ ਸੀ।ਇਸ ਫ਼ਿਲਮ ਨਾਲ ਅਦਾਕਾਰ ਦਲੀਪ ਕੁਮਾਰ ਨੂੰ ਪਹਿਲੀ ਵਾਰ ਬਰੇਕ ਮਿਲੀ ਸੀ।ਨੂਰਜਹਾਂ ਦੁਆਰਾ ਗਾਏ 'ਕਿਆ ਯਹੀ ਤੇਰਾ ਪਿਆਰ ਥਾ' 'ਆਜਾ ਤੁਝੇ ਅਫ਼ਸਾਨਾ ਜੁਦਾਈ ਕਾ ਸੁਨਾਏ' ਤੋਂ ਇਲਾਵਾ ਜੀ.ਐਮ ਦੁਰਾਨੀ ਨਾਲ ਗਾਇਆ ਪ੍ਰੇਮ ਗੀਤ 'ਹਾਥ ਸੀਨੇ ਪੇ ਜੋ ਰੱਖ ਦੋ ਤੋਂ ਕਰਾਰ ਆ ਜਾਏ' ਨੇ ਬੇਹੱਦ ਪ੍ਰਸਿੱਧੀ ਪ੍ਰਾਪਤ ਕੀਤੀ।[13]

### 1947 ਤੋਂ ਬਾਅਦ ਦਾ ਫ਼ਿਲਮੀ ਸਫ਼ਰ

1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਨੂਰਜਹਾਂ ਆਪਣੇ ਪਤੀ ਸਈਅਦ ਸ਼ੋਕਤ ਹੁਸੈਨ ਰਿਜ਼ਵੀ ਅਤੇ ਬੱਚਿਆਂ ਨਾਲ ਬੰਬਈ ਛੱਡ ਪਾਕਿਸਤਾਨ ਚਲੀ ਗਈ।"1949 ਵਿੱਚ ਉਸਨੇ ਲਾਹੌਰ ਵਿੱਚ ਰੂਪ ਕਿਸ਼ੋਰ ਸ਼ੋਰੀ ਦਾ ਤਬਾਹ ਹੋਇਆ 'ਸ਼ੋਰੀ ਸਟੂਡੀਓ' ਖ਼ਰੀਦਿਆ ਜੋ ਬਾਅਦ ਵਿੱਚ ਸ਼ਾਹਨੂਰ (ਸ਼ੌਕਤ ਦੇ ਲਈ 'ਸ਼ਾਹ ਅਤੇ ਨੂਰਜਹਾਂ ਲਈ ਨੂਰ) ਸਟੂਡੀਓ ਵਿਚ ਤਬਦੀਲ ਹੋਇਆ।[14]

ਸ਼ਾਹਨੂਰ ਬੈਨਰ ਥੱਲੇ ਨੂਰਜਹਾਂ ਦੀ ਬਤੌਰ ਡਇਰੈਕਟਰ, ਅਦਾਕਾਰਾ ਅਤੇ ਗਾਇਕਾ ਵਜੋਂ ਪਹਿਲੀ ਹਿੱਟ ਪੰਜਾਬੀ ਫ਼ਿਲਮ 'ਚੰਨ ਵੇਂ (1951) ਸੀ, ਜਿਸ ਵਿਚ ਹੀਰੋ ਦਾ ਰੋਲ ਸੰਤੋਸ਼ ਕੁਮਾਰ ਨੇ ਨਿਭਾਇਆ। ਫ਼ਿਰੋਜ਼ਦੀਨ ਸ਼ਰਫ਼ ਦੇ ਲਿਖੇ ਅਤੇ ਸੰਗੀਤਕਾਰ ਫ਼ਿਰੋਜ਼ ਨਿਜ਼ਾਮੀ ਦੇ ਤਰਤੀਬ ਕੀਤੇ ਸਾਰੇ ਗੀਤਾਂ ਵਿੱਚੋਂ ਨੂਰਜਹਾਂ ਦਾ ਗਾਇਆ 'ਤੇਰੇ ਮੁੱਖੜੇ ਦਾ ਕਾਲਾ ਕਾਲਾ ਤਿਲ ਵੇਂ ' ਬਹੁਤ ਹਿੱਟ ਹੋਇਆ।[15]

ਇਸ ਤੋਂ ਬਾਅਦ ਪਾਕਿਸਤਾਨ ਵਿੱਚ ਫ਼ਿਲਮਾਂ ਦੇ ਆਪਣੇ ਪਹਿਲੇ ਦੌਰ 1951 ਤੋਂ 1960 ਤੱਕ ਨੂਰਜਹਾਂ ਨੇ 15 ਫ਼ਿਲਮਾਂ (10 ਉਰਦੂ ਅਤੇ 5 ਪੰਜਾਬੀ ਫ਼ਿਲਮਾਂ) ਵਿੱਚ ਕੰਮ ਕੀਤਾ, ਉੱਥੇ ਇਨ੍ਹਾਂ ਫ਼ਿਲਮਾਂ ਦੇ ਗੀਤ ਵੀ ਆਪ ਹੀ ਗਾਏ। ਜਿਨ੍ਹਾਂ ਵਿਚੋਂ ਫ਼ਿਲਮ 'ਦੁਪੱਟਾ', 'ਗੁਲਨਾਰ', 'ਲਖ਼ਤੇ-ਜਿਗਰ', 'ਅਨਾਰਕਲੀ', 'ਗ਼ਾਲਿਬ', 'ਕੋਇਲ', 'ਇੰਤਜ਼ਾਰ' ਆਦਿ ਉਰਦੂ ਦੀਆਂ ਸਫ਼ਲ ਫ਼ਿਲਮਾਂ ਤੋਂ ਇਲਾਵਾ ਪੰਜਾਬੀ 'ਪਾਟੇ ਖਾਂ', 'ਨੂਰਾਂ', 'ਛੂ-ਮੰਤਰ' ਅਤੇ 'ਪਰਦੇਸਣ' ਯਾਦਗਾਰੀ ਫ਼ਿਲਮਾਂ ਸਨ।[16]

ਨੂਰਜਹਾਂ ਨੂੰ ਫ਼ਿਲਮ ਇੰਤਜ਼ਾਰ (1956) ਅਤੇ ਕੋਇਲ (1959) ਲਈ ਬਿਹਤਰੀਨ ਅਦਾਕਾਰਾ ਅਤੇ ਗਾਇਕਾ ਦਾ ਐਵਾਰਡ ਮਿਲਿਆ। ਨੂਰਜਹਾਂ ਨੂੰ 'ਮਲਿਕਾ-ਏ-ਤਰੰਨੁਮ, 'ਤਗਮਾ-ਏ-ਇਮਤਿਆਜ਼ ਅਤੇ 'ਪਰਾਈਡ ਆਫ਼ ਪਰਫਾਰਮੈਂਸ' ਆਦਿ ਵਰਗੇ ਕਈ ਸਰਕਾਰੀ ਅਤੇ ਗੈਰ-ਸਰਕਾਰੀ ਐਵਾਰਡਾਂ ਨਾਲ ਵੀ ਨਿਵਾਜਿਆ ਗਿਆ। "ਬਤੌਰ ਅਦਾਕਾਰਾ ਅਤੇ ਗੁਲੂਕਾਰਾ (ਗਾਇਕਾ) ਨੂਰਜਹਾਂ ਦੀਆਂ ਆਖ਼ਰੀ ਫ਼ਿਲਮਾਂ ਗ਼ਾਲਿਬ (1961) ਅਤੇ ਬਾਜੀ (1963) ਸੀ, ਜਿਸ ਵਿੱਚ ਇਨ੍ਹਾਂ ਨੇ ਮਹਿਮਾਨ ਅਦਾਕਾਰਾ ਵਜੋਂ ਭੂਮਿਕਾ ਨਿਭਾਈ।[17]

1961 ਤੋਂ 2000 ਤੱਕ ਨੂਰਜਹਾਂ ਨੇ ਪੰਜਾਬੀ ਤੇ ਉਰਦੂ ਫ਼ਿਲਮਾਂ ਵਿੱਚ ਬਤੌਰ ਪਿੱਠਵਰਤੀ ਗਲੂਕਾਰਾ ਵਜੋਂ ਕੰਮ ਕੀਤਾ। ਇਨ੍ਹਾਂ ਦਾ ਪ੍ਰਸਿੱਧ ਗੀਤ ਪੰਜਾਬੀ ਫ਼ਿਲਮ 'ਸਖੀ ਬਾਦਸ਼ਾਹ'(1996) ਦਾ 'ਕੀ ਦਮ ਦਾ ਭਰੋਸਾ ਯਾਰ ਦਮ ਆਵੇ' ਸੀ। ਜਿਸਦੀ ਧੁਨ ਸੰਗੀਤਕਾਰ ਤਾਫ਼ੂ ਨੇ ਬਣਾਈ ਅਤੇ ਜੋ ਖ਼ੂਬਸੂਰਤ ਅਦਾਕਾਰ ਸਾਇਮਾ 'ਤੇ ਫ਼ਿਲਮਾਇਆ ਗਿਆ ਸੀ। ਪਾਕਿਸਤਾਨ ਦੇ ਪ੍ਰਸਿੱਧ ਇਤਿਹਾਸਕਾਰ ਇਕਬਾਲ ਕੇਸਰ ਦੇ ਅਨੁਸਾਰ, "ਇਨ੍ਹਾਂ ਦੀ ਪਿੱਠਵਰਤੀ ਗਾਇਕਾ ਵਜੋਂ ਆਖ਼ਰੀ ਪੰਜਾਬੀ ਫ਼ਿਲਮ 'ਗੱਭਰੂ ਪੰਜਾਬ ਦਾ' ਸੀ। ਇਨ੍ਹਾਂ ਨੇ ਕੁੱਲ 1023 ਪਾਕਿਸਤਾਨੀ ਪੰਜਾਬੀ ਫ਼ਿਲਮਾਂ ਵਿੱਚ 3986 ਗੀਤ ਗਾਏ।[18]

ਨੂਰਜਹਾਂ ਦੀ ਗਾਇਕੀ ਦਾ ਸਫ਼ਰ ਬਹਤ ਹੀ ਚੜ੍ਹਤ ਵਾਲਾ ਸੀ। ਇਨ੍ਹਾਂ ਨੇ ਪੰਜਾਬੀ ਅਤੇ ਉਰਦੂ ਫ਼ਿਲਮਾਂ ਵਿੱਚ ਲਗਭਗ 7000 ਗੀਤ ਗਾ ਕੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਨਿੱਕੀ ਉਮਰ ਤੋਂ ਲੈ ਕੇ 74 ਵਰ੍ਹਿਆਂ ਦੀ ਉਮਰ ਤੱਕ ਗਾਇਕੀ ਦਾ ਕੋਈ ਵੀ ਅੰਗ ਅਜਿਹਾ ਨਹੀਂ ਜੋ ਨੂਰਜਹਾਂ ਦੀ ਗਾਇਕੀ ਨਾਲ ਨਾ ਸਜਿਆ ਹੋਵੇ, ਕੋਈ ਵੀ ਐਸਾ ਰਾਗ ਨਹੀਂ ਹੈ ਜਿਸ ਦੀਆਂ ਸੁਰਾਂ ਨੂੰ ਨੂਰਜਹਾਂ ਦੀ ਗਾਇਕੀ ਨੇ ਨਾ ਛੋਹਿਆ ਹੋਵੇ। ਥੀਏਟਰਾਂ ਤੋਂ ਲੈ ਕੇ ਸਟੇਜਾਂ, ਫ਼ਿਲਮੀ ਸਟੂਡੀਓ, ਰੇਡੀਉ ਸਟੇਸ਼ਨ, ਟੈਲੀਵਿਜ਼ਨ ਸੈਂਟਰ, ਰਾਸ਼ਟਰੀ ਭਵਨ ਆਦਿ ਹਰ ਥਾਵਾਂ 'ਤੇ ਨੂਰਜਹਾਂ ਨੇ ਆਪਣੀ ਗਾਇਕੀ ਰਾਹੀਂ ਆਪਣਾ ਵਿੱਲਖਣ ਪ੍ਰਭਾਵ ਸਿਰਜਿਆ। ਇਨ੍ਹਾਂ ਨੂੰ ਦੁਨੀਆਂ ਵਿੱਚ ਰਹਿੰਦੇ ਹੀ ਬਹੁਤ ਸਾਰੇ ਐਵਾਰਡਾਂ ਤੋਂ ਇਲਾਵਾ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਵੀ ਮਿਲਿਆ। ਇਨ੍ਹਾਂ ਨੇ ਸਾਝੇਂ ਪੰਜਾਬ ਵਿੱਚ ਆਪਣੀ ਗਾਇਕੀ ਰਾਹੀਂ ਇੱਕ ਪੂਰੇ ਦੌਰ ਦੀ ਤਰਜ਼ਮਾਨੀ ਕੀਤੀ। ਪੰਜਾਬੀ ਸੰਗੀਤ ਪ੍ਰੇਮੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਨੂਰਜਹਾਂ ਨੇ ਪੰਜਾਬੀ ਫ਼ਿਲਮਾਂ ਵਿੱਚ ਸਭ ਤੋਂ ਵੱਧ ਪਿੱਠਵਰਤੀ ਗਾਇਕਾ ਵਜੋਂ ਗੀਤ ਗਾ ਕੇ ਯੋਗਦਾਨ ਪਾਇਆ। ਸਾਝੇਂ ਪੰਜਾਬ ਦੀ ਨਾਮਵਰ ਗਾਇਕਾ ਅਤੇ ਅਦਾਕਾਰਾ ਜਿਸ ਨੇ ਵਿਸ਼ਵ ਭਰ ਵਿੱਚ ਆਪਣੀ ਗਾਇਕੀ ਰਾਹੀਂ ਇੱਕ ਸੰਗੀਤਕ ਇਤਿਹਾਸ ਸਿਰਜਦਿਆਂ ਹੋਇਆ 23 ਦਸੰਬਰ 2000 ਨੂੰ 74 ਵਰ੍ਹਿਆਂ ਦੀ ਉਮਰੇ (ਰਮਜਾਨ ਦੇ ਮੁਬਾਰਕ ਮਹੀਨੇ ਦੀ 27 ਵੀਂ ਰਾਤ) ਕਰਾਚੀ ਪਾਕਿਸਤਾਨ ਵਿਖੇ ਇਸ ਕਲਾ ਦੀ ਦੁਨੀਆਂ ਤੋਂ ਹਮੇਸ਼ਾ ਲਈ ਰੁਖ਼ਸਤ ਹੋ ਗਈ। ਭਾਵੇਂ ਨੂਰਜਹਾਂ ਸਾਡੇ ਤੋਂ ਸਰੀਰਕ ਤੌਰ 'ਤੇ ਅਲੱਗ ਹੋ

ਗਈ ਪਰ ਦੁਨੀਆਂ ਵਿੱਚ ਜਦੋਂ ਤੱਕ ਪੰਜਾਬੀ ਗੀਤ ਗੂੰਜਦੇ ਰਹਿਣਗੇ ਨੂਰਜਹਾਂ ਦੇ ਫ਼ਨ ਨੂੰ ਸਲਾਮੀ ਦਿੰਦੇ ਰਹਿਣਗੇ ਜਿੱਥੇ ਕਿਤੇ ਵੀ ਸੰਗੀਤਕ ਮਹਿਫ਼ਲ ਲੱਗੇਗੀ ਨੂਰਜਹਾਂ ਦੀ ਗਾਇਕੀ ਦੇ ਦੀਵੇ ਹਮੇਸ਼ਾ ਬਲਦੇ ਰਹਿਣਗੇ।ਪੰਜਾਬ ਦੇ ਵਗਦੇ ਦਰਿਆਵਾਂ ਦੀਆਂ ਲਹਿਰਾਂ ਨੂਰਜਹਾਂ ਦੀ ਗਾਇਕੀ ਦਾ ਇੱਕਤਾਰਾ ਵਜਾਉਂਦੀਆਂ ਰਹਿਣਗੀਆਂ।

## ਹਵਾਲੇ ਅਤੇ ਟਿੱਪਣੀਆਂ


1) ਸਾਬਾਜ਼ ਅਲੀ, ਸੁਰ ਸੰਸਾਰ, ਪੰਨਾ-20
2) ਤੁਫ਼ੈਲ ਅਖ਼ਤਰ, ਨੂਰਜਹਾਂ ਕੀ ਜ਼ਿੰਦਗੀ, ਪੰਨਾ-75
3) ਮਨਦੀਪ ਸਿੰਘ ਸਿੱਧੂ(ਪੰਜਾਬੀ ਫ਼ਿਲਮ ਇਤਿਹਾਸਕਾਰ), ਨਿੱਜੀ ਮੁਲਾਕਾਤ, 3-12-2022
4) ਸੱਜਾਦ ਅਹਿਮਦ ਸੱਜਾਦ, ਕਲਮ ਔਰ ਸੰਗੀਤ ਕੀ ਦੁਨੀਆਂ, ਪੰਨਾ-33
5) ਮਨਦੀਪ ਸਿੰਘ ਸਿੱਧੂ, ਪੰਜਾਬੀ ਸਿਨੇਮਾ ਦਾ ਸਚਿੱਤਰ ਇਤਿਹਾਸ, ਪੰਨਾ-5
6) ਪਰਵੇਜ਼ ਰਾਹੀ, ਫ਼ਿਲਮੀ ਲੋਕ ਦਾਸਤਾਨੇ, ਪੰਨਾ-36
7) ਫ਼ੈਆਜ਼ ਅਹਿਮਦ ਅਸ਼ਰ, ਉਰਦੂ ਫ਼ਿਲਮੀ ਸਫ਼ਰ, ਪੰਨਾ-66
8) ਉਹੀ , ਪੰਨਾ-67
9) ਵੱਕਾਰ ਡੋਗਰ, ਮੌਸੀਕੀ ਕੀ ਮੱਲਿਕਾ, ਪੰਨਾ-55
10) ਯਾਸ਼ੀਨ ਗੁਰੇਜ਼ਾ, ਨੂਰਜਹਾਂ ਫ਼ਨ ਕੇ ਆਇਨੇ ਮੇ, ਪੰਨਾ-45
11) ਉਹੀ , ਪੰਨਾ-46
12) ਖ਼ਾਲਿਦ ਹੁਸੈਨ,ਮੁਕਾਬਿਲ–ਹੋ–ਆਇਨਾ, ਪੰਨਾ-25
13) ਫ਼ੈਆਜ਼ ਅਹਿਮਦ ਅਸ਼ਰ, ਉਰਦੂ ਫ਼ਿਲਮੀ ਸਫ਼ਰ, ਪੰਨਾ-84
14) ਸਆਦਤ ਹਸਨ ਮੰਟੋ, ਨੂਰਜਹਾਂ ਸਰੂਰ ਜਹਾਂ, ਪੰਨਾ-42
15) ਇਕਬਾਲ ਮਾਹਲ,ਸੁਰਾਂ ਦੇ ਸੁਦਾਗਰ, ਪੰਨਾ-81
16) ਮੋਹਸੀਨ ਰਜਾਂ (ਨੂਰਜਹਾਂ ਨਾਲ ਕੰਮ ਕਰਨ ਵਾਲੇ ਪਾਕਿਸਤਾਨੀ ਸੰਗੀਤਕਾਰ), ਨਿੱਜੀ ਮੁਲਾਕਾਤ, 27-12-2017
17) ਅਮਜਦ ਜਫ਼ਰ ਅਲੀ (ਪਾਕਿਸਤਾਨੀ ਇਤਿਹਾਸਕਾਰ ਅਤੇ ਲੇਖਕ, ਕਸੂਰ), ਫ਼ੋਨ ਵਾਰਤਾਲਾਪ, 12-3-2022
18) ਇਕਬਾਲ ਕੈਸਰ, ਫ਼ੋਨ ਵਾਰਤਾਲਾਪ, 20-10-2022

# 'ਤੁਮ ਕਿਉਂ ਉਦਾਸ ਹੋ' ਕਹਾਣੀ-ਸੰਗ੍ਰਹਿ ਵਿੱਚ ਸਮਾਜਿਕ ਯਥਾਰਥ

**ਡਾ. ਗੁਰਪ੍ਰੀਤ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ,
ਸ੍ਰੀ ਅਨੰਦਪੁਰ ਸਾਹਿਬ।

## ਅਮੂਰਤ

'ਤੁਮ ਕਿਉਂ ਉਦਾਸ ਹੋ' ਕਹਾਣੀ-ਸੰਗ੍ਰਹਿ ਵਿੱਚ ਕੁਲਬੀਰ ਬਡੇਸਰੋਂ ਨੇ ਮਨੁੱਖੀ ਮਨ ਦੀਆਂ ਭਾਵਨਾਵਾਂ, ਸੱਧਰਾਂ ਅਤੇ ਇੱਛਾਵਾਂ ਨੂੰ ਬਾਖ਼ੂਬੀ ਰੂਪਮਾਨ ਕੀਤਾ ਹੈ।ਉਸਨੇ ਮਜ਼ਦੂਰ ਵਰਗ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੇ ਹੋਏ ਉਹਨਾਂ ਨਾਲ ਇਨਸਾਨੀਅਤ ਨਾਲ ਪੇਸ਼ ਆਉਣ ਦਾ ਸੰਦੇਸ਼ ਦਿੱਤਾ ਹੈ।ਕਹਾਣੀਕਾਰਾਂ ਨੇ ਜਿੱਥੇ ਗਰੀਬ ਮਜ਼ਦੂਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਉੱਥੇ ਹੀ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਈ ਹੈ ਕਿ ਉਨ੍ਹਾਂ ਨੂੰ ਵੀ ਸਾਫ਼-ਸੁਥਰੀ ਜਗ੍ਹਾ ਉੱਤੇ ਰਹਿਣ ਦਾ ਉਨਾ ਹੱਕ ਹੈ ਜਿੰਨਾ ਕਿ ਅਮੀਰ ਲੋਕਾਂ ਨੂੰ, ਉਨ੍ਹਾਂ ਦੇ ਵੀ ਮਨ ਦੇ ਅਰਮਾਨ ਹਨ, ਉਹ ਵੀ ਆਪਣਿਆਂ ਨੂੰ ਮਿਲਣਾ ਚਾਹੁੰਦੇ ਹਨ।ਸਾਨੂੰ ਸਾਰਿਆਂ ਦੀਆਂ ਇੱਛਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਪਰਮਾਤਮਾ ਦੀ ਨਜ਼ਰ ਵਿੱਚ ਸਾਰੇ ਇਨਸਾਨ ਬਰਾਬਰ ਹਨ।

**ਕੁੰਜੀ ਸ਼ਬਦ:** ਮਜ਼ਦੂਰ, ਭਾਵਨਾਵਾਂ, ਸੱਧਰਾਂ, ਰਿਸ਼ਤੇ, ਵਾਤਾਵਰਨ, ਟਰਿੱਪ।

ਕੁਲਬੀਰ ਬਡੇਸਰੋਂ ਪ੍ਰਸਿੱਧ ਪੰਜਾਬੀ ਲੇਖਿਕਾ ਹੈ, ਜਿਸਨੇ ਅਭਿਨੈ ਦੇ ਖੇਤਰ ਅਤੇ ਪੰਜਾਬੀ ਸਾਹਿਤ ਖਾਸ ਕਰ ਕਹਾਣੀ ਦੇ ਖੇਤਰ ਵਿੱਚ ਮਹੱਤਵਪੂਰਨ ਮੁਕਾਮ ਹਾਸਲ ਕੀਤਾ ਹੈ।ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ 'ਦਾਇਰੇ' ਨਾਵਲਿਟ, 'ਇਕ ਖਤ ਪਾਪਾ ਦੇ ਨਾਂਅ', 'ਮੈਨੂੰ ਪਿਆਰ ਦਿਓ' ਕਹਾਣੀ ਸੰਗ੍ਰਹਿ ਅਤੇ 'ਹਉਕੇ ਦੀ ਭਟਕਣ' ਕਾਵਿ-ਸੰਗ੍ਰਹਿ ਪਾਉਣ ਤੋਂ ਇਲਾਵਾ ਕੁਝ ਰਚਨਾਵਾਂ ਦਾ ਦੂਜੀਆਂ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਸਾਹਿਤ ਨੂੰ ਅਮੀਰੀ ਬਖਸ਼ੀ।ਉਸ ਦੀਆਂ ਕਹਾਣੀਆਂ ਵਿੱਚ ਜਿੱਥੇ ਮਨੁੱਖੀ ਮਨ ਦੀਆਂ ਸੂਖ਼ਮ ਤੇ ਅੰਤਰੀਵੀਂ ਪਰਤਾਂ ਮੂਰਤੀਮਾਨ ਹੁੰਦੀਆਂ ਹਨ ਉੱਥੇ ਹੀ ਉਹ ਆਪਣੀਆਂ ਕਹਾਣੀਆਂ ਵਿੱਚ ਮਨੁੱਖ ਦੀਆਂ ਸੱਧਰਾਂ ਦਾ ਬਿਰਤਾਂਤ ਬੜੇ ਹੀ ਭਾਵੁਕ ਤੇ ਰੌਚਕ ਢੰਗ ਨਾਲ ਰੂਪਮਾਨ ਕਰਦੀ ਹੈ ਜਿਸ ਨਾਲ ਪਾਠਕ ਦੀ ਰੁਚੀ ਅੱਗੇ ਕੀ ਹੋਇਆ ਜਾਨਣ ਲਈ ਬਣੀ ਰਹਿੰਦੀ ਹੈ।ਉਹ ਸਮਾਜਿਕ ਘਟਨਾਵਾਂ ਨਾਲੋਂ ਮਾਨਸਿਕ ਗੁੰਝਲਾਂ ਦੀਆਂ ਕਹਾਣੀਆਂ ਲਿਖਣ ਵੱਲ ਵਧੇਰੇ ਰੁਚਿਤ ਪ੍ਰਤੀਤ ਹੁੰਦੀ ਹੈ।

ਪੜ੍ਹਨ-ਲਿਖਣ ਦਾ ਮਾਹੌਲ ਉਸ ਨੂੰ ਆਪਣੇ ਘਰ ਵਿੱਚ ਬਚਪਨ ਤੋਂ ਹੀ ਮਿਲਿਆ।ਉਸ ਨੇ ਆਪਣੇ ਕਾਲਜ ਸਮੇਂ ਵਿਚ ਹੀ ਸਾਹਿਤ ਸਿਰਜਣਾ ਸ਼ੁਰੂ ਕਰ ਦਿੱਤੀ ਸੀ ਜਿਸ ਬਾਰੇ ਉਹ 'ਤੁਮ ਕਿਉਂ ਉਦਾਸ ਹੋ?' ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਲਿਖਦੀ ਹੈ:

> ਪੜ੍ਹਨ-ਲਿਖਣ ਵਾਲੇ ਮਾਹੌਲ ਦਾ ਅਸਰ ਮੇਰੇ 'ਤੇ ਪਿਆ। ਇਹ ਅੱਜ ਤੋਂ ਸਾਢੇ ਤਿੰਨ ਦਹਾਕੇ ਪਹਿਲਾਂ ਦੀਆਂ ਗੱਲਾਂ ਹਨ, ਜਦ ਮੈਂ ਕਾਲਿਜ 'ਚ ਪੜ੍ਹਦੀ ਸੀ ਤੇ ਮੈਂ ਲੰਬੀਆਂ-ਲੰਬੀਆਂ ਕਹਾਣੀਆਂ ਲਿਖੀਆਂ ਤੇ ਉਨ੍ਹਾਂ ਨੂੰ ਫਿਰ ਇਕ ਨਾਵਲਿਟ ਦੇ ਰੂਪ 'ਚ ਛਪਵਾਇਆ, ਨਾਂਅ ਸੀ 'ਦਾਇਰੇ'।[1]

ਇਸ ਕਹਾਣੀ ਸੰਗ੍ਰਹਿ 'ਤੁਮ ਕਿਉਂ ਉਦਾਸ ਹੋ' ਵਿੱਚ ਕੁੱਲ 13 ਕਹਾਣੀਆਂ ਸ਼ਾਮਿਲ ਹਨ।ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਤੁਮ ਕਿਉਂ ਉਦਾਸ ਹੋ' ਵਿੱਚ ਲੇਖਿਕਾ ਨੇ ਮਜ਼ਦੂਰਾਂ ਦੇ ਮਾਨਸਿਕ ਦੁੱਖ ਨੂੰ ਪ੍ਰਗਟ ਕੀਤਾ

ਹੈ ਕਿ ਕਿਵੇਂ ਮਜ਼ਦੂਰ ਦਿਨ-ਰਾਤ ਕਈ-ਕਈ ਘੰਟੇ ਗੰਦੀਆਂ ਥਾਵਾਂ 'ਤੇ ਕੰਮ ਕਰਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਰਹਿਣ ਲਈ ਵਧੀਆ ਥਾਂ ਨਹੀਂ ਮਿਲਦੀ ਸਗੋਂ ਇੱਕ-ਇੱਕ ਲਾਈਨ ਵਿੱਚ ਕਈ ਪਤਲੇ-ਪਤਲੇ ਗੱਦੇ ਵਿਛੇ ਹੁੰਦੇ ਹਨ। ਪੰਜਾਹ ਮਜ਼ਦੂਰ ਤਿੰਨ ਕਮਰਿਆਂ ਵਿੱਚ ਬੜੇ ਔਖੇ ਰਹਿੰਦੇ ਹਨ। ਫਿਰ ਵੀ ਉਹ ਆਪਣੇ ਪਰਿਵਾਰ ਨੂੰ ਪਾਲਣ ਲਈ ਤੰਗੀਆਂ-ਤਰੁਸ਼ੀਆਂ ਸਹਿੰਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ। ਲੇਖਿਕਾ ਲਿਖਦੀ ਹੈ :

ਪੌੜ੍ਹੀਆਂ ਦੇ ਨਾਲ-ਨਾਲ ਕਮਰੇ ਵੀ ਬਦਬੂਦਾਰ ਸਨ। ਪੌੜ੍ਹੀਆਂ ਤੋਂ ਅੱਗੇ ਇੱਕ ਲੰਮੀ ਲਾਇਨ ਵਿੱਚ ਟੂਟੀਆਂ ਤੇ ਟਾਇਲਟਾਂ ਬਣੀਆਂ ਹੋਈਆਂ ਸਨ ਤੇ ਬਾਥਰੂਮ ਬਣੇ ਹੋਏ ਸਨ,ਪਰ ਇਹ ਟਾਇਲਟਾਂ ਤੇ ਬਾਥਰੂਮ ਤੇ ਵਾਸ਼ਬੇਸਿਨ ਦਾ ਲੰਬਾ ਨਾਲ਼ਾ ਏਨਾ ਗੰਦਾ ਸੀ,ਏਨਾ ਬਦਬੂਦਾਰ ਸੀ ਕਿ ਕੋਈ ਬਾਹਰੋਂ ਆਵੇ ਤਾਂ ਨੱਕ ਅੱਗੇ ਰੁਮਾਲ ਰੱਖੇ ਬਿਨਾਂ ਉੱਥੇ ਖੜ੍ਹਾ ਨਹੀਂ ਹੋ ਸਕਦਾ ਸੀ। ਪਰ ਇਹ ਮਜ਼ਦੂਰ ਲੋਕ ਬੜੇ ਅਰਾਮ ਨਾਲ ਨੰਗੇ ਪੈਰਾਂ ਨਾਲ ਏਥੇ ਘੁੰਮ ਰਹੇ ਸਨ ਤੇਗਿੱਲੇ ਪੈਰਾਂ ਨਾਲ ਹੀ ਅੱਗੇ ਜਿੱਥੇ ਮਿਠਾਈ ਬਣਾਈ ਜਾਂਦੀ ਸੀ, ਵੱਲ ਚਲੇ ਜਾਂਦੇ ਸਨ।[2]

ਜਿੱਥੇ ਮਜ਼ਦੂਰ ਇੰਨੇ ਗੰਦੇ ਵਾਤਾਵਰਨ ਵਿੱਚ ਰਹਿਣ ਲਈ ਮਜ਼ਬੂਰ ਹੁੰਦੇ ਹਨ ਉਥੇ ਹੀ ਮਾਲਕ ਆਪਣੀ ਅਮੀਰੀ ਦਾ ਰੋਹਬ ਦਿਖਾਉਂਦੇ ਹੋਏ ਆਪਣੇ ਲਈ ਅਲੱਗ ਤੇ ਵਧੀਆ ਸਹੂਲਤਾਂ ਰੱਖਦੇ ਹਨ। ਮਠਿਆਈ ਬਣਾਉਣ ਵਾਲੀ ਫੈਕਟਰੀ ਦਾ ਮਾਲਕ ਕਦੇ ਕਦਾਈਂ ਫੈਕਟਰੀ 'ਚ ਗੇੜੇ ਮਾਰਦਾ ਸੀ ਪਰੰਤੂ ਉਸ ਲਈ ਵਧੀਆ ਟਾਇਲਟ ਤੇ ਬਾਥਰੂਮ ਬਣਿਆ ਹੋਇਆ ਸੀ ਜਿਸ ਨੂੰ ਤਾਲਾ ਲੱਗਾ ਰਹਿੰਦਾ ਸੀ ਜੋ ਕੇ ਮਾਲਿਕ ਦੇ ਆਏ ਤੋਂ ਹੀ ਖੋਲਿਆ ਜਾਂਦਾ ਸੀ। ਫੈਕਟਰੀ ਵਿੱਚ ਮੈਨੇਜਰ ਤੇ ਦੋ ਉਸ ਦੇ ਅਸਿਸਟੈਂਟ ਵੀ ਸਨ ਜੋ ਕਿ ਸਵੇਰੇ ਆ ਕੇ ਘਰ ਵਾਪਸ ਚਲੇ ਜਾਂਦੇ ਸਨ ਪਰੰਤੂ ਇਸ ਫੈਕਟਰੀ ਵਿਚ ਕੰਮ ਕਰਨ ਵਾਲੇ ਸਾਰੇ ਮਜ਼ਦੂਰ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਸੀ, ਉਹ ਯੂ. ਪੀ. ਬਿਹਾਰ ਤੋਂ ਆਏ ਹੋਏ ਸਨ ਅਤੇ ਫੈਕਟਰੀ ਦੇ ਵਿੱਚ ਹੀ ਰਹਿਣ ਲਈ ਮਜ਼ਬੂਰ ਸਨ। ਉਨ੍ਹਾਂ ਨੂੰ ਕਿਸੇ ਤਿਉਹਾਰ 'ਤੇ ਵੀ ਛੁੱਟੀ ਨਹੀਂ ਸੀ ਮਿਲਦੀ ਸਗੋਂ ਇਹੋ ਜਿਹੇ ਵਿਸ਼ੇਸ਼ ਮੌਕਿਆਂ 'ਤੇ ਦਿਨ-ਰਾਤ ਕੰਮ ਕਰਨਾ ਪੈਂਦਾ ਸੀ। ਉਨ੍ਹਾਂ ਦੀ ਤਨਖਾਹ ਵੀ ਬਹੁਤ ਘੱਟ ਸੀ ਤੇ ਸਾਲ ਵਿਚ ਸਿਰਫ਼ ਇੱਕ ਮਹੀਨੇ ਦੀ ਛੁੱਟੀ ਮਿਲਦੀ ਸੀ ਜਿਸਦੇ ਚਾਅ ਵਿੱਚ ਉਹ ਖੁਸ਼ੀ-ਖੁਸ਼ੀ ਕੰਮ ਕਰੀ ਜਾ ਰਹੇ ਸਨ।

ਇਕ ਵਾਰ ਇਕ ਯੂਨਿਟ ਮਜ਼ਦੂਰਾਂ 'ਤੇ ਫ਼ਿਲਮ ਬਣਾਉਣ ਲਈ ਮਠਿਆਈ ਬਨਾਉਣ ਵਾਲੀ ਫੈਕਟਰੀ ਵਿੱਚ ਆਈ ਉਹ ਆਪਣੇ ਨਾਲ ਇੱਕ ਛੋਟੀ ਉਮਰ ਦੀ ਕਲਾਕਾਰ ਲੜਕੀ ਲੈ ਕੇ ਆਏ। ਫ਼ਿਲਮ ਵਿਚ ਮਜ਼ਦੂਰ ਦਾ ਰੋਲ ਅਦਾ ਕਰਨ ਲਈ ਉਨ੍ਹਾਂ ਨੂੰ ਕਿਸੇ ਮਜ਼ਦੂਰ ਦੀ ਲੋੜ ਮਹਿਸੂਸ ਹੋਈ ਹੈ ਫਿਰ ਉਨ੍ਹਾਂ ਫੈਕਟਰੀ ਵਿਚੋਂ ਹੀ ਇਕ ਲੜਕੇ ਨੂੰ ਇਸ ਰੋਲ ਲਈ ਚੁਣਨਾ ਸੀ। ਮੈਨੇਜਰ ਇੱਕ ਤੇਜ਼ ਤਰਾਰ ਲੜਕੇ ਨੂੰ ਲੈਣ ਲਈ ਕਹਿੰਦਾ ਹੈ ਜੋ ਉਸ ਅਨੁਸਾਰ ਸਾਰੇ ਡਾਇਲਾਗ ਆਸਾਨੀ ਨਾਲ ਬੋਲ ਦੇਵੇਗਾ। ਪਰ ਫਿਲਮ ਦੇ ਡਾਇਰੈਕਟਰ ਨੂੰ ਇੱਕ ਹੋਰ ਲੜਕਾ ਪਸੰਦ ਆ ਗਿਆ ਜੋ ਬੜਾ ਸ਼ਰਮਾਕਲ ਜਿਹਾ ਸੀ। ਡਾਇਰੈਕਟਰ ਨੇ ਮੁੰਡੇ ਨੂੰ ਪੁੱਛਿਆ:

"ਤੁਮ ਫ਼ਿਲਮ ਮੇਂ ਕਾਮ ਕਰੋਗੇ? ਬਸ ਦੋ ਚਾਰ ਡਾਇਲਾਗ ਬੋਲਨੇ ਹੈਂ, ਬੋਲੋਗੇ?"[3]

ਲੜਕਾ ਹਾਂ ਕਰ ਦਿੰਦਾ ਹੈ। ਉਸਦੇ ਅੰਦਰ ਆਪਣੇ ਪਿੰਡ ਜਾਣ ਦੀਆਂ ਸੱਧਰਾਂ ਹੁੰਦੀਆਂ ਹਨ ਕਿਉਂਕਿ ਉਸ ਨੂੰ ਆਪਣੇ ਪਿੰਡ ਗਿਆ ਨੂੰ ਬਹੁਤ ਸਮਾਂ ਲੰਘ ਗਿਆ ਸੀ ,ਉਹ ਪਿੰਡ ਜਾ ਕੇ ਆਪਣੀ ਮਾਂ ਨੂੰ ਮਿਲਣਾ ਚਾਹੁੰਦਾ ਸੀ। ਜਦੋਂ ਉਹ ਲੜਕੀ ਡਾਇਲਾਗ ਬੋਲਦੀ ਹੈ ਕਿ "ਤੁਮ ਕਿਉਂ ਉਦਾਸ ਹੋ" ਤਾਂ ਉਸਨੂੰ ਅੰਦਰੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਹ ਲੜਕੀ ਉਸਦੀ ਹਮਦਰਦ ਹੋਵੇ ਤੇ ਉਸਨੂੰ ਉਸਦੇ ਦਰਦ ਦਾ ਅਨੁਭਵ ਹੈ ਤਾਂ ਉਸਦਾ ਮਨ ਭਰ ਆਉਂਦਾ ਹੈ ਤੇ ਉਹ ਕੁਝ ਨਹੀਂ ਬੋਲ ਪਾਉਂਦਾ। ਡਾਇਰੈਕਟਰ ਨੂੰ ਉਸ ਲੜਕੇ ਦੇ ਜ਼ਜ਼ਬਾਤ ਸੱਚੇ

ਲੱਗਦੇ ਹਨ ਤਾਂ ਉਹ ਲੜਕੇ ਵਾਲੇ ਡਾਇਲਾਗ ਵੀ ਲੜਕੀ ਨੂੰ ਹੀ ਬੋਲਣ ਲਈ ਦੇ ਦਿੰਦਾ ਹੈ ਪਰ ਉਸ ਦੀ ਥਾਂ ਕਿਸੇ ਹੋਰ ਮਜ਼ਦੂਰ ਨੂੰ ਇਸ ਰੋਲ ਨੂੰਲੈਣ ਲਈ ਨਹੀਂ ਮੰਨਦਾ।ਅਗਲੇ ਦਿਨ ਲੜਕਾ ਚਾਹੁੰਦਾ ਹੈ ਕਿ ਫਿਰ ਉਸਨੂੰ ਉਹ ਲੜਕੀ ਉਸਦੇ ਦਿਲ ਦਾ ਹਾਲ ਪੁੱਛੇ ਕਿ ਤੁਮ ਕਿਉਂ ਉਦਾਸ ਹੋ ਪਰੰਤੂ ਉਹ ਸੀਨ ਪੂਰਾ ਹੋ ਜਾਂਦਾ ਹੈ ਅਤੇ ਉਹ ਯੂਨਿਟ ਵਾਪਸ ਜਾਣ ਲੱਗਦੀ ਹੈ।ਲੜਕਾ ਉਸ ਲੜਕੀ ਨੂੰ ਆਪ ਬਣਾਇਆ ਪਿਸਤਾ ਦੇਣਾ ਚਾਹੁੰਦਾ ਹੈ ਪਰੰਤੂ ਉਸ ਦੇ ਕਿਰਦਾਰ ਨੂੰ ਗਲਤ ਸਮਝਦੇ ਹੋਏ ਉਸ ਦੀ ਕੁੱਟ ਮਾਰ ਕੀਤੀ ਜਾਂਦੀ ਹੈ।ਸਾਰੇ ਲੜਕੇ ਦੀ ਕੁੱਟਮਾਰ ਦਾ ਤਮਾਸ਼ਾ ਦੇਖਦੇ ਹਨ ਕੋਈ ਉਸਦੇ ਮਨ ਦੀਆਂ ਸੱਧਰਾਂ ਨੂੰ ਨਹੀਂ ਸਮਝਦਾ। ਕਹਾਣੀਕਾਰਾ ਨੇ ਇਸ ਕਹਾਣੀ ਵਿੱਚ ਜਿੱਥੇ ਗਰੀਬ ਮਜ਼ਦੂਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਉੱਥੇ ਹੀ ਉਨ੍ਹਾਂ ਦੇ ਹੱਕ ਵਿੱਚ ਵੋਟ ਪਾਈ ਹੈ ਕਿ ਉਨ੍ਹਾਂ ਨੂੰ ਵੀ ਸਾਫ਼-ਸੁਥਰੀ ਜਗ੍ਹਾ ਉੱਤੇ ਰਹਿਣ ਦਾ ਉਨਾ ਹੱਕ ਹੈ ਜਿੰਨ੍ਹਾ ਕਿ ਅਮੀਰ ਲੋਕਾਂ ਨੂੰ। ਉਨ੍ਹਾਂ ਦੇ ਵੀ ਮਨ ਦੇ ਅਰਮਾਨ ਹਨ ,ਉਹ ਵੀ ਆਪਣਿਆਂ ਨੂੰ ਮਿਲਣਾ ਚਾਹੁੰਦੇ ਹਨ।ਸਾਨੂੰ ਸਾਰਿਆਂ ਦੀਆਂ ਇੱਛਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਪਰਮਾਤਮਾ ਦੀ ਨਜ਼ਰ ਵਿੱਚ ਸਾਰੇ ਇਨਸਾਨ ਬਰਾਬਰ ਹਨ।

'ਸਕੂਲ ਟਰਿੱਪ' ਨਾਮੀ ਕਹਾਣੀ ਵਿੱਚ ਕਹਾਣੀਕਾਰਾਂ ਨੇ ਇਕ ਲੜਕੀ ਦੇ ਸਕੂਲ ਦੇ ਟੂਰ 'ਤੇ ਜਾਣ ਦੀ ਇੱਛਾ ਦੇ ਬਿਰਤਾਂਤ ਨੂੰ ਪੇਸ਼ ਕੀਤਾ ਹੈ।ਲੜਕੀ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਇਸ ਵਾਰ ਉਹ ਸਕੂਲ ਟਰਿੱਪ ਜ਼ਰੂਰ ਜਾਣਾ ਚਾਹੁੰਦੀ ਹੈ ਕਿਉਂਕਿ ਪਿਛਲੀ ਵਾਰ ਵੀ ਉਹ ਆਪਣੇ ਦੋਸਤਾਂ ਨਾਲ ਟੂਰ 'ਤੇ ਨਹੀਂ ਜਾ ਸਕੀ ਸੀ।ਪਰੰਤੂ ਉਸ ਦੀ ਮੰਮੀ ਅੰਜਲੀ ਪੈਸਿਆਂ ਦੀ ਤੰਗੀ ਕਾਰਨ ਉਸ ਨੂੰ ਇਸ ਵਾਰ ਵੀ ਟੂਰ 'ਤੇ ਨਾ ਜਾਣ ਦੇ ਬਹਾਨੇ ਲਾਉਂਦੀ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਟੂਰ ਦਾ ਖਰਚਾ ਚਾਰ ਹਜ਼ਾਰ ਰੁਪਏ ਹੈ।ਬੇਟੀ ਉਸ ਦੇ ਦਿਲ ਦੀ ਜਾਣ ਜਾਂਦੀ ਹੈ ਅਤੇ ਕਹਿੰਦੀ ਹੈ ਕਿ ਉਹ ਖੁਦ ਹੀ ਨਹੀਂ ਜਾਣਾ ਚਾਹੁੰਦੀ ਅਤੇ ਉਹ ਅਗਲੇ ਸਾਲ ਤੇ ਜਾਣ ਲਈ ਪੈਸੇ ਇਕੱਠੇ ਕਰੇਗੀ ਅਤੇ ਆਪਣੇ ਦੋਸਤਾਂ ਨਾਲ ਜਾਵੇਗੀ।ਅੰਜਲੀ ਨੂੰ ਦੁੱਖ ਹੁੰਦਾ ਹੈ ਹਰ ਸਾਲ ਆਪਣੀ ਬੇਟੀ ਨੂੰ ਟੂਰ 'ਤੇ ਨਾ ਜਾਣ ਲਈ ਬਹਾਨੇ ਲਾਉਂਦਿਆ ਪਰ ਨਾਲ ਹੀ ਉਸਨੂੰ ਆਪਣੇ ਆਪ ਤੇ ਮਾਣ ਵੀ ਹੁੰਦਾ ਹੈ ਕਿ ਉਸਨੇ ਆਪਣੀਆਂ ਬੇਟੀਆਂ ਦਾ ਪਾਲਣ ਪੋਸ਼ਣ ਵਧੀਆ ਢੰਗ ਨਾਲ ਕੀਤਾ ਹੈ ਕਿਉਂਕਿ ਉਸ ਦੀਆਂ ਬੇਟੀਆਂ ਹਮੇਸ਼ਾ ਪੜ੍ਹਾਈ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਪਹਿਲੇ ਨੰਬਰ 'ਤੇ ਆਉਂਦੀਆਂ ਸਨ।ਅੰਜਲੀ ਦੇ ਚਾਰ ਭਰਾ ਅਤੇ ਤਿੰਨ ਭੈਣਾਂ ਹੁੰਦੀਆਂ ਹਨ ਜੋ ਕਿ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਸਨ ਅਤੇ ਜਿਨ੍ਹਾਂ ਦੀ ਆਰਥਿਕ ਹਾਲਤ ਬਹੁਤ ਵਧੀਆ ਹੁੰਦੀ ਹੈ ਪਰ ਉਹ ਕਦੇ ਉਸ ਦੀ ਮੱਦਦ ਨਹੀਂ ਕਰਦੇ।ਕਰਮਜੀਤ ਨਾਮੀ ਵਿਅਕਤੀ ਜੋ ਉਸਦੇ ਮਹਿਕਮੇ ਦੇ ਮੁੱਖ ਦਫ਼ਤਰ ਵਿੱਚ ਹੀ ਸੀ, ਭਰਾਵਾਂ ਵਾਂਗ ਉਸਦਾ ਸਾਥ ਦਿੰਦਾ ਸੀ।ਕਰਮਜੀਤ ਬਾਰੇ ਅੰਜਲੀ ਕਹਿੰਦੀ ਹੈ:

> ਦੁਨੀਆਂ ਵਿੱਚ ਇਹੋ ਜਿਹੇ ਇਨਸਾਨ ਵੀ ਹੁੰਦੇ ਹਨ, ਹਮਦਰਦ, ਨਿਰਸੁਆਰਥ, ਜ਼ਿੰਦਾ ਦਿਲ, ਹੌਂਸਲਾ ਦੇਣ ਵਾਲੇ, ਪਾਜ਼ੀਟਿਵ ਗੱਲਾਂ ਕਰਨ ਵਾਲੇ ਤੇ ਜ਼ਿਆਦਾ ਡੂੰਘਾਈ 'ਚ ਨਾ ਜਾਣ ਵਾਲੇ।[4]

ਇਸ ਕਹਾਣੀ ਵਿੱਚ ਕਹਾਣੀਕਾਰਾਂ ਨੇ ਰਿਸ਼ਤਿਆਂ ਦੇ ਸਹੀ ਅਰਥ ਸਮਝਾਏ ਹਨ ਕਿ ਰਿਸ਼ਤੇ ਉਹ ਹੁੰਦੇ ਹਨ ਜੋ ਬਿਨਾਂ ਸਵਾਰਥ ਦੇ ਹਰ ਦੁੱਖ-ਸੁੱਖ ਦੇ ਸਾਥੀ ਹੋਣ ਭਾਵੇਂ ਕਿ ਉਨ੍ਹਾਂ ਨਾਲ ਸਾਡਾ ਖ਼ੂਨ ਦਾ ਰਿਸ਼ਤਾ ਨਾ ਵੀ ਹੋਵੇ।ਕਈ ਵਾਰ ਸਾਡੇ ਭੈਣ-ਭਰਾ ਸਾਡੇ ਲਈ ਉਹ ਨਹੀਂ ਕਰਦੇ ਜੋ ਕੋਈ ਗ਼ੈਰ ਹੁੰਦਿਆਂ ਵੀ ਕਰ ਦਿੰਦਾ ਹੈ।ਉਹੀ ਰੋਲ ਇਸ ਕਹਾਣੀ ਵਿੱਚ ਕਰਮਜੀਤ ਨਿਭਾਉਂਦਾ ਹੈ।ਉਹ ਅੰਜਲੀ ਨੂੰ ਆਪਣੇ ਆਪ ਨੂੰ ਆਪਣਾ ਭਰਾ ਸਮਝਣ ਲਈ ਕਹਿੰਦਾ ਹੈ ਅਤੇ ਅੰਜਲੀ ਦੀਆਂ ਬੇਟੀਆਂ ਨੂੰ ਚੰਗੇ ਨੰਬਰਾਂ ਨਾਲ ਪਾਸ ਹੋਣ 'ਤੇ ਤੋਹਫ਼ੇ ਦੇ ਰੂਪ ਵਿੱਚ ਉਨ੍ਹਾਂ ਲਈ ਕੁਝ ਰੁਪਏ ਭੇਜਦਾ ਹੈ। ਅੰਜਲੀ ਦੀਆਂ ਬੇਟੀਆਂ ਉਸਨੂੰ ਆਪਣਾ ਮਾਮਾ ਕਹਿੰਦੀਆਂ ਹਨ

ਸ਼ਾਇਦ ਜਿਸ ਦੇ ਭੇਜੇ ਰੁਪਇਆਂ ਨੂੰ ਜੋੜ ਕੇ ਉਹ ਆਪਣੇ ਮਨ ਦੀ ਸੱਧਰ ਸਕੂਲ ਟਰਿੱਪ 'ਤੇ ਜਾਣ ਦੀ ਪੂਰੀ ਕਰ ਸਕਦੀਆਂ ਸਨ।

'ਮਾਂ ਨੀ!' ਕਹਾਣੀ ਵਿੱਚ ਵੀ ਕਹਾਣੀਕਾਰ ਨੇ ਇੱਕ ਧੀ ਰਾਹੀਂ ਉਸਦੀ ਮਾਂ ਦੀਆਂ ਇੱਛਾਵਾਂ, ਸੱਧਰਾਂ ਅਤੇ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਬਿਰਤਾਂਤ ਨੂੰ ਮੂਰਤੀਮਾਨ ਕੀਤਾ ਹੈ।ਇੱਕ ਮਾਂ ਜੋ ਆਪਣੀ ਅਤੇ ਆਪਣੀ ਹੋਣ ਵਾਲੀ ਧੀ ਦੀ ਜਾਨ ਬਚਾਉਣ ਲਈ ਆਪਣੇ ਲਾਲਚੀ ਸਹੁਰਿਆਂ ਦੇ ਘਰੋਂ ਭੱਜ ਆਉਂਦੀ ਹੈ।ਉਹ ਆਪਣੀ ਧੀ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰਦੀ ਹੈ।ਉਸਦੀ ਧੀ ਉਸਦੇ ਅਰਮਾਨਾਂ ਨੂੰ ਪੂਰਾ ਕਰਨਾ ਚਾਹੁੰਦੀ ਹੈ।ਉਹ ਆਪਣੀ ਮਾਂ ਨੂੰ ਡਰ ਭਰਿਆ ਜੀਵਨ ਬਤੀਤ ਕਰਦੀ ਨਹੀਂ ਦੇਖਣਾ ਚਾਹੁੰਦੀ ਸਗੋਂ ਚਾਹੁੰਦੀ ਹੈ ਕਿ ਉਸਦੀ ਮਾਂ ਆਪਣੀ ਜ਼ਿੰਦਗੀ ਜੀਅ ਭਰ ਕੇ ਖੁਸ਼ੀ-ਖੁਸ਼ੀ ਜੀਵੇ।ਇਸ ਲਈ ਜਦੋਂ ਉਸਦੇ ਮਾਮਾ ਤੇ ਮਾਸੀ ਉਸਦੇ ਵਿਆਹ ਦੀਆਂ ਗੱਲਾਂ ਕਰਦੇ ਹਨ ਤਾਂ ਉਹ ਕਹਿੰਦੀ ਹੈ ਕਿ ਸਭ ਤੋਂ ਪਹਿਲਾ ਉਸਨੇ ਆਪਣੀ ਮਾਂ ਦਾ ਵਿਆਹ ਕਰਨਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕੁਲਬੀਰ ਬਡੇਸਰੋਂ ਨੇ 'ਤੁਮ ਕਿਉਂ ਉਦਾਸ ਹੋ' ਕਹਾਣੀ ਸੰਗ੍ਰਹਿ ਦੀਆਂ ਲਗਭਗ ਸਾਰੀਆਂ ਕਹਾਣੀਆਂ ਵਿੱਚ ਹੀ ਮਨੁੱਖੀ ਮਨ ਦੀਆਂ ਸੱਧਰਾਂ, ਭਾਵਨਾਵਾਂ ਅਤੇ ਇੱਛਾਵਾਂ ਦੇ ਬਿਰਤਾਂਤ ਨੂੰ ਬਾਖੂਬੀ ਰੂਪਮਾਨ ਕੀਤਾ ਹੈ।ਉਹ ਮਨੁੱਖ ਅੰਦਰ ਦੱਬੇ ਜਜ਼ਬਿਆਂ ਨੂੰ ਨਿਵੇਕਲੇ ਢੰਗ ਨਾਲ ਦ੍ਰਿਸ਼ਟੀਗੋਚਰ ਕਰਦੀ ਹੈ, ਜਿਸ ਨਾਲ ਉਹ ਪਾਠਕਾਂ ਨੂੰ ਚੌਂਕਾਉਣ ਅਤੇ ਆਪਣੀ ਗੱਲ ਕਹਿਣ ਵਿੱਚ ਸਫ਼ਲ ਰਹਿੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1) ਕੁਲਬੀਰ ਬਡੇਸਰੋਂ, ਤੁਮ ਕਿਉਂ ਉਦਾਸ ਹੋ?, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2021, ਪੰਨਾ-10

2) ਉਹੀ, ਪੰਨਾ-15

3) ਉਹੀ, ਪੰਨਾ-19

4) ਉਹੀ, ਪੰਨਾ-31

# ਅਮਰੀਕਾ ਦੀ ਧਰਤੀ ਪ੍ਰਤੀ ਬਲਵੰਤ ਗਾਰਗੀ ਅਤੇ ਡਾ. ਨਰਿੰਦਰ ਸਿੰਘ ਕਪੂਰ ਦਾ ਦ੍ਰਿਸ਼ਟੀਕੋਣ(ਸਫ਼ਰਨਾਮੇ 'ਪਤਾਲ ਦੀ ਧਰਤੀ' ਅਤੇ 'ਸੱਚੋ-ਸੱਚ' ਦੇ ਸੰਦਰਭ ਵਿੱਚ)

**ਡਾ. ਸੁਖਵਿੰਦਰ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਸ੍ਰੀ ਗੁਰ ਤੇਗ਼ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ।

**ਅਮੂਰਤ**

ਬਲਵੰਤ ਗਾਰਗੀ ਅਤੇ ਡਾ. ਨਰਿੰਦਰ ਸਿੰਘ ਕਪੂਰ ਪੰਜਾਬੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰ ਹਨ।ਬਲਵੰਤ ਗਾਰਗੀ ਨਾਟਕ ਅਤੇ ਡਾ. ਨਰਿੰਦਰ ਸਿੰਘ ਕਪੂਰ ਨਿਬੰਧ ਕਲਾ ਵਿੱਚ ਮੁਹਾਰਤ ਰੱਖਦੇ ਹਨ।ਪਰ ਦੋਹਾਂ ਲੇਖਕਾਂ ਨੇ ਵਾਰਤਕ ਸਾਹਿਤ ਦੇ ਰੂਪ ਸਫ਼ਰਨਾਮੇ 'ਤੇ ਵੀ ਆਪਣੀ ਕਲਮ ਅਜ਼ਮਾਈ ਕੀਤੀ।ਦੋਹਾਂ ਨੇ ਇੱਕ ਇੱਕ ਸਫ਼ਰਨਾਮਾ ਹੀ ਲਿਖਿਆ ਹੈ ਅਤੇ ਸੰਜੋਗਵੱਸ ਦੋਹਾਂ ਦੀ ਸਫ਼ਰ ਕਰਨ ਵਾਲੀ ਧਰਤੀ ਵੀ ਇੱਕੋ ਹੀ ਹੈ ਪਰ ਦੋਹਾਂ ਦਾ ਅਮਰੀਕਾ ਦੀ ਧਰਤੀ ਨੂੰ ਦੇਖਣ ਦਾ ਨਜ਼ਰੀਆ ਆਪੋ-ਆਪਣਾ ਹੈ।ਦੋਨੋ ਸਫ਼ਰਨਾਮਿਆਂ ਦਾ ਅਧਿਐਨ ਕਰਨ ਤੇ ਦੋਨੋ ਲੇਖਕਾਂ ਦੀ ਵੱਖੋ-ਵੱਖਰੀ ਕਲਪਨਾ ਸ਼ਕਤੀ ਉੱਭਰ ਕੇ ਸਾਹਮਣੇ ਆਉਂਦੀ ਹੈ।ਜਿੱਥੇ ਬਲਵੰਤ ਗਾਰਗੀ ਨੂੰ ਅਮਰੀਕਾ ਦੇ ਵੱਡੇ-ਵੱਡੇ ਹੋਟਲ, ਸੁੰਦਰ ਪਾਰਕਾਂ,ਚੌੜੀਆਂ ਸੜਕਾਂ,ਟਰੈਫ਼ਿਕ ਸਿਸਟਮ ਅਤੇ ਉੱਚੇ ਅਤੇ ਵੱਡੇ ਪੁਲ ਪ੍ਰਭਾਵਿਤ ਕਰਦੇ ਹਨ ਦੂਜੇ ਪਾਸੇ ਨਰਿੰਦਰ ਸਿੰਘ ਕਪੂਰ ਅਮਰੀਕੀ ਜੀਵਨ ਦੀ ਤਹਿ ਤੱਕ ਪਹੁੰਚਦਿਆਂ ਉੱਥੋਂ ਦੇ ਸਮਾਜਿਕ-ਸਭਿਆਚਾਰਕ ਵਰਤਾਰੇ ਨੂੰ ਪੇਸ਼ ਕਰਦਿਆਂ ਇੱਥੋਂ ਦੇ ਚੰਗੇ ਅਤੇ ਮਾੜੇ ਪ੍ਰਭਾਵਾਂ ਬਾਰੇ ਨਿਸੰਗ ਲਿਖਦਾ ਹੈ।ਸਾਹਿਤ ਦੇ ਇਸ ਖੇਤਰ ਵਿੱਚ ਇਹ ਦੋਵੇਂ ਸਫ਼ਰਨਾਮੇ ਯੋਗ ਸਥਾਨ ਰੱਖਦੇ ਹਨ।ਸਬੰਧਿਤ ਖੋਜ ਪੱਤਰ ਵਿੱਚ ਦੋਨਾਂ ਲੇਖਕਾਂ ਦੇ ਦ੍ਰਿਸ਼ਟੀ ਅੰਤਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਕੁੰਜੀ ਸ਼ਬਦ :** ਸਫਰਨਾਮਾ ਵਿਧਾ, ਲੇਖਕ ਦ੍ਰਿਸ਼ਟੀ, ਅਮਰੀਕਾ ਦੀ ਧਰਤੀ।

ਪੰਜਾਬੀ ਸਾਹਿਤ ਵਿੱਚ ਸਫ਼ਰਨਾਮੇ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ, ਆਧੁਨਿਕ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਆਰੰਭ ਪੰਜਾਬ ਉੱਤੇ ਅੰਗਰੇਜ਼ਾਂ ਦਾ ਰਾਜ ਕਾਇਮ ਹੋਣ ਉਪਰੰਤ, ਨਵੀਂ ਵਿੱਦਿਅਕ ਪ੍ਰਣਾਲੀ ਦੇ ਪ੍ਰਚਲਣ ਦੇ ਸਿੱਟੇ ਵਜੋਂ ਹੋਂਦ ਵਿੱਚ ਆਇਆ।ਭਾਵੇਂ ਬੀਜ ਰੂਪ ਵਿੱਚ ਇਸ ਦੇ ਅੰਸ਼ ਮੱਧਕਾਲੀਨ ਪੰਜਾਬੀ ਵਾਰਤਕ ਜਨਮ-ਸਾਖੀ ਸਾਹਿਤ ਅਤੇ ਕੁੱਝ ਹੋਰ ਧਾਰਮਿਕ ਪੋਥੀਆਂ ਵਿੱਚ ਤਲਾਸ਼ੇ ਜਾ ਸਕਦੇ ਹਨ।"ਵਾਰਤਕ ਸਾਹਿਤਿਕ ਪ੍ਰਗਟਾਅ ਦੇ ਉਨਾਂ ਸਾਰੇ ਰੂਪਾਂ ਨੂੰ ਕਹਾਂਗੇ, ਜਿਹੜੇ ਛੰਦਬੰਦੀ ਦੀ ਕੈਦ ਵਿੱਚ ਨ ਆਉਣ ਤੇ ਸਿੱਧੇ ਬਚਨ ਹੋਣ ਅਰਥਾਤ ਉਹ ਗੱਲਬਾਤ ਜਿਹੜੀ ਦਲੀਲ ਜਾਂ ਤੱਥ ਕਰਕੇ ਸੱਚੀ ਤੇ ਸਾਫ਼ ਹੋਵੇ।"[1] ਸਫ਼ਰਨਾਮਾ ਦੋ ਸ਼ਬਦਾਂ ਦੇ ਮੇਲ 'ਸਫ਼ਰ', ਤੇ 'ਨਾਮਾ' ਤੋਂ ਬਣਿਆ ਹੈ।'ਸਫ਼ਰ' ਸ਼ਬਦ ਅਰਬੀ ਭਾਸ਼ਾ ਦਾ ਹੈ ਅਤੇ ਜਿਸਦਾ ਅਰਥ ਹੈ ਯਾਤਰਾ 'ਨਾਮਾ' ਸ਼ਬਦ ਫ਼ਾਰਸੀ ਦਾ ਹੈ।ਜਿਸ ਦਾ ਅਰਥ ਹੈ ਚਿੱਠੀ, ਪੱਤਰ।" ਜਿਸ ਸਾਹਿਤ ਵਿਧਾ ਵਿਚ ਸਫ਼ਰ ਬਾਰੇ ਵਿਵਰਣ ਦਿੱਤਾ ਗਿਆ ਹੋਵੇ, ਉਸ ਨੂੰ 'ਸਫ਼ਰਨਾਮਾ' ਕਹਿੰਦੇ ਹਨ।ਇਸ ਦਾ ਨਾਮਾਂਤਰ ਯਾਤ੍ਰਾ ਸਾਹਿਤ ਵੀ ਹੈ"।[2] ਇਸ ਤਰਾਂ ਸਾਧਾਰਨ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਫ਼ਰਨਾਮਾ ਕਿਸੇ ਲੇਖਕ ਦਾ ਆਪਣੀ ਯਾਤਰਾ/ਸਫ਼ਰ ਸੰਬੰਧੀ ਲਿਖਿਆ ਚਿੱਠੀ ਪੱਤਰ ਜਾਂ ਕੋਈ ਰਚਨਾ ਹੁੰਦੀ ਹੈ।"ਸਫ਼ਰਨਾਮਾ ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜਿਹੜਾ ਯਾਤਰਾਵਾਂ ਨਾਲ ਸੰਬੰਧਤ ਹੈ।ਉਸ ਵਿੱਚ ਸੰਬੰਧਤ ਦੇਸ਼ ਦੇ ਭੂਗੋਲਕ ਵਾਤਾਵਰਨ

ਤੋਂ ਇਲਾਵਾ ਰੀਤਾਂ ਰਸਮਾਂ, ਹਾਸਿਆਂ, ਖੇਡਾਂ ਸਮਾਜਕ ਮੁੱਲਾਂ, ਰਾਜਨੀਤਿਕ ਅਵਸਥਾ, ਧਾਰਮਿਕ-ਵਿਸ਼ਵਾਸਾਂ, ਜੀਵਨ ਪੱਧਰ ਬਾਰੇ ਗਹਿਰੀ ਤੇ ਇਤਿਹਾਸਕ ਸਭਿਆਚਾਰਕ ਚਰਚਾ ਹੁੰਦੀ ਹੈ।"[3] ਬਲਵੰਤ ਗਾਰਗੀ ਅਤੇ ਡਾ. ਨਰਿੰਦਰ ਸਿੰਘ ਕਪੂਰ ਪੰਜਾਬੀ ਸਾਹਿਤ ਦੇ ਪ੍ਰਤੀਨਿਧ ਹਸਤਾਖ਼ਰ ਹਨ। ਬਲਵੰਤ ਗਾਰਗੀ ਦਾ ਮੁੱਖ ਵਿਸ਼ਾ ਨਾਟਕ ਹੈ ਅਤੇ ਡਾ. ਨਰਿੰਦਰ ਸਿੰਘ ਕਪੂਰ ਨੇ ਨਿਬੰਧ ਸੰਗ੍ਰਿਹਾਂ ਵਿੱਚ ਆਪਣਾ ਯੋਗਦਾਨ ਪਾਇਆ ਹੈ। ਦੋਹਾਂ ਲੇਖਕਾਂ ਨੇ ਵਾਰਤਕ ਸਾਹਿਤ ਦੇ ਰੂਪ ਸਫ਼ਰਨਾਮੇ 'ਤੇ ਵੀ ਆਪਣੀ ਕਲਮ ਅਜ਼ਮਾਈ ਕੀਤੀ। ਦੋਵਾਂ ਨੇ ਆਪਣਾ ਉਪਰੋਕਤ ਇੱਕ ਇੱਕ ਸਫ਼ਰਨਾਮਾ ਹੀ ਲਿਖਿਆ ਹੈ ਅਤੇ ਸੰਜੋਗਵੱਸ ਦੋਵਾਂ ਦੀ ਸਫ਼ਰ ਕਰਨ ਵਾਲੀ ਧਰਤੀ ਵੀ ਇੱਕੋ ਹੀ ਹੈ ਪਰ ਦੋਹਾਂ ਲੇਖਕਾਂ ਦਾ ਉਸ ਪ੍ਰਤੀ ਦ੍ਰਿਸ਼ਟੀਕੋਣ ਆਪੋ-ਆਪਣਾ ਹੈ। 'ਪਤਾਲ ਦੀ ਧਰਤੀ' ਅਤੇ 'ਸੱਚੋਂ ਸੱਚੋ' ਅਮਰੀਕਾ ਦੀ ਧਰਤੀ ਬਾਰੇ ਰਚੇ ਗਏ ਦੋਨੋ ਸਫ਼ਰਨਾਮਿਆਂ ਵਿੱਚ ਲੇਖਕ ਆਪੋ-ਆਪਣੇ ਵਿਚਾਰ ਪੇਸ਼ ਕਰਦੇ ਹਨ ਜਿਨ੍ਹਾਂ ਦਾ ਅਧਿਐਨ ਕਰਨ ਤੇ ਦੋਨੋ ਲੇਖਕਾਂ ਦੀ ਵੱਖੋ-ਵੱਖਰੀ ਕਲਪਨਾ ਸ਼ਕਤੀ ਉੱਭਰ ਕੇ ਸਾਹਮਣੇ ਆਉਂਦੀ ਹੈ।

"ਬਲਵੰਤ ਗਾਰਗੀ ਨੇ ਅਮਰੀਕਾ ਦੀ ਪਹਿਲੀ ਫੇਰੀ 'ਪਤਾਲ ਦੀ ਧਰਤੀ' ਨਾਂ ਦਾ ਸਫ਼ਰਨਾਮਾ ਲਿਖਿਆ, ਜਿਸ ਵਿੱਚ ਨਾਟਕੀ ਤੇ ਕਾਵਿਕ ਰੰਗ ਰਾਹੀਂ ਸੁੰਦਰ ਕਥਾ ਦਾ ਵਰਣਨ ਮਿਲਦਾ ਹੈ। ਉਸ ਨੇ ਸ਼ਹਿਰਾਂ, ਕੁਦਰਤੀ ਨਜ਼ਾਰਿਆਂ ਅਤੇ ਮਹੱਤਵਪੂਰਨ ਥਾਵਾਂ ਦਾ ਪ੍ਰਭਾਵਸ਼ਾਲੀ ਵਰਣਨ ਕੀਤਾ ਹੈ। ਉਹ ਮਨੁੱਖੀ ਪਾਤਰਾਂ ਅਤੇ ਵਿਅਕਤੀਆਂ ਦਾ ਵੀ ਪ੍ਰਭਾਵਸ਼ਾਲੀ ਚਿਤੇਰਾ ਹੈ।"[4] ਜਿਸ ਦਾ ਅੰਦਾਜ਼ਾ ਉਸ ਦੁਆਰਾ ਰਚਿਤ ਵਾਰਤਕ ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਪਤਾਲ ਦੀ ਧਰਤੀ ਬਲਵੰਤ ਗਾਰਗੀ ਦੀ ਉੱਚਤਮ ਰਚਨਾ ਹੈ। ਇੱਕ ਸੁਲਝਿਆ ਹੋਇਆ ਲੇਖਕ ਹੋਣ ਕਰ ਕੇ ਉਸ ਦੀ ਵਾਰਤਕ ਸ਼ੈਲੀ ਪਾਠਕ ਦੇ ਮਨ ਨੂੰ ਟੁੰਬਣ ਵਾਲੀ ਹੈ। "ਇਸ ਰਚਨਾ ਵਿੱਚ ਗਾਰਗੀ ਆਪਣੇ ਚਰਿੱਤਰ, ਜੀਵਨ-ਦ੍ਰਿਸ਼ਟੀ, ਸਾਹਿਤ ਪ੍ਰਤੀ ਨਜ਼ਰੀਏ ਅਤੇ ਵਾਰਤਕ ਸ਼ੈਲੀ ਦਾ ਇੱਕੋ ਵੇਲੇ ਪ੍ਰਮਾਣ ਪੇਸ਼ ਕਰਦਾ ਹੈ।"[5]ਡਾ. ਨਰਿੰਦਰ ਸਿੰਘ ਕਪੂਰ ਨੇ ਆਪਣੇ ਸਫ਼ਰਨਾਮੇ 'ਸੱਚੋ ਸੱਚ' ਵਿੱਚ "ਅਮਰੀਕਾ ਦੀ ਯਾਤਰਾ ਦਾ ਵਰਣਨ ਦਿੱਤਾ ਹੈ। ਉਸ ਨੇ ਅਮਰੀਕੀ ਜੀਵਨ ਦੇ ਆਜ਼ਾਦ ਵਾਤਾਵਰਨ ਅਤੇ ਖ਼ਾਸ ਤੌਰ 'ਤੇ ਅਮਰੀਕੀ ਔਰਤਾਂ ਦੇ ਯੋਗਦਾਨ ਨੂੰ ਸਲਾਹਿਆ ਹੈ। ਉਸ ਦੀ ਸ਼ੈਲੀ ਅਲੰਕਾਰਿਕ ਅਤੇ ਮਨੋਰੰਜਕ ਹੈ।"[6]ਸ਼ਬਦਾਂ ਦੀ ਵਰਤੋਂ ਅਤੇ ਵਾਕ ਬਣਤਰ ਪੱਖੋਂ ਕਾਫ਼ੀ ਚੇਤੰਨ ਹੈ। ਲੇਖਕ ਦੀ "ਸੱਚੋ ਸੱਚ (1990) ਗੌਲਣਯੋਗ ਰਚਨਾ ਹੈ ਜੋ ਅਮਰੀਕਨ ਲੋਕਾਂ ਦੀ ਜੀਵਨ ਜਾਂਚ ਦੇ ਅਣਦਿਸਦੇ ਪਸਾਰਾਂ/ਮਨੋਦ੍ਰਿਸ਼ਾਂ ਨੂੰ ਉੱਥੋਂ ਦੇ ਸਮਾਜ-ਸਭਿਆਚਾਰਕ ਪਰਿਪੇਖ ਵਿੱਚ ਪੇਸ਼ ਕਰਦੀ ਹੈ।"[7]

ਬਲਵੰਤ ਗਾਰਗੀ ਅਮਰੀਕਾ ਦੀ ਇੱਕ ਸੰਸਥਾ 'ਏਸ਼ੀਆ ਫਾਊਂਡੇਸ਼ਨ' ਦੇ ਸੱਦੇ 'ਤੇ ਅਮਰੀਕਾ ਦੀਆਂ ਭਿੰਨ-ਭਿੰਨ ਸਿੱਖਿਆ ਸੰਸਥਾਵਾਂ ਨੂੰ ਭਾਰਤੀ ਰੰਗਮੰਚ ਅਤੇ ਨਾਟਕ ਪਰੰਪਰਾ ਬਾਰੇ ਜਾਣੂ ਕਰਵਾਉਣ ਅਤੇ ਉੱਥੋਂ ਦੇ ਵਿਦਿਆਰਥੀਆਂ ਅਤੇ ਰੰਗਮੰਚ ਨਾਲ ਜੁੜੀਆਂ ਸ਼ਖ਼ਸੀਅਤਾਂ ਦੇ ਰੂਬਰੂ ਹੋਣ ਗਿਆ ਸੀ ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਸ ਦਾ ਉਚੇਚਾ ਉਦੇਸ਼ ਅਮਰੀਕਾ ਨੂੰ ਘੁੰਮਣਾ ਹੀ ਨਹੀਂ ਸੀ ਬਲਕਿ ਭਾਰਤੀ ਨਾਟਕ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਦੂਸਰੇ ਪਾਸੇ ਡਾ. ਨਰਿੰਦਰ ਸਿੰਘ ਕਪੂਰ ਕੇਵਲ ਅਮਰੀਕਾ ਘੁੰਮਣ ਹੀ ਗਿਆ ਸੀ ਪਰ ਉਸ ਨੇ ਉੱਥੋਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬੜੀ ਬਰੀਕੀ ਨਾਲ ਤੱਕਿਆ ਤੇ ਉਘਾੜਿਆ ਹੈ। ਜਿਸ ਤੋਂ ਪਾਠਕਾਂ ਨੂੰ ਵੀ ਬੜੀ ਜ਼ਰੂਰੀ ਅਤੇ ਦਿਲਚਸਪ ਜਾਣਕਾਰੀ ਮਿਲਦੀ ਹੈ।

ਦੋਨੋ ਲੇਖਕਾਂ ਦੀ ਸਫ਼ਰ ਕਰਨ ਦੀ ਧਰਤੀ ਇੱਕੋ ਹੈ ਪਰ ਦ੍ਰਿਸ਼ਟੀ ਦੀ ਭਿੰਨਤਾ ਕਾਰਨ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿੱਚ ਪੇਸ਼ ਸ਼ਹਿਰ ਅਤੇ ਸਥਾਨਾਂ ਦੇ ਆਧਾਰ 'ਤੇ ਵੀ ਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਵੇਂ ਦੋਵੇਂ ਲੇਖਕ ਅਮਰੀਕਾ ਨੂੰ ਇੱਕ ਤੇਜ਼ ਰਫ਼ਤਾਰ ਦੇਸ਼ ਮੰਨਦੇ ਹਨ। ਡਾ.ਕਪੂਰ ਅਨੁਸਾਰ ਅਮਰੀਕਾ "ਕੰਮ ਕੀਤੇ

ਬਿਨਾਂ ਕੋਈ ਵਿਅਕਤੀ ਇੱਕ ਮਹੀਨਾ ਵੀ ਜਿਉਂਦਾ ਨਹੀਂ ਰਹਿ ਸਕਦਾ।ਕੰਮ ਨਾ ਕਰਨ ਦੀ ਸੂਰਤ ਵਿੱਚ ਉਸ ਦਾ ਸਭ ਕੁੱਝ ਵਿਕ ਜਾਵੇਗਾ, ਸਭ ਕੁੱਝ ਖੁੱਸ ਜਾਵੇਗਾ।"[8] ਦੂਜੇ ਪਾਸੇ ਬਲਵੰਤ ਗਾਰਗੀ ਵੀ ਅਮਰੀਕਾ ਨੂੰ ਤੇਜ਼ ਰਫ਼ਤਾਰ ਘੋਸ਼ਿਤ ਕਰਦਾ ਹੋਇਆ ਕਹਿੰਦਾ ਹੈ "ਜੋ ਆਦਮੀ ਇਸ ਰਫ਼ਤਾਰ ਨਾਲ ਕਦਮ ਮਿਲਾ ਕੇ ਨਹੀਂ ਚੱਲ ਸਕਦਾ, ਘੁੰਮਦੀ ਹੋਈ ਖਰਾਦ ਉੱਤੇ ਛਿਲਤਰ ਵਾਂਗ ਉੱਡ ਜਾਂਦਾ ਹੈ।"[9] ਭਾਵ ਅਮਰੀਕਾ ਵਿੱਚ ਵਿਹਲੜ ਅਤੇ ਨਿਕੰਮਿਆ ਦੀ ਕੋਈ ਥਾਂ ਨਹੀਂ ਹੈ।

ਦੋਨੋ ਸਫ਼ਰਨਾਮਿਆਂ ਵਿੱਚ ਇੱਕ ਹੋਰ ਸਾਂਝੀ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਅਮਰੀਕਾ ਭਾਂਤ-ਭਾਂਤ ਦੇ ਲੋਕਾਂ ਦਾ ਦੇਸ਼ ਹੈ।ਅਮਰੀਕਾ"ਸੰਸਾਰ ਦਾ ਸਭ ਤੋਂ ਵਧੀਆ ਚਿੜੀਆ ਘਰ ਹੈ ਜਿੱਥੇ ਹਰ ਕੌਮ, ਹਰ ਨਸਲ, ਹਰ ਬੋਲੀ, ਅਤੇ ਹਰ ਵੰਨਗੀ"[10] ਦੇ ਲੋਕ ਆਏ ਅਤੇ ਇੱਥੋਂ ਦੀ ਸਭਿਅਤਾ ਵਿੱਚ ਘੁਲ ਮਿਲ ਗਏ ਪਰ ਚੀਨੀ ਲੋਕਾਂ ਨੇ ਆਪਣਾ ਵੱਖਰਾ ਸ਼ਹਿਰ ਆਬਾਦ ਕਰ ਲਿਆ ਜਿਸ ਨੂੰ 'ਨਿੱਕਾ ਚੀਨ' ਕਿਹਾ ਜਾਂਦਾ ਹੈ।"ਚੀਨੀਆਂ ਦੇ ਇਸ ਸ਼ਹਿਰ ਵਿੱਚ ਦੋ ਕਾਨੂੰਨ ਹਨ।ਇੱਕ ਅਮਰੀਕਨ ਕਾਨੂੰਨ ਜਿਸ ਦਾ ਫ਼ੈਸਲਾ ਕਚਹਿਰੀਆਂ ਵਿੱਚ ਹੁੰਦਾ ਹੈ: ਦੂਜਾ ਇਨ੍ਹਾਂ ਦਾ ਆਪਣਾ ਭਾਈਚਾਰਕ ਕਾਨੂੰਨ ਜੋ ਅਮਰੀਕਨ ਤੋਂ ਵੀ ਵਧੇਰੇ ਸਖ਼ਤ ਹੈ।ਚੀਨੀ ਲੋਕ ਅਮਰੀਕਨ ਕਾਨੂੰਨ ਦੀ ਇਤਨੀ ਪ੍ਰਵਾਹ ਨਹੀਂ ਕਰਦੇ ਜਿਤਨੀ ਸਭਿਆਚਾਰਕ ਕਾਨੂੰਨ ਦੀ"[11] ਕਰਦੇ ਹਨ।ਇਸ ਸ਼ਹਿਰ ਵਿੱਚ ਉਨ੍ਹਾਂ ਦੇ ਆਪਣੇ ਰੀਤੀ-ਰਿਵਾਜ, ਬੋਲੀ ਅਤੇ ਪਹਿਰਾਵਾ, ਘਰ-ਬਾਰ, ਦਵਾਈਆਂ, ਸਕੂਲ, ਬੈਂਕ, ਡਾਕ ਘਰ, ਅਖ਼ਬਾਰ, ਸਭ ਕੁੱਝ ਅਮਰੀਕਨਾਂ ਤੋਂ ਵੱਖਰਾ ਹੈ।ਚੀਨੀਆਂ ਵਾਂਗ ਕਈ ਹੋਰ ਨਸਲਾਂ ਦੀਆਂ ਵੀ ਆਪਣੀਆਂ ਬਸਤੀਆਂ ਹਨ।ਇਹਨਾਂ ਬਸਤੀਆਂ ਬਾਰੇ ਗਾਰਗੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦਾ ਹੈ ਪਰ ਡਾ. ਕਪੂਰ ਕੇਵਲ ਟੂਕ ਮਾਤਰ ਹੀ ਗੱਲ ਕਰਦੇ ਹਨ।

ਦੋਵੇਂ ਲੇਖਕਾਂ ਦੇ ਅਮਰੀਕਾ ਦੇ ਪੂਰਬ ਰਾਸ਼ਟਰਪਤੀ ਇਬਰਾਹੀਮ ਲਿੰਕਨ ਪ੍ਰਤੀ ਵਿਚਾਰਾਂ ਵਿਚ ਵੀ ਭਿੰਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ।ਗਾਰਗੀ ਅਨੁਸਾਰ ਇਬਰਾਹੀਮ ਲਿੰਕਨ ਗ਼ੁਲਾਮ ਹਬਸ਼ੀਆਂ ਨੂੰ ਆਜ਼ਾਦ ਕਰਵਾਉਣਾ ਚਾਹੁੰਦਾ ਸੀ ਜਿਸ ਕਾਰਨ ਵਿਰੋਧੀ ਪਾਰਟੀ ਦੇ ਹੱਥੋਂ ਉਸ ਦਾ ਕਤਲ ਹੋਇਆ।ਡਾ. ਕਪੂਰ ਨੀਗਰੋ ਲੋਕਾਂ ਬਾਰੇ ਦੱਸਦੇ ਹਨ "ਨੀਗਰੋ ਲੋਕਾਂ ਨੂੰ ਭਾਵੇਂ ਲਿੰਕਨ ਨੇ ਆਜ਼ਾਦ ਕਰਵਾ ਦਿੱਤਾ ਸੀ ਪਰ ਉਨ੍ਹਾਂ ਦੇ ਓਦਰੇ ਮਨ ਅਜੇ ਵੀ ਭਟਕ ਰਹੇ ਹਨ।ਜੋ ਹਾਲ ਸਾਡੇ ਦੇਸ਼ ਵਿੱਚ ਹਰੀਜਨਾਂ ਦਾ ਹੈ ਅਮਰੀਕਾ ਵਿੱਚ ਲਗਭਗ ਉਹੋ ਜਿਹੀ ਸਥਿਤੀ ਨੀਗਰੋ ਲੋਕਾਂ ਦੀ ਹੈ।"[12]ਦੋਵੇਂ ਸਫ਼ਰਨਾਮੇ ਇਬਰਾਹੀਮ ਲਿੰਕਨ ਤੋਂ ਬਿਨਾਂ ਅਮਰੀਕਾ ਦੀ ਰਾਜਨੀਤਿਕ ਸਥਿਤੀ ਬਾਰੇ ਹੋਰ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਅਸਮਰੱਥ ਹਨ।

ਸਭਿਆਚਾਰਕ ਪੱਖ ਤੋਂ ਦੇਖਿਆ ਜਾਵੇ ਤਾਂ ਬਲਵੰਤ ਗਾਰਗੀ ਅਮਰੀਕਾ ਦੇ ਰਹਿਣ-ਸਹਿਣ, ਖਾਣ-ਪੀਣ, ਪਹਿਰਾਵੇ ਅਤੇ ਮਨੋਰੰਜਨ ਦੀ ਗੱਲ ਤਾਂ ਜ਼ਰੂਰ ਕਰਦਾ ਹੈ ਪਰ ਬੜੇ ਸੰਖੇਪ ਰੂਪ ਵਿੱਚ।ਜਦੋਂ ਕਿ ਡਾ. ਕਪੂਰ ਇਨ੍ਹਾਂ ਪੱਖਾਂ ਤੋਂ ਇਲਾਵਾ ਉੱਥੋਂ ਦੇ ਰੀਤੀ-ਰਿਵਾਜ਼ ਅਤੇ ਮਾਨਵੀ ਰਿਸ਼ਤਿਆਂ ਦੀ ਤਹਿ ਤੱਕ ਹੀ ਨਹੀਂ ਜਾਂਦਾ ਸਗੋਂ ਉਸਨੂੰ ਭਾਰਤੀ ਸਭਿਆਚਾਰ ਅਤੇ ਜੀਵਨ ਸ਼ੈਲੀ ਨਾਲ ਵੀ ਤੁਲਨਾਉਂਦਾ ਹੈ।ਉਸਦੇ ਅਨੁਸਾਰ ਭਾਰਤ ਦੇ ਮੁਕਾਬਲੇ ਉੱਥੋਂ ਦੇ ਵਿਆਹੁਤਾ ਸੰਬੰਧ ਬਹੁਤੇ ਹੰਢਣਸਾਰ ਨਹੀਂ ਹਨ।ਬੱਚੇ ਵੱਡੇ ਹੋ ਕੇ ਆਪਣੇ ਮਾਪਿਆਂ ਦੀ ਪ੍ਰਵਾਹ ਨਹੀਂ ਕਰਦੇ ਅਤੇ ਬਜ਼ੁਰਗਾਂ ਦੀ ਹਾਲਤ ਵੀ ਬਹੁਤੀ ਵਧੀਆ ਨਹੀਂ।ਇਸ ਤਰਾਂ ਲੇਖਕ ਨੇ ਅਮਰੀਕਾ ਦੇ ਰਿਸ਼ਤੇ-ਨਾਤੇ ਪ੍ਰਬੰਧ ਵਿੱਚ ਇਖ਼ਲਾਕੀ ਗਿਰਾਵਟ ਦਾ ਦੋਸ਼ ਲਾਇਆ ਹੈ।

ਡਾ.ਕਪੂਰ ਨੂੰ ਅਮਰੀਕਾ ਦੇ ਸਫ਼ਰ ਦੌਰਾਨ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੀ ਗੱਲ, ਉੱਥੋਂ ਦੀਆਂ ਇਸਤਰੀਆਂ ਦਾ ਪੁਰਸ਼ਾਂ ਦੇ ਮੁਕਾਬਲੇ ਹਰ ਖੇਤਰ ਵਿੱਚ ਅੱਗੇ ਹੋਣਾ ਲੱਗੀ ਹੈ।ਉਨ੍ਹਾਂ ਅਨੁਸਾਰ ਅਮਰੀਕਾ

ਦੀਆਂ ਇਸਤਰੀਆਂ "ਰੇਲਗੱਡੀਆਂ, ਬੱਸਾਂ, ਟਰੱਕ, ਟੈਕਸੀਆਂ ਤਾਂ ਚਲਾਉਂਦੀਆਂ ਹੀ ਹਨ ਉਸਨੇ ਨਿਊਯਾਰਕ ਵਿੱਚ ਇੱਕ ਵੀਹ ਮੰਜ਼ਲੀ ਇਮਾਰਤ ਵਿੱਚ ਚੌਂਕੀਦਾਰ ਇੱਕ ਇਸਤਰੀ ਵੇਖੀ।"[13] ਬਲਵੰਤ ਗਾਰਗੀ ਵੀ ਇਸਤਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਹਿੰਦੇ ਹਨ ਕਿ ਉੱਥੋਂ ਦੀਆਂ ਇਸਤਰੀਆਂ ਲਗਾਤਾਰ ਕਈ-ਕਈ ਘੰਟੇ ਗੱਡੀਆਂ ਚਲਾਉਂਦੀਆਂ ਹਨ ਅਤੇ ਬਾਹਰੋਂ ਆਏ ਮਹਿਮਾਨਾਂ ਦੀ ਖ਼ੂਬ ਮਹਿਮਾਨ ਨਿਵਾਜੀ ਕਰਦੀਆਂ ਹਨ ਅਤੇ ਉਨ੍ਹਾਂ ਨਾਲ ਘੁੰਮਣ ਫਿਰਨ ਵਿੱਚ ਕੋਈ ਸ਼ਰਮ ਨਹੀਂ ਕਰਦੀਆਂ, ਸਗੋਂ ਆਪਣੀ ਸਭਿਅਤਾ ਵਿਖਾਉਣ ਵਿੱਚ ਮਾਣ ਮਹਿਸੂਸ ਕਰਦੀਆਂ ਹਨ। ਇਸ ਪ੍ਰਕਾਰ ਦੋਵੇਂ ਲੇਖਕ ਥੋੜੇ-ਬਹੁਤੇ ਵਖਰੇਵੇਂ ਨਾਲ ਉੱਥੋਂ ਦੀ ਇਸਤਰੀ ਨੂੰ ਸਾਹਸੀ, ਮਿਹਨਤੀ, ਆਜ਼ਾਦ ਅਤੇ ਸੁੰਦਰ ਹੋਣਾ ਮੰਨਦੇ ਹਨ।

ਡਾ. ਕਪੂਰ ਅਨੁਸਾਰ "ਅਮਰੀਕਾ ਵਿੱਚ ਖਾਣ-ਪੀਣ ਵੀ ਇੱਕ ਪ੍ਰਕਾਰ ਦਾ ਮਨੋਰੰਜਨ ਹੈ, ਅਮਰੀਕਾ ਦੀ 26 ਕਰੋੜ ਦੀ ਆਬਾਦੀ ਵਿੱਚੋਂ ਤਿੰਨ ਚੌਥਾਈ ਨਾਲੋਂ ਵੀ ਵਧੇਰੇ ਲੋਕ ਆਪਣਾ ਸਾਰਾ ਖਾਣ-ਪੀਣ ਹੋਟਲਾਂ ਵਿੱਚ ਕਰਦੇ ਹਨ।"[14] ਭਾਵੇਂ ਬਲਵੰਤ ਗਾਰਗੀ ਵੀ ਹੋਟਲਾਂ ਦੇ ਵੰਨ-ਸੁਵੰਨੇ ਖਾਣਿਆਂ, ਰਹਿਣ ਸਹਿਣ, ਅਤੇ ਹੋਟਲਾਂ ਦੇ ਸੁਚੱਜੇ ਪ੍ਰਬੰਧਾਂ ਦਾ ਵਿਸਤਾਰਪੂਰਵਕ ਵਰਣਨ ਕਰਦਾ ਹੈ ਪਰ ਉਹ ਵਿਲੱਖਣ ਗੱਲ ਇਹ ਦੱਸਦਾ ਹੈ ਕਿ "ਹੁਣ ਅਮਰੀਕਨ ਟੱਬਰ ਰਸੋਈ ਉੱਤੇ ਜ਼ੋਰ ਦਿੰਦਾ ਹੈ। ਮੈਂ ਕਿਸੇ ਦੋਸਤ ਦੇ ਘਰ ਜਾਂਦਾ ਹਾਂ ਤਾਂ ਉਹ ਮੈਨੂੰ ਸਭ ਤੋਂ ਪਹਿਲਾਂ ਆਪਣਾ ਕਿਚਨ ਦਿਖਾਉਂਦਾ ਹੈ। ਅਮਰੀਕਨ ਔਰਤ ਜੋ ਕਈ ਪੀੜ੍ਹੀਆਂ ਤੋਂ ਡੱਬਿਆਂ ਵਿੱਚ ਬੰਦ ਸਬਜ਼ੀਆਂ ਤੇ ਮੱਛੀਆਂ ਖਾ-ਖਾ ਕੇ ਅੱਕ ਗਈ ਹੈ।"[15] ਉਹ ਆਪਣਾ ਖਾਣਾ ਖ਼ੁਦ ਬਣਾਉਂਦੀ ਹੈ। ਹਰ ਘਰ ਵਿੱਚ ਰਸੋਈ ਸਿੱਖਿਆ ਦੀ ਪੁਸਤਕ ਆਸਾਨੀ ਨਾਲ ਉਪਲਬਧ ਹੋ ਜਾਂਦੀ ਹੈ। ਇਸ ਲਈ ਅਮਰੀਕਾ ਵਿੱਚ ਰਸੋਈ ਸਿੱਖਿਆ ਦੀਆਂ ਪੁਸਤਕਾਂ ਵਧੇਰੇ ਵਿਕਦੀਆਂ ਹਨ।

ਅਮਰੀਕਾ ਦੀ ਮਜ਼ਬੂਤ ਆਰਥਿਕ ਸਥਿਤੀ ਬਾਰੇ ਡਾ. ਕਪੂਰ ਲਿਖਦੇ ਹਨ ਕਿ ਅਮਰੀਕਾ ਦੇ ਕਈ ਵਿਅਕਤੀਆਂ ਦੀ ਨਿੱਜੀ ਜਾਇਦਾਦ ਸਾਡੇ ਕਈ ਸੂਬਿਆਂ ਦੇ ਬਰਾਬਰ ਹੈ। ਅਮਰੀਕਾ ਵਪਾਰਕ ਖੇਤਰ ਵਿੱਚ ਸੰਸਾਰ ਭਰ ਵਿੱਚ ਅੱਗੇ ਹੈ। ਉਸ ਦੀਆਂ ਬਣੀਆਂ ਮਹਿੰਗੀਆਂ ਵਸਤਾਂ ਜਿਵੇਂ ਮਸ਼ੀਨਰੀ, ਲੜਾਕੂ ਜਹਾਜ਼, ਕੰਪਿਊਟਰ ਆਦਿ ਸੰਸਾਰ ਭਰ ਵਿੱਚ ਝਟਪਟ ਵਿਕ ਜਾਂਦੇ ਹਨ। ਜਿਸ ਤੋਂ ਅਮਰੀਕਾ ਵੱਡਾ ਵਪਾਰਕ ਮੁਨਾਫ਼ਾ ਕਮਾਉਂਦਾ ਹੈ। ਬਲਵੰਤ ਗਾਰਗੀ ਅਨੁਸਾਰ "ਨਿਊਯਾਰਕ ਵਿਚ ਕਈ ਘਰ ਇਤਨੇ ਵੱਡੇ ਹਨ ਕਿ ਇਹਨਾਂ ਦੇ ਆਪਣੇ ਹੀ ਡਾਕਖ਼ਾਨੇ, ਦੁਕਾਨਾਂ, ਧੋਬੀਘਾਟ, ਖੇਡਣ ਲਈ ਪਾਰਕ ਆਦਿ ਹਨ।"[16] ਇਨ੍ਹਾਂ ਦੀ ਖੁੱਲ੍ਹੀ-ਡੁੱਲ੍ਹੀ ਰਹਿਣੀ-ਸਹਿਣੀ ਅਮਰੀਕਾ ਦੀ ਸ਼ਕਤੀਸ਼ਾਲੀ ਆਰਥਿਕਤਾ ਦੀ ਪ੍ਰਤੀਕ ਹੈ। ਇਸ ਪ੍ਰਕਾਰ ਦੋਵੇਂ ਲੇਖਕ ਅਮਰੀਕਾ ਦੀ ਸ਼ਕਤੀਸ਼ਾਲੀ ਅਰਥ ਵਿਵਸਥਾ ਪ੍ਰਤੀ ਸਹਿਮਤੀ ਪ੍ਰਗਟਾਉਂਦੇ ਪ੍ਰਤੀਤ ਹੁੰਦੇ ਹਨ। ਵੇਖਣਯੋਗ ਸਥਾਨ ਬਾਰੇ ਦੋਵੇਂ ਲੇਖਕ ਆਪਣੇ-ਆਪਣੇ ਅੱਖੀਂ ਡਿੱਠੇ ਸਥਾਨਾਂ ਦਾ ਵਰਣਨ ਬੜੇ ਹੀ ਰੋਚਕ ਅਤੇ ਭਾਵਪੂਰਤ ਢੰਗ ਨਾਲ ਕਰਦੇ ਹਨ। "ਪਰ ਗਾਰਗੀ ਦੀ ਵਿਸ਼ੇਸਤਾ ਇਹ ਹੈ ਕਿ ਉਸਨੇ ਅਮਰੀਕਾ ਦੇ ਅਣਜਾਣੇ ਤੇ ਦੁਰੇਡੇ ਇਲਾਕਿਆਂ ਨੂੰ ਵੀ ਆਪਣੇ ਵਰਣਨ ਵਿੱਚ ਲਿਆਂਦਾ ਹੈ"[17]ਜਿਵੇਂ ਇੱਥੋਂ ਦਾ ਹਵਾਈ ਟਾਪੂ, ਸਾਨ ਫਰਾਂਸਿਸਕੋ, ਡੈਨਵਰ, ਕੈਲੇਫੋਰਨੀਆ, ਨਿਊਯਾਰਕ, ਆਦਿ। ਸਾਨ ਫਰਾਂਸਿਸਕੋ ਦਾ ਸੁਨਹਿਰੀ ਪੁਲ ਦੁਨੀਆ ਭਰ ਵਿੱਚ ਪ੍ਰਸਿੱਧ ਹੈ ਜਿਸ ਨੂੰ 1917 ਵਿੱਚ ਉੱਦਮੀ ਸਟ੍ਰਾਸ ਨੇ ਬਣਾਉਣ ਦਾ ਬੀੜਾ ਚੁੱਕਿਆ ਸੀ। ਮਈ 1937 ਵਿੱਚ ਇਹ ਪੁਲ ਬਣ ਕੇ ਤਿਆਰ ਹੋਇਆ, ਜਦੋਂ ਇਹ ਪੁਲ ਚਾਲੂ ਹੋਇਆ ਤਾਂ ਸਾਨ ਫਰਾਂਸਿਸਕੋ ਦੇ ਲੋਕਾਂ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਕਈ ਹਫ਼ਤੇ ਖ਼ੁਸ਼ੀ ਨਾਲ ਨੱਚਦੇ ਗਾਉਂਦੇ ਰਹੇ। ਲੇਖਕ ਸਾਨ ਫਰਾਂਸਿਸਕੋ ਘੁੰਮਣ ਤੋਂ ਬਾਅਦ ਇਸ ਸ਼ਹਿਰ ਦੀ ਸਿਫ਼ਤ ਕਰਦਾ ਹੈ ਕਿ ਇਹ ਅਤਿ-ਆਧੁਨਿਕ ਅਤੇ ਤਰਤੀਬੱਧ ਢੰਗ ਨਾਲ ਵਸਿਆ ਹੋਇਆ ਸ਼ਹਿਰ ਹੈ ਇਸ ਦੀ ਸੁੰਦਰਤਾ ਹਰ ਬਾਹਰੋਂ ਆਉਣ ਵਾਲੇ ਯਾਤਰੀ ਜਾਂ ਵਿਅਕਤੀ ਦਾ ਮਨ ਮੋਹ ਲੈਂਦੀ ਹੈ। ਗਾਰਗੀ

ਅਨੁਸਾਰ "ਸਾਨ ਫਰਾਂਸਿਸਕੋ ਵਿਚ ਮੈਂ ਕਈ ਅਜਿਹੇ ਲੋਕਾਂ ਨੂੰ ਮਿਲਿਆ ਜੋ ਸ਼ਹਿਰ ਨੂੰ ਸਿਰਫ਼ ਇੱਕ ਨਜ਼ਰ ਤੱਕਣ ਲਈ ਆਏ ਤੇ ਫਿਰ ਇੱਥੇ ਹੀ ਰਹਿ ਗਏ।"[18] ਨਿਊਯਾਰਕ ਦੀ ਫੇਰੀ ਦੌਰਾਨ ਲੇਖਕ ਨਿਊਯਾਰਕ ਬਾਰੇ ਦੱਸਦਾ ਹੈ ਇਹ ਸ਼ਹਿਰ ਪੰਜ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ।ਇਸ ਦਾ ਸਭ ਤੋਂ ਪ੍ਰਸਿੱਧ ਹਿੱਸਾ ਮਨਹਟਨ ਦਾ ਨਿੱਕਾ ਟਾਪੂ ਹੈ।"ਮਨਹਟਨ ਦਾ ਟਾਪੂ ਮੱਛੀ ਵਾਂਗ ਹੈ -ਸਾਢੇ ਬਾਰਾਂ ਮੀਲ ਲੰਮਾ ਅਤੇ ਵੱਧ ਤੋਂ ਵੱਧ ਢਾਈ ਮੀਲ ਚੌੜਾ।ਪੂੰਛ ਤੇ ਮੂੰਹ ਬਹੁਤ ਹੀ ਘੱਟ ਚੌੜਾ ਇਸ ਲੰਮੀ ਮੱਛੀ ਨੂੰ 14 ਚੌੜੀਆਂ ਸੜਕਾਂ ਲੰਮੇ ਲੋਟ ਕੱਟਦੀਆਂ ਹਨ ਅਤੇ 220 ਗਲੀਆਂ ਚੌੜੇ ਲੋਟ"[19] ਕੱਟਦੀਆਂ ਹਨ।ਇੱਥੇ ਹੀ ਉਹ ਐਮਪਾਇਰ ਸਟੇਟ ਬਿਲਡਿੰਗ ਵੇਖਦਾ ਹੈ।ਇਹ ਬਿਲਡਿੰਗ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਹੈ ਜਿਸ ਨੂੰ ਰੱਬ ਦੀ ਪੌੜੀ ਵੀ ਆਖਿਆ ਜਾਂਦਾ ਹੈ।ਇਸ ਦੀ ਉਚਾਈ 1472 ਫੁੱਟ ਹੈ ਇਸ ਦੀਆਂ 102 ਮੰਜ਼ਿਲਾਂ ਹਨ ਇਸ ਇਮਾਰਤ ਨੂੰ ਦੁਨੀਆ ਦਾ ਅੱਠਵਾਂ ਅਜੂਬਾ ਗਿਣਿਆ ਜਾਂਦਾ ਹੈ।

ਡਾ. ਕਪੂਰ ਆਪਣੀ ਯਾਤਰਾ ਦੌਰਾਨ ਫਲੋਰੀਡਾ, ਕੈਲੇਫੋਰਨੀਆ, ਡਿਜ਼ਨੀਲੈਂਡ, ਹਾਲੀਵੁੱਡ, ਲਾਸ-ਵੇਗਾਸ ਆਦਿ ਸਥਾਨਾਂ ਤੇ ਘੁੰਮਦਾ ਹੈ।ਲੇਖਕ ਅਨੁਸਾਰ ਫਲੋਰੀਡਾ ਇੱਕ ਬਹੁਤ ਸੁੰਦਰ ਅਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਰਮਣੀਕ ਸਥਾਨ ਹੈ ਜਿਸ ਦੀ ਸੁੰਦਰਤਾ ਬਿਆਨ ਕਰਦੇ ਹੋਏ ਲੇਖਕ ਲਿਖਦਾ ਹੈ ਕਿ "ਇਹ ਥਾਂ ਇਤਨੀ ਰਮਣੀਕ ਹੈ ਕਿ ਜੇ ਇੱਥੇ ਰੱਬ ਵੀ ਆ ਜਾਵੇ ਤਾਂ ਉਹ ਵੀ ਇੱਥੇ ਹੀ ਟਿਕ ਜਾਵੇ।"[20] ਲੇਖਕ ਅਨੁਸਾਰ ਅਮਰੀਕਾ ਵਿੱਚ ਮਨੋਰੰਜਨ ਦੀਆਂ ਹੋਰ ਵੀ ਅਨੇਕਾਂ ਥਾਵਾਂ ਹਨ ਪਰ ਡਿਜ਼ਨੀਲੈਂਡ ਤੋਂ ਥੱਲੇ ਹਨ।ਮਨ ਪ੍ਰਚਾਵੇ ਲਈ ਭਰਪੂਰ ਸਥਾਨਾਂ ਵਾਲਾ ਇਹ ਇੱਕ ਵੱਖਰਾ ਸੰਸਾਰ ਹੈ।ਸੰਸਾਰ ਦਾ ਸਭ ਤੋਂ ਵੱਡਾ ਫ਼ਿਲਮੀ ਕੇਂਦਰ ਹਾਲੀਵੁੱਡ ਕੈਲੇਫੋਰਨੀਆ ਵਿੱਚ ਸਥਿਤ ਹੈ।"ਹਾਲੀਵੁੱਡ ਵਿੱਚ ਇੱਕ ਸੜਕ ਹੈ ਜਿਸ ਉੱਤੇ ਸਿਤਾਰਿਆਂ ਦੀ ਸ਼ਕਲ ਵਿੱਚ ਫ਼ਿਲਮੀ ਅਦਾਕਾਰਾਂ ਦੇ ਨਾਂ ਉੱਕਰੇ ਹੋਏ ਹਨ ਅਤੇ ਹਰ ਅਦਾਕਾਰ ਦਾ ਸੁਪਨਾ ਇਸ ਸੜਕ ਉੱਤੇ ਸਿਤਾਰੇ ਵਾਂਗ ਆਪਣਾ ਨਾਂ ਉਕਰਾਉਣਾ ਹੈ।ਇਨ੍ਹਾਂ ਸਿਤਾਰਿਆਂ ਦੀ ਪਰੰਪਰਾ ਤੋਂ ਹੀ ਅਸੀਂ ਫ਼ਿਲਮੀ ਅਦਾਕਾਰਾਂ ਨੂੰ ਸਿਤਾਰੇ ਕਹਿੰਦੇ ਹਾਂ।"[21]

ਬਲਵੰਤ ਗਾਰਗੀ ਨੇ ਆਪਣੇ ਸਫ਼ਰ ਦੌਰਾਨ ਅਮਰੀਕਾ ਦੀਆਂ ਭਿੰਨ-ਭਿੰਨ ਵਿੱਦਿਅਕ ਸੰਸਥਾਵਾਂ ਜਿਵੇਂ ਹਵਾਈ ਯੂਨੀਵਰਸਿਟੀ, ਕੁੜੀਆਂ ਦਾ ਕਾਲਜ 'ਗਾਉਚਰ ਬਾਲਟੀਮੋਰੋ,ਇੰਡੀਆਨਾ ਯੂਨੀਵਰਸਿਟੀ, ਕੋਲੰਬੀਆ ਬਰਾਡਕਾਸਟਿੰਗ ਆਦਿ ਦਾ ਭਰਮਣ ਕੀਤਾ ਅਤੇ ਭਾਰਤੀ ਨਾਟਕ ਪਰੰਪਰਾ ਬਾਰੇ ਜਾਣੂ ਕਰਵਾਇਆ।ਉੱਥੋਂ ਦੇ ਵੱਖ-ਵੱਖ ਵਿਦਵਾਨਾਂ ਅਤੇ ਥੀਏਟਰ ਦੀਆਂ ਮਹਾਨ ਹਸਤੀਆਂ ਨਾਲ ਭਾਰਤੀ ਨਾਟਕ ਬਾਰੇ ਵਿਚਾਰਾਂ ਅਤੇ ਗੋਸਟਾਂ ਕੀਤੀਆਂ।ਗਾਰਗੀ ਵਾਂਗ ਹੀ ਡਾ. ਕਪੂਰ ਨੇ ਵੀ ਅਮਰੀਕਾ ਦੀਆਂ ਕਈ ਵਿੱਦਿਅਕ ਸੰਸਥਾਵਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਦੌਰਾ ਕੀਤਾ ਪਰ ਇਸ ਦੌਰੇ ਪਿੱਛੇ ਡਾ. ਕਪੂਰ ਦਾ ਉਦੇਸ਼ ਹੋਰ ਸੀ।ਉਹ ਕੋਈ ਭਾਸ਼ਣ ਆਦਿ ਨਹੀਂ ਸਨ ਦੇਣ ਗਏ।ਉਹ ਤਾਂ ਅਮਰੀਕਾ ਦੀ ਵਿੱਦਿਅਕ ਪ੍ਰਣਾਲੀ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦੇ ਸਨ ਅਤੇ ਬੜੀ ਬਰੀਕੀ ਨਾਲ ਉਹ ਜਾਣਕਾਰੀ ਪ੍ਰਾਪਤ ਵੀ ਕੀਤੀ।ਉਨ੍ਹਾਂ ਦੇ ਅਨੁਸਾਰ ਅਮਰੀਕਾ ਦੀ ਵਿੱਦਿਅਕ ਪ੍ਰਣਾਲੀ ਯੂਰਪੀਅਨ ਦੇਸ਼ਾਂ ਨਾਲੋਂ ਢਿੱਲੀ ਅਤੇ ਸੁਸਤ ਹੈ।ਉਹ ਦੱਸਦੇ ਹਨ ਕਿ ਉੱਥੋਂ ਦੀ ਸਿੱਖਿਆ ਪ੍ਰਣਾਲੀ ਦਾ ਸਿੱਧਾ ਸੰਬੰਧ ਕਿੱਤੇ ਨਾਲ ਹੈ, ਜਿਵੇਂ ਲਾਸ-ਵੇਗਾਸ ਦੀ ਯੂਨੀਵਰਸਿਟੀ ਜੂਆ ਖੇਡਣ ਵਾਲਿਆਂ ਲਈ, ਚਾਰ ਸਾਲਾ ਜੂਆ ਖੇਡਣ ਦਾ ਕੋਰਸ ਕਰਵਾਉਂਦੀ ਹੈ।

ਦੋਵੇਂ ਲੇਖਕ ਖਣਿਜ ਪਦਾਰਥਾਂ ਦੀ ਗੱਲ ਕਰਦੇ ਹਨ ਜਿੱਥੇ ਬਲਵੰਤ ਗਾਰਗੀ ਸੋਨੇ ਦੀਆਂ ਖਾਣਾਂ ਦੀ ਗੱਲ ਕਰਦਾ ਹੈ ਉੱਥੇ ਡਾ. ਕਪੂਰ ਤੇਲ ਦੇ ਖ਼ਜ਼ਾਨਿਆਂ ਦੀ ਗੱਲ ਕਰਦੇ ਹਨ।ਭਾਵ ਦੋਵੇਂ ਲੇਖਕ ਅਮਰੀਕੀ ਖਣਿਜ ਪਦਾਰਥਾਂ ਬਾਰੇ ਵੱਖ ਵੱਖ ਜਾਣਕਾਰੀ ਪ੍ਰਦਾਨ ਕਰਦੇ ਹਨ।ਦੋਵੇਂ ਸਫ਼ਰਨਾਮਿਆਂ ਦਾ ਅਧਿਐਨ ਕਰਨ ਤੋਂ ਪਤਾ

ਚੱਲਦਾ ਹੈ ਕਿ ਵਿਦੇਸ਼ ਵਿੱਚ ਦੋਵੇਂ ਲੇਖਕ ਵਧੇਰੇ ਨੇੜਤਾ ਪੰਜਾਬੀਆਂ ਨਾਲ ਹੀ ਬਣਾਉਂਦੇ ਹਨ।ਉੱਥੋਂ ਦੇ ਪਰਵਾਸੀ ਪੰਜਾਬੀ ਉਨ੍ਹਾਂ ਦੀ ਮਹਿਮਾਨ ਨਿਵਾਜੀ ਅਤੇ ਘੁਮਾਉਣ ਫਿਰਾਉਣ ਵਿੱਚ ਪੂਰਾ ਜ਼ੋਰ ਲਗਾ ਦਿੰਦੇ ਹਨ।ਦੋਵੇਂ ਲੇਖਕ ਆਪਣੇ ਆਪਣੇ ਦੋਸਤਾਂ ਦੀਆਂ ਖ਼ੂਬ ਸਿਫ਼ਤਾਂ ਕਰਦੇ ਅਤੇ ਉਨ੍ਹਾਂ ਨਾਲ ਮੇਲ-ਮੁਲਕਾਤਾਂ ਦਾ ਖੁੱਲ੍ਹਾ ਵਰਣਨ ਕਰਦੇ ਹਨ।

ਉਪਰੋਕਤ ਸਫ਼ਰਨਾਮਿਆਂ ਦਾ ਤੁਲਨਾਤਮਿਕ ਅਧਿਐਨ ਕਰਨ ਉਪਰੰਤ ਕੁੱਝ ਵੱਖਰਤਾਵਾਂ ਸਾਹਮਣੇ ਆਉਂਦੀਆਂ ਹਨ ਕਿ ਦੋਵੇਂ ਲੇਖਕਾਂ ਦੇ ਸਫ਼ਰਨਾਮੇ ਇੱਕੋ ਧਰਤੀ ਦੇ ਹੋਣ ਦੇ ਬਾਵਜੂਦ ਕਾਫ਼ੀ ਭਿੰਨਤਾ ਰੱਖਦੇ ਹਨ।ਭਾਵੇਂ ਕਈ ਸਥਾਨ ਅਤੇ ਮੁੱਦੇ ਸਮਾਨ ਹਨ ਪਰ ਇਨ੍ਹਾਂ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਵੱਖੋ ਵੱਖਰਾ ਹੈ।ਜੇਕਰ ਗਾਰਗੀ ਨੂੰ ਸਾਨ ਫਰਾਂਸਿਸਕੋ ਵਧੇਰੇ ਪਸੰਦ ਹੈ ਤਾਂ ਡਾ ਕਪੂਰ ਨੂੰ ਡਿਜ਼ਨੀਲੈਂਡ।ਜੇਕਰ ਗਾਰਗੀ ਮਨਹਟਨ ਦੀ ਗੱਲ ਕਰਦਾ ਹੈ ਤਾਂ ਡਾ. ਕਪੂਰ ਫ਼ਿਲਮ ਸਿਟੀ ਦੀ ਗੱਲ ਕਰਦਾ ਹੈ।ਇਸੇ ਪ੍ਰਕਾਰ ਗਾਰਗੀ ਸੋਨੇ ਦੀਆਂ ਖਾਣਾ ਬਾਰੇ ਲਿਖਦਾ ਹੈ ਤਾਂ ਡਾ. ਕਪੂਰ ਤੇਲ ਦੇ ਖ਼ਜ਼ਾਨਿਆਂ ਬਾਰੇ ਲਿਖਦਾ ਹੈ।ਇਸ ਵੱਖਰਤਾ ਪਿੱਛੇ ਕਈ ਕਾਰਨ ਹੋ ਸਕਦੇ ਹਨ।ਪਹਿਲਾ ਕਾਰਨ ਹਰ ਮਨੁੱਖ ਦਾ ਹਰ ਚੀਜ਼ ਨੂੰ ਵੇਖਣ ਦਾ ਆਪਣਾ ਨਜ਼ਰੀਆ ਹੁੰਦਾ ਹੈ। ਦੂਜਾ ਬਲਵੰਤ ਗਾਰਗੀ ਤੀਜੇ ਪੜਾਅ ਦੇ ਸਫ਼ਰਨਾਮਾਕਾਰ ਹਨ ਅਤੇ ਉਨ੍ਹਾਂ ਦੀ ਰਚਨਾ 1967 ਦੀ ਹੈ। ਡਾ. ਕਪੂਰ ਚੌਥੇ ਪੜਾਅ ਦੇ ਸਫ਼ਰਨਾਮਾਕਾਰ ਹਨ ਅਤੇ ਉਹਨਾਂ ਦੀ ਰਚਨਾ 1990 ਦੀ ਹੈ ਭਾਵ 23 ਸਾਲ ਬਾਅਦ ਦੀ।ਜਿਸ ਕਾਰਨ ਲੇਖਕ ਦੁਹਰਾਉ ਤੋਂ ਬਚਿਆ ਹੋਵੇ।ਤੀਜਾ ਕਾਰਨ ਬਲਵੰਤ ਗਾਰਗੀ ਭਾਰਤੀ ਨਾਟਕ ਬਾਰੇ ਜਾਣਕਾਰੀ ਪ੍ਰਦਾਨ ਕਰਨ ਗਏ ਸਨ ਅਤੇ ਵਿਅਸਤਤਾ ਕਾਰਨ ਜੋ ਸਾਹਮਣੇ ਆਇਆ ਜਾਂ ਵੇਖਿਆ ਉਸ ਬਾਰੇ ਲਿਖ ਦਿੱਤਾ ਪਰ ਡਾ. ਕਪੂਰ ਉਚੇਚੇ ਤੌਰ ਤੇ ਅਮਰੀਕਾ ਘੁੰਮਣ ਗਏ ਸਨ ਅਤੇ ਉਨ੍ਹਾਂ ਕੋਲ ਵੇਖਣ ਅਤੇ ਘੁੰਮਣ ਲਈ ਕਾਫ਼ੀ ਸਮਾਂ ਸੀ ਜੋ ਉਹ ਮਨ ਚਾਹੀਆਂ ਥਾਵਾਂ ਤੇ ਜਾ ਸਕੇ।

ਸਮੁੱਚੇ ਰੂਪ ਵਿੱਚ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਦੋਵੇਂ ਸਫ਼ਰਨਾਮੇ ਮਿਆਰੀ ਸਾਹਿਤਕ ਗੁਣਾਂ ਨਾਲ ਭਰਪੂਰ ਹੋਣ ਦੇ ਨਾਲ ਨਾਲ ਅਮਰੀਕਨ ਜੀਵਨ ਸ਼ੈਲੀ, ਖਾਣ-ਪੀਣ, ਰਹਿਣ-ਸਹਿਣ, ਕਲਾ-ਵਸਤਾਂ, ਇਮਾਰਤਸਾਜ਼ੀ, ਦਸਤਕਾਰੀ, ਭਾਸ਼ਾ, ਨਾਚ, ਵਿਦਿਆ ਆਦਿ ਬਾਰੇ ਯਥਾਰਥਕ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਫਲ ਸਿੱਧ ਹੁੰਦੇ ਹਨ ਅਤੇ ਇਹ ਰਚਨਾਵਾਂ ਪੰਜਾਬੀ ਸਾਹਿਤ ਵਿੱਚ ਗਿਣਾਤਮਿਕ ਅਤੇ ਗੁਣਾਤਮਿਕ ਪੱਖੋਂ ਸਫ਼ਰਨਾਮਾ ਵਿਧਾ ਵਿੱਚ ਨਿੱਗਰ ਯੋਗਦਾਨ ਪਾਉਂਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


1) ਡਾ.ਜੀਤ ਸਿੰਘ ਸੀਤਲ, ਵਾਰਤਕ ਤੇ ਵਾਰਤਕ-ਸ਼ੈਲੀ, ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ-ਬੁੱਕ ਬੋਰਡ ਚੰਡੀਗੜ੍ਹ, 1974, ਪੰਨਾ-1.

2) ਡਾ. ਰਤਨ ਸਿੰਘ ਜੱਗੀ, ਸਾਹਿਤ ਕੋਸ਼ ਪਰਿਭਾਸ਼ਾ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011, ਪੰਨਾ 174.

3) ਡਾ. ਈਸ਼ਰ ਸਿੰਘ ਤਾਂਘ, ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ-ਮੁਲਾਂਕਣ (1998 ਈ. ਤੱਕ ਸੰਪੂਰਨ), ਪੰਨਾ-593.

4) ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਜਿਲਦ-12, ਪੰਜਾਬੀ ਅਕਾਦਮੀ ਦਿੱਲੀ, 2006, ਪੰਨਾ-77.

5) ਡਾ. ਪਰਮਿੰਦਰ ਸਿੰਘ, ਪਰਵਾਸੀ ਪੰਜਾਬੀ ਸਫ਼ਰਨਾਮਾ ਰਚਨਾਤਮਕ ਪਾਸਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ-84.

6) ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਜਿਲਦ-12, ਪੰਜਾਬੀ ਅਕਾਦਮੀ ਦਿੱਲੀ, 2006, ਪੰਨਾ -89.

7) ਹਰਜਿੰਦਰ ਸਿੰਘ, ਸਮਕਾਲੀ ਪੰਜਾਬੀ ਸਫ਼ਰਨਾਮਾ ਵਿਸ਼ਲੇਸ਼ਣ ਤੇ ਮੁਲਾਂਕਣ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ-20.

8) ਡਾ. ਨਰਿੰਦਰ ਸਿੰਘ ਕਪੂਰ, ਸੱਚੋ ਸੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ -41.

9) ਬਲਵੰਤ ਗਾਰਗੀ, ਪਤਾਲ ਦੀ ਧਰਤੀ, ਰਚਨਾ ਪਬਲਿਸ਼ਰਜ਼, ਰਾਧੇ ਸ਼ਾਮ ਪਾਰਕ, ਦਿੱਲੀ, ਮਿਤੀਹੀਣ, ਪੰਨਾ 67.

10) ਡਾ. ਨਰਿੰਦਰ ਸਿੰਘ ਕਪੂਰ, ਸੱਚੋ ਸੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ-70.

11) ਬਲਵੰਤ ਗਾਰਗੀ, ਪਤਾਲ ਦੀ ਧਰਤੀ, ਰਚਨਾ ਪਬਲਿਸ਼ਰਜ਼, ਰਾਧੇ ਸ਼ਾਮ ਪਾਰਕ, ਦਿੱਲੀ, ਮਿਤੀਹੀਣ, ਪੰਨਾ-39.

12) ਡਾ. ਨਰਿੰਦਰ ਸਿੰਘ ਕਪੂਰ, ਸੱਚੋ ਸੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ-76.

13) ਉਹੀ, ਪੰਨਾ -37.

14) ਉਹੀ, ਪੰਨਾ -53.

15) ਬਲਵੰਤ ਗਾਰਗੀ, ਪਤਾਲ ਦੀ ਧਰਤੀ, ਰਚਨਾ ਪਬਲਿਸ਼ਰਜ਼, ਰਾਧੇ ਸ਼ਾਮ ਪਾਰਕ, ਦਿੱਲੀ, ਮਿਤੀਹੀਣ, ਪੰਨਾ-80.

16) ਉਹੀ, ਪੰਨਾ-137.

17) ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਜਿਲਦ-12, ਪੰਜਾਬੀ ਅਕਾਦਮੀ ਦਿੱਲੀ, 2006, ਪੰਨਾ -77.

18) ਬਲਵੰਤ ਗਾਰਗੀ, ਪਤਾਲ ਦੀ ਧਰਤੀ, ਰਚਨਾ ਪਬਲਿਸ਼ਰਜ਼, ਰਾਧੇ ਸ਼ਾਮ ਪਾਰਕ, ਦਿੱਲੀ, ਮਿਤੀਹੀਣ, ਪੰਨਾ-26.

19) ਉਹੀ, ਪੰਨਾ-66.

20) ਡਾ. ਨਰਿੰਦਰ ਸਿੰਘ ਕਪੂਰ, ਸੱਚੋ ਸੱਚ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ-47.

21) ਉਹੀ, ਪੰਨਾ 52.

# ਸੁੰਦਰਤਾ ਮਿੱਥ

# (ਨਾਉਮੀ ਵੋਲਫ ਦੀ ਪੁਸਤਕ 'ਬਿਊਟੀ ਮਿੱਥ' ਦੇ ਆਧਾਰ 'ਤੇ)

ਨਿਗਰਾਨ ਡਾ. ਸਰਬਜੀਤ ਕੌਰ ਸੋਹਲ
ਖੋਜਾਰਥੀ ਮਨਦੀਪ ਕੌਰ

**ਅਮੂਰਤ**

ਨਾਰੀ ਸਮੇਂ ਸਮੇਂ 'ਤੇ ਸਾਹਿਤ, ਧਰਮ, ਦਰਸ਼ਨ ਤੇ ਹੋਰ ਵਿਸ਼ਿਆਂ ਦਾ ਕੇਂਦਰ ਬਣੀ ਰਹੀ ਹੈ ਅਜੋਕੇ ਸਮੇਂ ਵਿੱਚ ਜੇਕਰ ਅਸੀਂ ਸਮਾਜ ਵਿੱਚ ਔਰਤ ਦੀ ਪਛਾਣ ਬਾਰੇ ਅਧਿਐਨ ਕਰੀਏ ਤਾਂ ਇਹ ਮਸਲਾ ਪੂਰਨ ਰੂਪ ਵਿੱਚ ਉਲਝਿਆ ਹੋਇਆ ਅਤੇ ਚਿੰਤਤ ਕਰਨ ਵਾਲਾ ਹੈ।ਅਤਿਕਥਨੀ ਨਹੀਂ ਹੋਵੇਗੀ ਕਿ ਔਰਤ ਦੀ ਪਛਾਣ ਨੂੰ ਕੇਵਲ ਬਾਹਰੀ ਸੁੰਦਰਤਾ ਵਜੋਂ ਹੀ ਤਵੱਜੋਂ ਦਿੱਤੀ ਜਾ ਰਹੀ ਹੈ।ਸਾਡੇ ਸਮਾਜ ਵਿੱਚ ਅੰਦਰੂਨੀ ਤੇ ਬਾਹਰਲਾ ਸੁਹੱਪਣ ਦੋਨੋਂ ਹੀ ਬਹੁਤ ਜ਼ਰੂਰੀ ਹਨ ਪਰ ਅੰਦਰੂਨੀ ਸੁੰਦਰਤਾ ਜ਼ਿਆਦਾ ਮੱਹਤਵਪੂਰਨ ਹੈ ਕਿਉਂਕਿ ਇਹ ਦਿਆਲਤਾ, ਸੂਝਵਾਨਤਾ ਤੇ ਸਵੈਸ਼ਕਤੀਮਾਨਤਾ ਦਾ ਪ੍ਰਤੀਕ ਹੈ ਜਦ ਕਿ ਬਾਹਰਲੀ ਸੁੰਦਰਤਾ ਆਕਰਸ਼ਿਕ ਦਿੱਖ ਦਾ ਪ੍ਰਤੀਕ ਮੰਨੀ ਜਾਂਦੀ ਹੈ।ਪਹਿਲਾਂ ਪਹਿਲ ਔਰਤ ਦੇ ਗੁਣ ਦੇਖ ਕੇ ਉਸ ਵੱਲ ਆਕਰਸ਼ਿਕ ਹੋਣਾ, ਦੂਜਿਆਂ ਨੂੰ ਸਹਿਜ ਮਹਿਸੂਸ ਕਰਵਾਉਣਾ, ਆਪ ਖੁਸ਼ ਰਹਿਣਾ ਤੇ ਦੂਜਿਆਂ ਨੂੰ ਖੁਸ਼ ਰੱਖਣ ਨੂੰ ਹੀ ਉਸ ਦੀ ਸੁੰਦਰਤਾ ਦਾ ਮੁੱਢਲਾ ਪੈਮਾਨਾ ਮੰਨਿਆ ਜਾਂਦਾ ਸੀ ਪਰ ਜਦੋਂ ਤੋਂ ਨਾਰੀ ਦੀ ਸੁੰਦਰਤਾ ਨੂੰ ਕਾਮੁਕਤਾ ਨਾਲ ਜੋੜਿਆ ਗਿਆ ਹੈ ਉਦੋਂ ਤੋਂ ਹੀ ਇਹ ਇੱਕ ਭਿਆਨਕ ਤੇ ਅਸ਼ਲੀਲ ਰੂਪ ਧਾਰਨ ਕਰ ਗਿਆ ਹੈ।ਨਾਉਮੀ ਵੋਲਫ ਨੇ ਆਪਣੀ ਪੁਸਤਕ ਵਿੱਚ ਦਰਸਾਇਆ ਹੈ ਕਿ ਮਰਦਪੱਖੀ ਸਮਾਜ ਨਾਰੀ ਦੇ ਜਿਸਮ ਨੂੰ ਆਪਣੇ ਫਾਇਦੇ ਲਈ ਵਰਤਦਾ ਹੈ।ਨਾਉਮੀ ਵੋਲਫ ਨੇ ਮਰਦ ਦੁਆਰਾ ਔਰਤ ਨਾਲ ਸੰਬੰਧਿਤ ਉਨ੍ਹਾਂ ਸਾਰੇ ਬਿੰਬਾਂ ਅਤੇ ਮਿਆਰਾਂ ਨੂੰ ਆਪਣੀ ਪੁਸਤਕ 'ਬਿਊਟੀ ਮਿੱਥ' ਵਿੱਚ ਪੇਸ਼ ਕੀਤਾ ਹੈ।

**ਕੁੰਜੀ ਸ਼ਬਦ:**ਸੁੰਦਰਤਾ ਮਿੱਥ, ਮਰਦਪੱਖੀ ਸਮਾਜ, ਮੰਡੀਕਰਨ, ਉਦਯੋਗਿਕ ਕ੍ਰਾਂਤੀ, ਉਪਭੋਗਤਾਵਾਦ।

ਨਾਰੀ ਸਮੇਂ ਸਮੇਂ 'ਤੇ ਸਾਹਿਤ, ਧਰਮ, ਦਰਸ਼ਨ ਤੇ ਹੋਰ ਵਿਸ਼ਿਆਂ ਦਾ ਕੇਂਦਰ ਬਣੀ ਰਹੀ ਹੈ।ਭਾਰਤੀ ਸਾਹਿਤ, ਸਮਾਜ ਤੇ ਸਭਿਆਚਾਰ ਦੇ ਇਤਿਹਾਸ ਵੱਲ ਵੇਖੀਏ ਤਾਂ ਨਾਰੀ ਗੁਲਾਮੀ ਦੇ ਅਨੇਕਾਂ ਉਦਾਹਰਣ ਮਿਲ ਜਾਂਦੇ ਹਨ। ਪਹਿਲਾਂ ਜਿੱਥੇ ਮਰਦ 'ਤੇ ਆਰਥਿਕ ਨਿਰਭਰਤਾ ਕਾਰਨ ਉਹ ਗੁਲਾਮ ਸੀ ਅੱਜ ਆਰਥਿਕ ਪੱਖੋਂ ਸਵੈ ਨਿਰਭਰ ਹੋਣ 'ਤੇ ਵੀ ਉਹ ਮਾਨਸਿਕ ਤੌਰ 'ਤੇ ਦੋਹਰੀ ਪੀੜ ਹੰਢਾ ਰਹੀ ਹੈ।ਉਸ ਨੂੰ ਪਰਿਵਾਰਿਕ ਤੇ ਸਮਾਜਿਕ ਪੱਧਰ 'ਤੇ ਜੂਝਣਾ ਪੈਂਦਾ ਹੈ।ਅਜੋਕੇ ਸਮੇਂ ਵਿੱਚ ਜੇਕਰ ਅਸੀਂ ਸਮਾਜ ਵਿੱਚ ਔਰਤ ਦੀ ਪਛਾਣ ਦੇ ਮਸਲੇ ਦੀ ਗੱਲ ਕਰੀਏ ਤਾਂ ਇੱਥੇ ਇਹ ਕਹਿਣਾ ਬਣਦਾ ਹੈ ਕਿ ਇਹ ਮਸਲਾ ਪੂਰਨ ਰੂਪ ਵਿੱਚ ਉਲਝਿਆ ਹੋਇਆ ਅਤੇ ਚਿੰਤਿਤ ਕਰਨ ਵਾਲਾ ਹੈ।ਇੱਥੇ ਇਹ ਕਹਿਣ ਵਿੱਚ ਅਤਿਕਥਨੀ ਨਹੀਂ ਹੋਵੇਗੀ ਕਿ ਔਰਤ ਦੀ ਪਛਾਣ ਨੂੰ ਕੇਵਲ ਬਾਹਰੀ ਸੁੰਦਰਤਾ ਵਜੋਂ ਹੀ ਤਵੱਜੋਂ ਦਿੱਤੀ ਜਾ ਰਹੀ ਹੈ।ਉਸ ਨੂੰ ਸੁੰਦਰਤਾ ਨਾਲ ਸੰਬੰਧਿਤ ਅਨੇਕਾਂ ਭਰਮ ਭੁਲੇਖਿਆਂ ਅਤੇ ਵਹਿਮਾਂ ਵਿਚ ਪਾ ਦਿੱਤਾ ਗਿਆ ਹੈ ਕਿ ਇਹ ਚੇਤ ਅਚੇਤ ਉਸ ਲਈ ਮਿੱਥ ਬਣ ਕੇ ਰਹਿ ਗਏ ਹਨ।ਇਸੇ ਨੂੰ ਹੀ ਨਾਉਮੀ ਵੋਲਫ ਨੇ ਸੁੰਦਰਤਾ ਮਿੱਥ ਵਜੋਂ ਦਰਸਾਇਆ ਹੈ।

ਮੇਰੇ ਖੋਜ ਪੱਤਰ ਦਾ ਵਿਸ਼ਾ ਵੀ ਸੁੰਦਰਤਾ ਮਿੱਥ (ਨਾਉਮੀ ਵੋਲਫ ਦੀ ਪੁਸਤਕ ਬਿਊਟੀ ਮਿੱਥ ਦੇ ਆਧਾਰ 'ਤੇ) ਹੈ।ਉਸ ਨੇ ਆਪਣੀ ਪੁਸਤਕ 'ਬਿਊਟੀ ਮਿੱਥ'(1991) ਵਿੱਚ ਪ੍ਰਾਪਤ ਪ੍ਰਮਾਣਾਂ ਦੇ ਮਾਧਿਅਮ ਨਾਲ ਉਨ੍ਹਾਂ ਘਿਣਾਉਣੇ ਆਦਰਸ਼ਾਂ ਦਾ ਵਰਣਨ ਕੀਤਾ ਹੈ ਜੋ ਔਰਤ ਨੂੰ ਕਮਜ਼ੋਰ ਤੇ ਨੀਵਾਂ ਦਿਖਾਉਣ ਲਈ ਵਰਤੇ ਜਾਂਦੇ ਹਨ।ਖਾਸਕਰ ਉਸ ਸਮੇਂ ਜਦੋਂ ਉਹ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਕੇ ਅੱਗੇ ਵੱਧ ਰਹੀ ਹੋਵੇ।ਵੋਲਫ ਅਨੁਸਾਰ ਜੋ ਚੀਜ਼ ਕਿਸੇ ਵਿਅਕਤੀ ਨੂੰ ਸੁੰਦਰ ਬਣਾਉਂਦੀ ਹੈ ਉਹ ਉਸਦੇ ਅੰਦਰ ਹੈ, ਬਾਹਰ ਨਹੀਂ।'ਬਿਊਟੀ ਮਿੱਥ' ਪੁਸਤਕ ਵਿੱਚ ਉਹ ਔਰਤਾਂ ਨਾਲ ਭੇਦਭਾਵ ਦੇ ਮਾਮਲੇ ਨੂੰ ਵਿਸਥਾਰ ਪੂਰਵਕ ਬਿਆਨ ਹੀ ਨਹੀਂ ਕਰਦੀ ਸਗੋਂ ਇਸਦੇ ਹੱਲ ਦੀ ਵੀ ਮੰਗ ਕਰਦੀ ਹੈ।

ਸਾਡੇ ਸਮਾਜ ਵਿੱਚ ਅੰਦਰੂਨੀ ਤੇ ਬਾਹਰਲਾ ਸੁਹੱਪਣ ਦੋਨੋਂ ਹੀ ਬਹੁਤ ਜ਼ਰੂਰੀ ਹਨ ਪਰ ਅੰਦਰੂਨੀ ਸੁੰਦਰਤਾ ਜ਼ਿਆਦਾ ਮੱਹਤਵਪੂਰਨ ਹੈ ਕਿਉਂਕਿ ਇਹ ਦਿਆਲਤਾ, ਸੂਝਵਾਨਤਾ ਤੇ ਸਵੈਸ਼ਕਤੀਮਾਨਤਾ ਦਾ ਪ੍ਰਤੀਕ ਹੈ ਜਦ ਕਿ ਬਾਹਰਲੀ ਸੁੰਦਰਤਾ ਆਕਰਸ਼ਿਕ ਦਿੱਖ ਦਾ ਪ੍ਰਤੀਕ ਮੰਨੀ ਜਾਂਦੀ ਹੈ।

ਪਹਿਲਾਂ ਪਹਿਲ ਔਰਤ ਦੇ ਗੁਣ ਦੇਖ ਕੇ ਉਸ ਵੱਲ ਆਕਰਸ਼ਿਤ ਹੋਣਾ, ਦੂਜਿਆਂ ਨੂੰ ਸਹਿਜ ਮਹਿਸੂਸ ਕਰਵਾਉਣਾ, ਆਪ ਖੁਸ਼ ਰਹਿਣਾ ਤੇ ਦੂਜਿਆਂ ਨੂੰ ਖੁਸ਼ ਰੱਖਣ ਨੂੰ ਹੀ ਉਸ ਦੀ ਸੁੰਦਰਤਾ ਦਾ ਮੁੱਢਲਾ ਪੈਮਾਨਾ ਮੰਨਿਆ ਜਾਂਦਾ ਸੀ ਪਰ ਜਦੋਂ ਤੋਂ ਨਾਰੀ ਦੀ ਸੁੰਦਰਤਾ ਨੂੰ ਕਾਮਕੁਤਾ ਨਾਲ ਜੋੜਿਆ ਗਿਆ ਹੈ ਉਦੋਂ ਤੋਂ ਹੀ ਇਹ ਇੱਕ ਭਿਆਨਕ ਤੇ ਅਸ਼ਲੀਲ ਰੂਪ ਧਾਰਨ ਕਰ ਗਿਆ ਹੈ।'ਨਾਉਮੀ ਵੋਲਫ ਨੇ ਆਪਣੀ ਕਿਤਾਬ ਵਿੱਚ ਦਰਸਾਇਆ ਹੈ ਕਿ ਮਰਦਪੱਖੀ ਸਮਾਜ ਨਾਰੀ ਦੇ ਜਿਸਮ ਨੂੰ ਆਪਣੇ ਫਾਇਦੇ ਲਈ ਵਰਤਦਾ ਹੈ।ਨਾਉਮੀ ਵੋਲਫ ਨੇ ਮਰਦ ਦੁਆਰਾ ਔਰਤ ਨਾਲ ਸੰਬੰਧਿਤ ਉਨ੍ਹਾਂ ਸਾਰੇ ਬਿੰਬਾਂ ਅਤੇ ਮਿਆਰਾਂ ਨੂੰ ਆਪਣੀ ਪੁਸਤਕ 'ਬਿਊਟੀ ਮਿੱਥ' ਵਿੱਚ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੂੰ ਧਾਰਨ ਕਰਨ ਲਈ ਉਸ ਨੂੰ ਮਜ਼ਬੂਰ ਕੀਤਾ ਜਾਂਦਾ ਹੈ।ਵੋਲਫ ਦੇ ਸਿਧਾਂਤ ਅਨੁਸਾਰ ਔਰਤਾਂ ਨੂੰ ਜਵਾਨ, ਪਤਲਾ ਅਤੇ ਸੁੰਦਰ ਦਿਖਣ ਦਾ ਦਬਾਅ ਹੀ ਪੁਰਸ਼-ਸ਼ਕਤੀ ਦੁਆਰਾ ਨਾਰੀਵਾਦੀ ਲਾਭਾਂ ਨੂੰ ਕਮਜ਼ੋਰ ਕਰਨ ਦਾ ਇੱਕੋ-ਇੱਕ ਅਤੇ ਬਹੁਮੁੱਲਾ ਪ੍ਰਤੀਕਿਰਿਆਵਾਦੀ ਤਰੀਕਾ ਹੈ'।[1]

(Noami demonstrates in her book, Beauty Myth, how a pro-masculine society expolites the female body. She presents all the images and standards created by men that a women is compelled to adopt. According to Wolf theory, the pressure to make women look young, slim amd beautiful is the only and most effective reactionary way to undermine feminist gain through masculinity.)

ਪਹਿਲੇ ਸਮੇਂ ਵਿੱਚ ਔਰਤ 'ਤੇ ਬੰਦਿਸ਼ਾਂ ਜ਼ਰੂਰ ਸਨ ਪਰ ਉਸ ਨੇ ਆਪਣੀ ਹਿੰਮਤ ਨਾਲ ਜਦੋਂ ਉਨ੍ਹਾਂ ਨੂੰ ਪਾਰ ਕਰ ਲਿਆ ਤਾਂ ਉਸ 'ਤੇ ਸੁੰਦਰਤਾ ਦੇ ਬਿੰਬ ਲੱਦ ਦਿੱਤੇ ਗਏ।ਉਸ ਦੀ ਪ੍ਰਾਪਤੀ ਕੋਈ ਮਾਇਨੇ ਨਹੀਂ ਰੱਖਦੀ ਬਲਕਿ ਜੋ ਮਾਇਨੇ ਰੱਖਦਾ ਹੈ ਉਹ ਹੈ ਉਸਦੀ ਬਾਹਰੀ ਦਿੱਖ, ਨੈਣ ਨਕਸ਼, ਚਮੜੀ ਤੇ ਕੱਪੜੇ।ਨਾਰੀ ਦਾ ਸਾਰਾ ਧਿਆਨ ਆਪਣੀ ਸੁੰਦਰਤਾ ਨੂੰ ਬਰਕਰਾਰ ਰੱਖਣ ਵੱਲ ਹੀ ਕੇਂਦਰਿਤ ਹੋ ਗਿਆ ਹੈ।ਸੁੰਦਰਤਾ ਮਿੱਥ ਵਿੱਚ ਉਹ ਇੰਨਾ ਡੂੰਘਾ ਫਸ ਗਈ ਹੈ ਕਿ ਆਪਣੇ ਆਪ ਨੂੰ ਬਾਹਰ ਕੱਢਣ ਵਿਚ ਲਗਭਗ ਅਸਫ਼ਲ ਹੋ ਰਹੀ ਹੈ।ਜਿਸ ਦੇ ਸਿੱਟੇ ਵਜੋਂ ਉਹ ਮਾਨਸਿਕ ਤੌਰ ਤੇ ਕਮਜ਼ੋਰ ਤੇ ਹੀਣਭਾਵਨਾ ਦਾ ਸ਼ਿਕਾਰ ਹੋਣ ਲੱਗ ਪਈ ਹੈ।'ਨਾਉਮੀ ਨੇ ਇਸ ਪੁਸਤਕ ਵਿੱਚ ਕਾਸਮੈਟਿਕ ਸਰਜਰੀ, ਭੁੱਖਹੀਣਤਾ ਤੇ ਅਸ਼ਲੀਲਤਾ ਦੇ ਪ੍ਰਚਲਨ ਦਾ ਹਵਾਲਾ ਦਿੰਦਿਆਂ ਦਰਸਾਇਆ ਹੈ ਕਿ ਸੁੰਦਰ ਦਿਖਣ ਦਾ ਦਬਾਅ ਔਰਤ ਦੇ ਸਵੈਮਾਣ ਨੂੰ ਨਿਰੰਤਰ ਕਮਜ਼ੋਰ ਕਰ ਰਿਹਾ ਹੈ।[2]

(Naomi cites the prevalence of cosmetic surgery, loss of appetite and obscenity in this book and demonstrates how the pressure to look beautiful is constantly undermining a woman's self-esteem).

ਨਿਰੰਤਰ ਹੋ ਰਹੀਆਂ ਖੋਜਾਂ ਵਿਚ ਵੀ ਇਹੀ ਨਤੀਜੇ ਵੇਖਣ ਨੂੰ ਮਿਲ ਰਹੇ ਹਨ ਕਿ ਸਮਾਜ ਵਿਚ ਚੰਗਾ ਮਾਣ ਸਨਮਾਨ ਹਾਸਿਲ ਕਰਨ ਲਈ ਸੋਹਣਾ ਚਿਹਰਾ ਤੇ ਸਰੀਰਕ ਦਿੱਖ ਦਾ ਸਹੀ ਤਾਲਮੇਲ ਹੋਣਾ ਜਰੂਰੀ ਹੈ।ਸੁੰਦਰਤਾ ਦਾ ਹੋਣਾ ਮਾਨਸਿਕ ਤੇ ਦਿਮਾਗੀ ਸਮੱਸਿਆਵਾਂ ਤੋਂ ਬਚਾ ਕੇ ਰੱਖਦਾ ਹੈ।ਚੰਗੇ ਆਕਰਸ਼ਣ ਵਾਲੇ ਲੋਕ ਉਨ੍ਹਾਂ ਲੋਕਾਂ ਨਾਲੋਂ ਵਧੇਰੇ ਸਲਾਹੇ ਜਾਂਦੇ ਹਨ ਜੋ ਦਿੱਖਣ ਵਿਚ ਆਕਰਸ਼ਿਤ ਨਹੀਂ ਹੁੰਦੇ।ਕਈ ਸੰਸਥਾਵਾਂ ਉਨ੍ਹਾਂ ਲੋਕਾਂ ਨੂੰ ਹੀ ਨੌਕਰੀ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਦੀ ਦਿੱਖ ਆਕਰਸ਼ਿਤ ਕਰਦੀ ਹੈ ਭਾਵੇਂ ਉਹ ਘੱਟ ਆਕਰਸ਼ਿਤ ਦਿੱਖਣ ਵਾਲਿਆਂ ਦੇ ਬਰਾਬਰ ਦੀ ਯੋਗਤਾ ਹੀ ਕਿਉਂ ਨਾ ਰੱਖਦੇ ਹੋਣ।ਇਸ ਤਰ੍ਹਾਂ ਦੀ ਸੋਚ ਔਰਤ ਸੁੰਦਰਤਾ ਤੇ ਵਧੇਰੇ ਲਾਗੂ ਕੀਤੀ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਔਰਤ ਵਿੱਚ ਸੁੰਦਰ ਦਿੱਖਣ ਦੀ ਲਾਲਸਾ ਵੱਧਣ ਲੱਗਦੀ ਹੈ।ਹਰ ਸਾਲ ਉਸ ਦੁਆਰਾ ਵਧੇਰੇ ਪੈਸੇ ਸੁੰਦਰਤਾ ਵਧਾਉਣ ਵਾਲੇ ਉਤਪਾਦਾਂ ਅਤੇ ਸੇਵਾਵਾਂ ਦੀ ਵਰਤੋਂ ਕਰਨ ਤੇ ਖਰੀਦੋ ਫਰੋਖ਼ਤ ਵਿੱਚ ਹੀ ਖਰਚ ਕੀਤੇ ਜਾਂਦੇ ਹਨ।'ਸੁੰਦਰਤਾ ਜੋ ਪਹਿਲਾਂ 'ਮਨੀ' ਨਹੀਂ ਸੀ ਹੁਣ 'ਮਨੀ' ਬਣਾ ਦਿੱਤੀ ਗਈ ਹੈ।ਕਿਸੀ ਔਰਤ ਦਾ ਅਸੁੰਦਰ ਹੋਣਾ ਜਾਂ ਅਸੁੰਦਰ ਹੋ ਜਾਣਾ ਉਸਦੀ ਅਯੋਗਤਾ ਮੰਨੀ ਜਾਂਦੀ ਹੈ।ਬਹੁਤ ਸਾਰੀਆਂ ਨਾਰੀ ਪੱਤਰਕਾਵਾਂ ਵਿੱਚ ਸੁੰਦਰਤਾ ਨੂੰ ਪ੍ਰਾਪਤ ਕਰਨ ਵਾਲੇ ਵਿਗਿਆਪਨ ਇਸ ਤਰ੍ਹਾਂ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਜਾਣਾ ਆਮ ਜਿਹੀ ਗੱਲ ਹੈ ਤੇ ਇਹਨਾਂ ਪੱਤਰਕਾਵਾਂ ਵਿਚ ਸੁਪਨੇ ਦਿਖਾਉਣ ਵਾਲੀ ਭਾਸ਼ਾ ਦਾ ਪ੍ਰਯੋਗ ਕਰਕੇ ਨਾਰੀ ਨੂੰ ਭਰਮਾਇਆ ਜਾਂਦਾ ਹੈ ਜਿਵੇਂ: ਜਿਸ ਦੇਹ ਦੇ ਤੁਸੀਂ ਹੱਕਦਾਰ ਹੋ, ਉਸਨੂੰ ਪ੍ਰਾਪਤ ਕਰੋ, ਆਪਣੀ ਦੇਹ ਨੂੰ ਫਿਰ ਤੋਂ ਇਕ ਨਵਾਂ ਆਕਾਰ ਦਵੋ ਜਾਂ ਤੁਹਾਡੀ ਸਕਿਨ ਦਾ ਸੁਹੱਪਣ ਹੁਣ ਤੁਹਾਡੇ ਹੱਥ।[3] ਅਜਿਹੇ ਵਿਗਿਆਪਨ ਨਾਰੀ ਨੂੰ ਸੁੰਦਰਤਾ ਮਿੱਥ ਵਿੱਚ ਜਕੜ ਲੈਂਦੇ ਹਨ ਤੇ ਉਸ ਉੱਤੇ ਇਕ ਵੱਖਰਾ ਜਾਦੂ ਕਰ ਦਿੰਦੇ ਹਨ।ਉਪਭੋਗਤਾ ਇਨ੍ਹਾਂ ਦੇ ਸਹਾਰੇ ਹੀ ਆਪਣਾ ਫਾਇਦਾ ਕਰਦੇ ਹਨ।'ਸੁੰਦਰਤਾ ਮਿੱਥ' ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਸੁੰਦਰਤਾ ਦੇ ਸਾਧਨਾਂ ਨੂੰ ਕਿਵੇਂ ਔਰਤਾਂ ਦੇ ਖ਼ਿਲਾਫ਼ ਵਰਤਿਆ ਜਾਂਦਾ ਹੈ? ਜੀਵਨ ਦੇ ਹਰੇਕ ਖਿੱਤੇ ਵਿੱਚ ਔਰਤ ਸੰਪੂਰਨ ਸੱਤਾ ਅਤੇ ਖੁਸ਼ੀ ਪ੍ਰਾਪਤ ਨਹੀਂ ਕਰ ਸਕਦੀ ਕਿਉਂਕਿ ਨਿੱਜੀ ਦਿੱਖ ਦੀ ਅਸੁਰੱਖਿਆ, ਬ੍ਰਾਂਡ, ਫੈਸ਼ਨ ਅਤੇ ਪਰੋਨੋਗ੍ਰਾਫੀ ਨਾਲ ਉਸ ਦੀ ਮਾਨਸਿਕਤਾ ਉੱਪਰ ਲਗਾਤਾਰ ਬੰਬਾਰੀ ਕੀਤੀ ਜਾ ਰਹੀ ਹੁੰਦੀ ਹੈ।ਉਸ ਅਨੁਸਾਰ ਇਹ ਸਭ ਕੁਝ ਔਰਤ ਨੂੰ ਕਾਬੂ ਵਿਚ ਰੱਖਣ ਲਈ ਉਸ ਦੁਆਲੇ ਸਿਰਜਿਆ ਜਾ ਰਿਹਾ ਹੈ।ਇਸ ਸਭ ਪਿੱਛੇ ਮਰਦ ਪ੍ਰਧਾਨ ਸੋਚ ਅਤੇ ਮੰਡੀਕਰਨ ਦੀ ਰੁਚੀ ਅਤੇ ਰੁਝਾਨ ਹੈ।'ਤਸਲੀਮਾ ਨਸਰੀਨ ਅਨੁਸਾਰ, 'ਸੁੰਦਰੀ' ਵਿਸ਼ੇਸ਼ਣ ਨੂੰ ਔਰਤ ਤੇ ਮਰਦ ਦੋਹਾਂ ਨੇ ਮਿਲ ਕੇ ਬਣਾਇਆ ਹੈ ਅਤੇ ਦੋਵੇਂ ਇਹ ਤੈਅ ਕਰਦੇ ਹਨ ਕਿ ਔਰਤ ਦਾ ਸਰੀਰ ਕਿਸ ਤਰ੍ਹਾਂ ਖੂਬਸੂਰਤ ਦਿਸੇ?[4] ਇਨ੍ਹਾਂ ਨੇ ਔਰਤ ਦੀ ਸੰਪੂਰਨ ਹੋਂਦ ਨੂੰ ਟੁਕੜਿਆਂ ਵਿੱਚ ਵੰਡ ਕੇ ਰੱਖ ਦਿੱਤਾ ਹੈ।ਔਰਤ ਦੇ ਸਰੀਰਕ ਰੰਗ, ਅੱਖਾਂ ਦੇ ਰੰਗ, ਵਾਲਾਂ ਦੇ ਰੰਗ, ਸਰੀਰਕ ਅੰਗਾਂ ਦੀ ਬਣਤਰ ਆਦਿ ਦੇ ਅਧਾਰ 'ਤੇ ਉਸਦੀ ਸੁੰਦਰਤਾ ਨੂੰ ਮਾਪਿਆ ਜਾਂਦਾ ਹੈ ਜਿਸ ਲਈ ਸੁੰਦਰਤਾ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਉਸ ਤੋਂ ਸੁੰਦਰਤਾ ਦੇ ਮਿਆਰਾਂ ਉੱਤੇ ਖਰਾ ਉਤਰਨ ਦੀ ਮੰਗ ਵੀ ਕੀਤੀ ਜਾਂਦੀ ਹੈ।ਬਹੁਤੇ ਉਦਯੋਗ ਜਿਵੇਂ ਕਾਸਮੈਟਿਕ ਸਰਜਰੀ, ਕੱਪੜਾ, ਪਰੋਨੋਗ੍ਰਾਫੀ ਆਦਿ ਇਸ ਦੇ ਸਹਾਰੇ ਹੀ ਅਥਾਹ ਲਾਭ ਕਮਾ ਰਹੇ ਹਨ।ਇਹ ਸਾਰੇ ਉਦਯੋਗ ਔਰਤ ਦੇ ਸਰੀਰ ਨੂੰ ਸੁੰਦਰਤਾ ਪ੍ਰਦਾਨ ਕਰਨ ਜਾਂ ਸੋਹਣੀ ਦਿੱਖ ਦੇਣ ਲਈ ਲਗਾਤਾਰ ਯਤਨ ਕਰ ਰਹੇ ਹਨ ਜਿਸ ਲਈ ਇਹ ਉਨ੍ਹਾਂ ਵਸਤਾਂ ਦੇ ਉਤਪਾਦਨ 'ਤੇ ਵਧੇਰੇ ਜ਼ੋਰ ਦੇ ਰਹੇ ਹਨ ਜੋ ਔਰਤ ਨੂੰ ਬਣਾਵਟੀ ਸੁੰਦਰਤਾ ਪ੍ਰਦਾਨ ਕਰਨ

ਤੇ ਆਪਣੇ ਵੱਲ ਆਕਰਸ਼ਿਤ ਕਰਨ ਵਿਚ ਸਹਾਈ ਸਿੱਧ ਹੋ ਰਹੇ ਹਨ।ਇਨ੍ਹਾਂ ਸਭਨਾਂ ਦੇ ਸਿੱਟੇ ਵਜੋਂ ਔਰਤ ਦੀ ਆਜ਼ਾਦੀ ਨੂੰ ਸੀਮਿਤ ਕਰ ਦਿੱਤਾ ਗਿਆ ਹੈ ਤੇ ਉਸ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾਇਆ ਜਾ ਰਿਹਾ ਹੈ।

ਵਪਾਰੀਕਰਨ ਦੇ ਇਸ ਦੌਰ ਵਿੱਚ ਕੰਪਨੀ ਦਾ ਇਸ਼ਤਿਹਾਰ ਭਾਵੇਂ ਕਿਸੇ ਕਿਸਮ ਦਾ ਹੋਵੇ, ਨਾਰੀ ਦੇ ਸਰੀਰ ਨੂੰ ਵਸਤੂ ਰੂਪ ਵਿੱਚ ਵਰਤਿਆ ਜਾਂਦਾ ਹੈ ਤਾਂ ਜੋ ਪ੍ਰੋਡਕਟ ਵੱਧ ਤੋਂ ਵੱਧ ਵੇਚਿਆ ਜਾ ਸਕੇ ਤੇ ਗਾਹਕਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ।ਸੈਂਕੜੇ ਡੱਬਾ ਬੰਦ ਉਤਪਾਦ, ਮਸਾਲੇ, ਸਾਬਣ, ਸੈਂਪੂ, ਤੇਲ, ਡੀ.ਓ., ਲੋਸ਼ਨ, ਕਰੀਮਾਂ ਆਦਿ ਅਤੇ ਪੁਰਸ਼ਾਂ ਦੇ ਰੋਜ਼ਾਨਾ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਇਸ਼ਤਿਹਾਰ ਵਿੱਚ ਸੁੰਦਰ ਨਾਰੀ ਹੀ ਦਿਖਾਈ ਦਿੰਦੀ ਹੈ। ਦੁਰਗੰਧ ਨਾਸ਼ਕ ਮਾਲ ਦੇ ਇਸ਼ਤਿਹਾਰਾਂ ਵਿੱਚ ਤਾਂ ਅੱਧਨੰਗੀ ਨਾਰੀ ਇਕ ਖ਼ਾਸ ਕਿਸਮ ਦੇ ਕਾਮੁਕ ਸਟਾਈਲ ਵਿੱਚ ਪੇਸ਼ ਕੀਤੀ ਜਾਂਦੀ ਹੈ।ਮੱਧਵਰਗੀ ਨਾਰੀ ਇਨ੍ਹਾਂ ਇਸ਼ਤਿਹਾਰਾਂ ਤੋਂ ਵਧੇਰੇ ਪ੍ਰਭਾਵਿਤ ਹੁੰਦੀ ਹੈ।ਉਹ ਆਪਣੇ ਆਪ ਨੂੰ ਪਤਲੀ, ਸੁੰਦਰ ਤੇ ਗੋਰੀ ਰੱਖਣ ਲਈ ਵਿਭਿੰਨ ਬਿਊਟੀ ਪ੍ਰੋਡਕਟਸ ਪ੍ਰਯੋਗ ਕਰਨ ਲੱਗਦੀ ਹੈ ਤੇ ਡਾਇਟਿੰਗ ਦੇ ਨੁਸਖੇ ਅਪਨਾਉਣ ਲੱਗਦੀ ਹੈ।ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ਼ਤਿਹਾਰ ਸਿਰਫ਼ ਨਾਰੀ ਦੇ ਸਰੀਰ 'ਤੇ ਹੀ ਕੇਂਦਰਿਤ ਨਹੀਂ ਬਲਕਿ ਨਾਰੀ ਦੀ ਸੋਚ ਤੇ ਵਿਚਾਰ 'ਤੇ ਹਮਲਾ ਬੋਲਦੇ ਹਨ ਤੇ ਨਾਰੀ ਦੇ ਉਨ੍ਹਾਂ ਰੂਪਾਂ ਨੂੰ ਉਤਸ਼ਾਹਿਤ ਕਰਦੇ ਹਨ ਜੋ ਸਰੀਰ ਦੇ ਪ੍ਰਦਰਸ਼ਨ ਨਾਲ ਸੰਬੰਧ ਰੱਖਦੇ ਹਨ।

ਵੋਲਫ ਅਨੁਸਾਰ ਅਮਰੀਕਾ ਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਔਰਤਾਂ ਨੂੰ ਨੌਕਰੀਆਂ ਲੈਣ ਲੱਗੇ ਬਾਹਰੀ ਦਿੱਖ ਦੇ ਪੱਖ ਤੋਂ ਅਨੇਕਾਂ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਭਾਰਤ ਵਿੱਚ ਤਾਂ ਇਹ ਇਕ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ।ਨਾਰੀ ਦੇ ਜ਼ਿਹਨ ਵਿੱਚ ਇਹ ਗੱਲ ਬਿਠਾ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਪਤਲੀ, ਸੁੰਦਰ ਤੇ ਗੋਰੀ ਹੋਵੇਗੀ ਤਾਂ ਹੀ ਉਹ ਨਰ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕੇਗੀ।ਇਸ ਸਭ ਤੋਂ ਇਲਾਵਾ ਕਈ ਕਲੱਬਾਂ ਵਿਚ ਵੀ ਨਾਰੀ ਨੂੰ ਨੌਕਰੀ 'ਤੇ ਰੱਖਣ ਲਈ ਸੁੰਦਰਤਾ ਦੇ ਮਾਪ ਨਿਰਧਾਰਿਤ ਕੀਤੇ ਜਾਂਦੇ ਹਨ ਜਿਨ੍ਹਾਂ ਅਨੁਸਾਰ 'ਨਾਰੀ ਨੂੰ ਆਪਣੇ ਚਿਹਰੇ, ਆਪਣੀ ਸਰੀਰਕ ਬਣਤਰ ਨੂੰ ਇਕ ਖਾਸ ਤਰੀਕੇ ਨਾਲ ਸਾਂਭ ਕੇ ਰੱਖਣਾ ਜ਼ਰੂਰੀ ਹੈ।ਬੇਹੱਦ ਸੁੰਦਰ ਲੜਕੀ ਹੋਣੀ ਚਾਹੀਦੀ ਹੈ।ਲੜਕੀ ਦੀ ਇਮੇਜ਼ ਵੀ 'ਬਨਨੀ ਇਮੇਜ਼' ਹੋਣੀ ਚਾਹੀਦੀ ਹੈ ਜਿਸਦੀ ਅਜਿਹੀ ਨਹੀਂ ਹੋਵੇਗੀ ਉਸ ਨੂੰ ਹਾਸ਼ੀਏ ਤੇ ਰੱਖਿਆ ਜਾਵੇਗਾ ਜਾਂ ਉਸ ਨੂੰ ਕੰਮ ਤੋਂ ਆਯੋਗ ਕਰਾਰ ਦਿੱਤਾ ਜਾਵੇਗਾ।[5] ਮਰਦਾਂ ਨੂੰ ਤਾਂ ਅਜਿਹੇ ਕੋਈ ਕਾਇਦੇ ਕਾਨੂੰਨ ਨਹੀਂ ਝੱਲਣੇ ਪੈਂਦੇ ਜਦਕਿ ਔਰਤਾਂ ਤੋਂ ਹਰ ਸਮੇਂ ਇਕ ਪਰਫੈਕਟ ਬਾਡੀ ਜਾਂ ਸੁੰਦਰ ਸਰੀਰਕ ਦਿੱਖ ਦੀ ਮੰਗ ਕੀਤੀ ਜਾਂਦੀ ਹੈ।ਸੁੰਦਰਤਾ ਸੰਬੰਧੀ ਇਹ ਮਿੱਥ ਨਵੀਂ ਪੂੰਜੀਵਾਦੀ ਮਿੱਥ ਹੈ।ਇਸ ਵਿਚ ਵਾਧਾ ਵੀ ਉਦੋਂ ਤੋਂ ਹੀ ਹੋਇਆ ਜਦੋਂ ਤੋਂ ਔਰਤ ਵਲੋਂ ਦੇਹ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਣ ਲੱਗਾ।

'ਵੋਲਫ ਅਨੁਸਾਰ ਔਰਤਾਂ ਲਈ ਸੁੰਦਰਤਾ ਇਕ ਹਕੀਕਤ ਬਣਦੀ ਜਾ ਰਹੀ ਹੈ ਜਿਸ ਦੇ ਆਧਾਰ 'ਤੇ ਉਹ ਇਹ ਸੋਚਣ ਲਈ ਮਜ਼ਬੂਰ ਹੋ ਰਹੀ ਹੈ ਕਿ ਉਸ ਨੇ ਕਿਵੇਂ ਜਿਊਣਾ ਹੈ? ਜਦੋਂ ਤੋਂ ਉਸ ਨੇ ਇਹ ਸੋਚਣਾ ਸ਼ੁਰੂ ਕੀਤਾ ਉਹ ਆਪਣੇ ਆਪ ਨੂੰ ਜ਼ਿਆਦਾ ਆਜ਼ਾਦ ਮਹਿਸੂਸ ਕਰਨ ਲੱਗ ਪਈ।ਉਸ ਦੇ ਆਜ਼ਾਦ ਹੋਣ ਨਾਲ ਹੀ ਪਰੋਨੋਗ੍ਰਾਫੀ ਵੀ ਆਜ਼ਾਦ ਹੋ ਗਈ। ਪਲੇਅਬੁਆਏ ਪੱਤ੍ਰਿਕਾ 1958 ਵਿਚ ਸ਼ੁਰੂ ਹੋਈ। 1960 ਵਿੱਚ ਗਰਭਨਿਰੋਧਕ ਗੋਲੀ ਆ ਗਈ। 1969-73 ਵਿਚ ਇੰਗਲੈਂਡ ਤੇ ਅਮਰੀਕਾ ਵਿਚ ਗਰਭਪਾਤ ਕਾਨੂੰਨੀ ਹੋ ਗਿਆ।1970 ਤੋਂ ਬਾਅਦ ਔਰਤ ਦਾ ਅਜਿਹਾ ਰੂਪ ਸਾਹਮਣੇ ਆਇਆ ਜਿਸ ਵਿਚ ਉਹ ਬਿਨਾਂ ਕਿਸੇ ਸ਼ਰਮ ਦੇ ਸਮਾਜ ਵਿੱਚ ਵਿਚਰਨ ਲੱਗੀ।ਉਸ ਵਿਚ ਮਜ਼ਬੂਤੀ ਆਈ।ਵੋਲਫ ਅਨੁਸਾਰ ਬਿਊਟੀ ਨੇ ਨਾਰੀ ਨੂੰ ਆਜ਼ਾਦੀ ਤੋਂ ਪਾਸੇ ਕਰਕੇ ਚਿਹਰੇ ਦੀ ਸਾਂਭ-ਸੰਭਾਲ ਤੇ ਦੇਹ ਨੂੰ ਆਕਰਸ਼ਕ ਬਣਾਉਣ ਵਿੱਚ ਬਦਲ ਦਿੱਤਾ ਹੈ।ਉਹ ਔਰਤ

ਨੂੰ ਸਵਾਲ ਕਰਦੀ ਹੈ ਕਿ ਜਵਾਨ ਤੇ ਸੁੰਦਰ ਦਿਖਣਾ ਕਿਉਂ ਜ਼ਰੂਰੀ ਹੈ? ਕੀ ਇਸਤਰੀ ਦੇਹ ਦੀ ਕੋਈ ਹੋਰ ਪਰਿਭਾਸ਼ਾ ਤੇ ਰੂਪ ਦੀ ਕਲਪਨਾ ਕੀਤੀ ਜਾ ਸਕਦੀ ਹੈ? ਕੀ ਸੁੰਦਰਤਾ ਵਾਕਈ ਸੈਕਸ ਹੈ? ਕੀ ਇਸਤਰੀ ਦੀ ਸੈਕਸ਼ੂਏਲਿਟੀ (ਲਿੰਗਕਤਾ) ਉਸ ਦੇ ਰੂਪ ਨਾਲ ਸੰਬੰਧ ਰੱਖਦੀ ਹੈ? ਉਸ ਅਨੁਸਾਰ ਨਾਰੀ ਨੂੰ ਇਸ ਤਰ੍ਹਾਂ ਦੀ ਬਿਊਟੀ ਮਿੱਥ ਨੂੰ ਤੋੜਨਾ ਚਾਹੀਦਾ ਹੈ ਜੋ ਉਸ ਤੇ ਦਬਾਅ ਪੈਦਾ ਕਰੇ।ਜਦੋਂ ਉਹ ਅਜਿਹਾ ਕਰੇਗੀ ਉਦੋਂ ਹੀ ਆਕਰਸ਼ਣ ਪ੍ਰਾਪਤ ਕਰ ਸਕੇਗੀ।ਜਦੋਂ ਔਰਤਾਂ ਨੂੰ ਅਧੂਰਾ ਦੱਸਿਆ ਜਾਂਦਾ ਹੈ ਅਸਲ ਵਿੱਚ ਸੁੰਦਰਤਾ ਮਿੱਥ ਉਦੋਂ ਹੀ ਸ਼ੁਰੂ ਹੋ ਜਾਂਦੀ ਹੈ।ਕਾਸਮੈਟਿਕ, ਕੱਪੜੇ, ਫੈਸ਼ਨ ਆਦਿ ਸਭ ਉਦੋਂ ਹੀ ਸ਼ੁਰੂ ਹੋ ਜਾਂਦੇ ਹਨ।ਇਸ ਮਿੱਥ ਨੇ ਔਰਤ ਨੂੰ ਝੂਠੀ ਪਹਿਚਾਣ ਦਿੱਤੀ ਹੈ'[6] ਇਸਪੁਸਤਕ ਰਾਹੀਂ ਜੀਵਨ ਦੇ ਕਈ ਖੇਤਰਾਂ ਵਿੱਚ ਸੁੰਦਰਤਾ ਦੇ ਪ੍ਰਭਾਵ ਨੂੰ ਯੋਜਨਾਬੱਧ ਤਰੀਕੇ ਨਾਲ ਉਜਾਗਰ ਕੀਤਾ ਹੈ।ਵੋਲਫ ਅਨੁਸਾਰ ਸਮਾਜ ਵਿੱਚ ਔਰਤਾਂ ਨੂੰ ਪ੍ਰਭਾਸ਼ਿਤ ਕਰਨ ਵਾਲੇ ਤਰੀਕਿਆਂ ਨੂੰ ਬਦਲਣ ਦੀ ਲੋੜ ਹੈ, 'ਕੁਝ ਦੇਸ਼ਾਂ ਵਿੱਚ ਜਿੱਥੇ ਮਰਦ ਦੀ ਸੁੰਨਤ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਹੀ ਕਈ ਦੇਸ਼ਾਂ ਵਿੱਚ ਔਰਤ ਦੀ ਵੀ ਸੁੰਨਤ ਦਾ ਜ਼ਿਕਰ ਵੀ ਮਿਲਦਾ ਹੈ।ਉਸ ਦੇ ਕਲਾਟੋਰੀਅਸ ਕੱਟ ਦਿੱਤੇ ਜਾਂਦੇ ਹਨ, ਮੰਨਿਆ ਜਾਂਦਾ ਹੈ ਕਿ ਇਹ ਕਲਾਟੋਰੀਅਸ ਉਸ ਦੀ ਕਾਮ ਵਾਸਨਾ ਨੂੰ ਵਧਾਉਣ ਜਾਂ ਆਨੰਦ ਮਹਿਸੂਸ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ'।[7] ਉਨ੍ਹਾਂ ਨੂੰ ਕੱਟਣ ਨਾਲ ਔਰਤ ਦੀ ਕਾਮ ਉਤੇਜਨਾ ਨੂੰ ਕਾਬੂ ਵਿੱਚ ਰੱਖਿਆ ਜਾਂਦਾ ਹੈ।ਔਰਤ ਨੂੰ ਆਪਣੀ ਆਜ਼ਾਦੀ ਲਈ ਲੜਨ ਦੀ ਬਹੁਤ ਜਰੂਰਤ ਹੈ।ਬ੍ਰਿਟੇਨ ਵਿੱਚ ਪ੍ਰਕਾਸ਼ਿਤ ਹੋਈ ਇਸ ਪੁਸਤਕ ਨੇ ਇੱਕ ਵਾਰ ਤਾਂ ਤਹਿਲਕਾ ਮਚਾ ਦਿੱਤਾ ਤੇ ਨਾਰੀਵਾਦ ਦੀ ਨਵੀਂ ਲਹਿਰ ਸ਼ੁਰੂ ਕਰ ਦਿੱਤੀ।ਵੋਲਫ ਦੀ ਪੁਸਤਕ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ ਬਣੀ, ਨਾਰੀਵਾਦੀ ਤੋਂ ਜਾਣੂ ਔਰਤਾਂ ਨੇ ਇਸ ਦੀ ਖੂਬ ਸ਼ਲਾਘਾ ਕੀਤੀ।ਇਸ ਸਦੀ ਵਿੱਚ ਇਸ ਪੁਸਤਕ ਨੂੰ ਪੜਦਿਆਂ ਥੋੜਾ ਗੈਰ ਸੰਬੰਧਿਤ ਮਹਿਸੂਸ ਹੋ ਸਕਦਾ ਹੈ ਪਰ ਇਸਦਾ ਸਮੁੱਚਾ ਅਧਾਰ ਉਸ ਥਾਂ 'ਤੇ ਸੱਟ ਮਾਰਦਾ ਹੈ, ਜਿੱਥੋਂ ਦਰਦ ਉਤਪੰਨ ਹੁੰਦਾ ਹੈ ਕਿਉਂਕਿ ਔਰਤ ਦੀ ਦਿੱਖ ਅਤੇ ਸਮਾਜਿਕ ਜ਼ੋਰ ਉਸ ਨੂੰ ਸਮਾਜਿਕ, ਰਾਜਨੀਤੀਕ ਅਤੇ ਆਰਥਿਕ ਤੌਰ 'ਤੇ ਮਰਦਾਂ ਨਾਲੋਂ ਕਮਜ਼ੋਰ ਬਣਾ ਦਿੰਦਾ ਹੈ।ਪਿਛਲੇ ਕੁਝ ਦਹਾਕਿਆਂ ਵਿੱਚ ਔਰਤਾਂ ਨੇ ਅਧਿਕਾਰਾਂ ਦੀ ਲਹਿਰ ਵਿੱਚ ਮਹੱਤਵਪੂਰਨ ਪ੍ਰਗਤੀ ਕੀਤੀ ਹੈ, ਔਰਤਾਂ ਨੂੰ ਜਣਨ ਅਧਿਕਾਰ, ਉੱਚ ਸਿੱਖਿਆ, ਕਾਨੂੰਨੀ ਅਤੇ ਮਰਦ ਪ੍ਰਧਾਨ ਪੇਸ਼ਿਆਂ ਵਿੱਚ ਦਾਖਲ ਹੋਣ ਦੀ ਆਜ਼ਾਦੀ ਮਿਲੀ ਹੈ।ਅੱਜ ਕਿੰਨੀਆਂ ਹੀ ਅਜਿਹੀਆਂ ਔਰਤਾਂ ਹਨ ਜੋ ਬਿਨਾਂ ਆਪਣੀ ਦਿੱਖ ਦੀ ਪਰਵਾਹ ਕੀਤਿਆਂ ਆਪਣੀ ਮਿਹਨਤ ਦੇ ਸਿੱਟੇ ਵਜੋਂ ਕਾਮਯਾਬੀ ਦੇ ਸਿਖਰ 'ਤੇ ਹਨ। ਔਰਤਾਂ ਨੂੰ ਆਪਣੀ ਸੰਪੂਰਨ ਸ਼ਕਤੀ ਨਾਲ ਹਰੇਕ ਕੰਮ ਕਰਨਾ ਚਾਹੀਦਾ ਹੈ ਅਤੇ ਪ੍ਰਾਪਤ ਕੀਤੇ ਆਪਣੇ ਅਹੁਦੇ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਔਰਤਾਂ ਨੂੰ ਘਰੇਲੂ ਕੰਮਾਂ ਦੇ ਮਾਪਦੰਡਾਂ ਤੋਂ ਮਾਪਿਆ ਜਾਂਦਾ ਸੀ।ਸੁੰਦਰਤਾ ਦਾ ਮਿਆਰ ਅਤੇ ਚਿੱਤਰ ਅਕਸਰ ਬਦਲਦੇ ਰਹਿੰਦੇ ਹਨ ਇਸ ਲਈ ਔਰਤ ਨੂੰ ਅੰਦਰੂਨੀ ਸ਼ਕਤੀ ਦੀ ਪ੍ਰਮਾਣਿਕਤਾ ਦੀ ਲੋੜ ਹੈ।ਵੋਲਫ ਅਨੁਸਾਰ ਔਰਤਾਂ ਨੂੰ ਅਜਿਹੇ ਮੌਕੇ ਪ੍ਰਦਾਨ ਹੀ ਨਹੀਂ ਕੀਤੇ ਜਾਂਦੇ ਜਿਸ ਨਾਲ ਉਹ ਆਪਣੀ ਸੰਪੂਰਨ ਸ਼ਕਤੀ ਨੂੰ ਦਰਸਾ ਸਕਣ ਜਿਵੇਂ-ਜਿਵੇਂ ਔਰਤਾਂ ਬੁੱਢੀਆਂ ਹੁੰਦੀਆਂ ਜਾਂਦੀਆਂ ਹਨ, ਉਹ ਆਪਣੇ ਸੱਭਿਆਚਾਰ ਵਿੱਚੋਂ ਅਦਿੱਖ ਹੋ ਜਾਂਦੀਆਂ ਹਨ ਜਿਵੇਂ ਟੀ.ਵੀ (ਨਿਊਜ਼ ਐਂਕਰ ਮਰਦ) ਉਮਰ ਨਾਲ ਸਿਆਣੇ ਅਤੇ ਸੂਝਵਾਨ ਮੰਨੇ ਜਾਂਦੇ ਹਨ, ਉੱਥੇ ਹੀ ਔਰਤ ਦੇ 40 ਸਾਲ ਦੀ ਉਮਰ ਪੂਰੇ ਹੁੰਦਿਆਂ ਉਸਨੂੰ ਬਦਲ ਦਿੱਤਾ ਜਾਂਦਾ ਹੈ।ਵੋਲਫ ਅਨੁਸਾਰ ਸੁੰਦਰਤਾ ਨੂੰ ਸੁੰਦਰਤਾ ਸੇਵਾਵਾਂ, ਉਤਪਾਦ ਤੇ ਵਿਗਿਆਪਨਾਂ ਦੁਆਰਾ ਪ੍ਰੇਰਿਤ ਕੀਤਾ ਜਾਂਦਾ ਹੈ।ਜੇਕਰ ਰਸਾਲਿਆਂ ਵਾਲੇ ਮਾਡਲ ਤੁਹਾਨੂੰ ਤੁਹਾਡੀ ਦਿੱਖ ਬਾਰੇ ਬੁਰਾ ਮਹਿਸੂਸ ਕਰਵਾਉਂਦੇ ਹਨ ਤਾਂ ਉਹ ਕਾਮਯਾਬ ਹੋ ਰਹੇ ਹਨ।ਅੱਜ ਕੱਲ ਸੁੰਦਰਤਾ ਉਤਪਾਦਾਂ ਨੇ ਉਦਯੋਗਿਕ ਕ੍ਰਾਂਤੀ ਲਿਆ ਦਿੱਤੀ ਹੈ, ਉਹਨਾਂ ਨੇ ਕਾਸਮੈਟਿਕ, ਖੁਰਾਕ ਸਪਲੀਮੈਂਟ ਅਤੇ ਸੁੰਦਰਤਾ ਉਤਪਾਦ ਵੇਚਣ ਲਈ ਔਰਤਾਂ ਦੀਆਂ ਤਸਵੀਰਾਂ ਦੀ ਵਰਤੋਂ ਕਰਨੀ ਸ਼ੁਰੂ

ਕਰ ਦਿੱਤੀ ਜੋ ਕਿ ਸੁੰਦਰਤਾ ਮਿੱਥ ਨੂੰ ਅਪਣਾਉਣ ਦੀ ਕੋਸ਼ਿਸ਼ ਵਿੱਚ ਹਨ।ਇਹਨਾਂ ਚਿੱਤਰਾਂ ਨੂੰ ਦੇਖਕੇ ਇਹਨਾਂ ਅਸੰਭਵ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਔਰਤਾਂ ਨੀਵਾਂਪਣ ਮਹਿਸੂਸ ਕਰਦੀਆਂ ਹਨ।ਇਸ ਲਈ ਉਹ ਸੁੰਦਰਤਾ ਨੂੰ ਵਧਾਉਣ ਵਾਲੇ ਉਤਪਾਦਨ ਖਰੀਦਣ ਲਈ ਪ੍ਰੇਰਿਤ ਹੁੰਦੀਆਂ ਹਨ।'ਸੁੰਦਰਤਾ ਮਿੱਥ ਨੇ ਔਰਤ ਤੇ ਦੋਹਰੀ ਮਾਰ ਕੀਤੀ ਹੈ ਜਿਸ ਦੇ ਸਿੱਟੇ ਵਜੋਂ ਉਹ ਖਾਸ ਕਿਸਮ ਦੇ ਉਦਯੋਗਾਂ ਦੀ ਪੱਕੀ ਉਪਭੋਗੀ ਬਣ ਗਈ ਤੇ ਨਾਲ ਹੀ ਕੰਮ ਵਾਲੀਆਂ ਥਾਂਵਾਂ ਤੇ ਉਹ ਵਿਤਕਰੇ ਦਾ ਸ਼ਿਕਾਰ ਹੋਣ ਲੱਗੀ।[8]

(The Beauty Myth has stuck women twice, causing them to become regular users of particular industries while also becoming a victim of workplace discrimination.)

'ਸੁੰਦਰਤਾ ਮਿੱਥ' ਪੁਸਤਕ ਅਨੁਸਾਰ ਉਦਯੋਗਿਕ ਖੇਤਰ ਖੁਰਾਕ ਉਦਯੋਗ ਤੋਂ 33 ਬਿਲੀਅਨ ਡਾਲਰ, ਕਾਸਮੈਟਿਕ ਸਰਜਰੀ ਉਦਯੋਗ ਤੋਂ 300 ਬਿਲੀਅਨ ਡਾਲਰ, ਕਾਸਮੈਟਿਕ ਉਤਪਾਦਨ ਵਿੱਚ 20 ਬਿਲੀਅਨ ਡਾਲਰ ਤੇ ਪਰੋਨੋਗ੍ਰਾਫੀ ਵਿੱਚ 07 ਬਿਲੀਅਨ ਡਾਲਰ ਕਮਾਈ ਕਰਦਾ ਹੈ।ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸੁੰਦਰਤਾ ਇੱਕ ਮਜ਼ਬੂਤ ਮੁਦਰਾ ਹੈ।

(According to the Beauty Myth book, the industrial sector earns $33 billion from food sector, $300 billion from cosmetic surgery, $20 billion from cosmetic production and $ 07 billion from pornography industry. It is undeniable that beauty is a valuable asset/commodity.)

ਸੁੰਦਰਤਾ ਸੰਬੰਧੀ ਮਿੱਥ ਬਹੁਤ ਨੁਕਸਾਨਦਾਇਕ ਹੈ ਅਤੇ ਇਸਦੇ ਸਿੱਟੇ ਵੀ ਵਿਨਾਸ਼ਕਾਰੀ ਹਨ, ਪਰ ਇਸਨੂੰ ਉਦਯੋਗਿਕ ਕ੍ਰਾਂਤੀ ਵਿੱਚ ਫਾਇਦੇ ਲਈ ਵਰਤਿਆ ਜਾਂਦਾ ਹੈ, ਕਾਰਜ ਸਥਾਨ ਵਿੱਚ ਵੀ ਇਸਦੇ ਦੋਹਰੇ ਮਾਪਦੰਡ ਹਨ ਜੋ ਕਿ ਯਕੀਨੀ ਬਣਾਉਂਦੇ ਹਨ ਕਿ ਔਰਤ ਨੂੰ ਘੱਟ ਤੇ ਮਰਦ ਨੂੰ ਜ਼ਿਆਦਾ ਪੈਸਾ ਮਿਲੇ।ਸਮਾਜ ਦੀ ਇਹ ਸੱਚਾਈ ਅੱਜ ਵੀ ਅਟੱਲ ਹੈ ਕਿ ਸੁੰਦਰ ਔਰਤ ਨੂੰ ਈਰਖਾ ਨਾਲ ਦੇਖਿਆ ਜਾਂਦਾ ਹੈ।ਉਸ ਲਈ ਨਕਾਰਾਤਮਕ, ਅਸ਼ਲੀਲ ਤੇ ਅਪਭਾਸ਼ਾ ਨੂੰ ਵੀ ਅਕਸਰ ਸੁਣਿਆ ਜਾ ਸਕਦਾ ਹੈ।

ਔਰਤਾਂ ਵਿੱਚ ਇਕਜੁੱਟਤਾ ਦੀ ਕਮੀ ਵੀ ਉਹਨਾਂ ਨੂੰ ਆਰਥਿਕ ਤੌਰ 'ਤੇ ਪ੍ਰਭਾਵਿਤ ਕਰਦੀ ਹੈ।ਸੰਘ ਬਣਾ ਕੇ ਰਹਿਣ ਵਾਲੀਆਂ ਔਰਤਾਂ 30%ਜ਼ਿਆਦਾ ਕਮਾਈ ਕਰਦੀਆਂ ਹਨ।ਸੁੰਦਰਤਾ ਮਿੱਥ ਨੂੰ ਤੋੜਨਾ ਆਪਣੇ ਆਪ ਵਿੱਚ ਜਾਗ੍ਰਿਤੀ ਦੀ ਇੱਕ ਸਾਕਾਰਾਤਮਕ ਪ੍ਰਕਿਰਿਆ ਹੈ।ਸੁੰਦਰਤਾ ਮਿੱਥ ਨੂੰ ਸੰਪੂਰਨ ਤੌਰ 'ਤੇ ਰੱਦ ਕਰਨਾ ਅਤਿ ਜਰੂਰੀ ਹੈ। ਇਸਨੂੰ ਰੱਦ ਕਰਨ ਲਈ ਔਰਤ ਨੂੰ ਅਵਾਜ਼ ਚੁੱਕਣੀ ਚਾਹੀਦੀ ਹੈ ਤਾਂ ਜੋ ਉਹਨਾਂ ਦੀਆਂ ਇੱਛਾਵਾਂ ਅਤੇ ਦ੍ਰਿਸ਼ਟੀਕੋਣ ਨੂੰ ਪੂਰਨ ਤੌਰ 'ਤੇ ਸਮਝਿਆ ਜਾ ਸਕੇ।

ਸੁੰਦਰਤਾ ਮਿੱਥ ਨੂੰ ਖ਼ਤਮ ਕਰਨ ਲਈ ਸਾਨੂੰ ਹੋਰਨਾਂ ਔਰਤਾਂ ਨੂੰ ਉਹਨਾਂ ਨੂੰ ਬਾਹਰੀ ਦਿੱਖ ਵਾਸਤੇ ਨਿਰਣਾ ਕਰਨਾ ਬੰਦ ਕਰਨ ਲਈ ਵਚਨਬੱਧ ਕਰਨ ਦੀ ਜ਼ਰੂਰਤ ਹੈ।ਵੋਲਫ ਪੁਰਜ਼ੋਰ ਮੰਗ ਕਰਦੀ ਹੈ ਕਿ ਅਸੀਂ ਇੱਕ ਦੂਜੇ ਨੂੰ ਬਣਾਉਣਾ ਹੈ, ਤੋੜਨਾ ਨਹੀਂ।ਸਾਨੂੰ ਆਪਣੀ ਸਵੈ ਸ਼ਕਤੀ ਨੂੰ ਪਛਾਣਨਾ ਹੈ, ਜਿਸਦਾ ਸਾਡੀ ਬਾਹਰੀ ਦਿੱਖ ਨਾਲ ਕੋਈ ਲੈਣ-ਦੇਣ ਨਹੀਂ, ਜੇਕਰ ਅਸੀਂ ਇਸ ਤੱਥ ਨੂੰ ਸਵੀਕਾਰ ਕਰਾਂਗੇ ਤਾਂ ਇਸਦੇ ਸਿੱਟੇ ਨਿਵੇਕਲੇ ਤੇ ਸਿਰਜਣਾਤਮਕ ਹੋਣਗੇ। ਸੁੰਦਰਤਾ ਨੂੰ ਪਿਆਰ ਕਰਨਾ ਕੁਦਰਤੀ ਹੈ ਪਰ ਕਿਤੇ ਇਹ ਖ਼ੁਸ਼ੀ ਦੀ ਥਾਂ ਪੀੜ ਤਾਂ ਨਹੀਂ ਬਣ ਰਹੀ, ਕਿਤੇ ਇਸ ਨਾਲ ਔਰਤ ਦੀ ਕੰਮ ਦੀ ਯੋਗਤਾ, ਬੋਧਿਕ ਯੋਗਤਾ ਤੇ ਹੁਨਰ ਤਾਂ ਪ੍ਰਭਾਵਿਤ ਨਹੀਂ ਹੋ ਰਿਹਾ, ਕਿਤੇ ਇਹ ਉਸ ਨੂੰ ਆਪਣੀ ਅਸਲ ਪਛਾਣ ਤੋਂ ਬੇਮੁੱਖ ਤਾਂ ਨਹੀਂ ਕਰ ਰਹੀ, ਜੇਕਰ ਅਜਿਹਾ ਹੈ ਤਾਂ ਅਜਿਹੀ ਸੁੰਦਰਤਾ ਤੋਂ ਔਰਤ ਨੂੰ ਸੁਚੇਤ ਹੋਣ ਦੀ ਲੋੜ ਹੈ ਨਹੀਂ ਤਾਂ ਇਹ ਉਸ ਦੀ ਹੋਂਦ ਨੂੰ ਘੁਣ ਵਾਂਗ ਖ਼ਤਮ ਕਰ ਦੇਵੇਗੀ।

## ਹਵਾਲੇ ਅਤੇ ਟਿੱਪਣੀਆਂ


1) ਨਾਉਮੀ ਵੋਲਫ, ਦ ਬਿਊਟੀ ਮਿੱਥ, ਹਰਪਰ ਕੋਲਿੰਸ ਪਬਲਿਸ਼ਰਜ਼, ਨਿਊਯਾਰਕ, 2002, ਪੰਨਾ 10.

2) ਉਹੀ, ਪੰਨਾ 16.

3) ਸੁਧੀਸ਼ ਪਚੌਰੀ, ਏਕ ਅੱਧਖੁੱਲਾ ਸ਼ਣ: ਸੌਂਦਰਯ ਮਿਥਕ ਕੀ ਦਵੰਦਾਤਮਕਤਾ, ਪਿੱਤਰ ਸੱਤਾ ਕੇ ਨਏਂ ਰੂਪ, ਰਾਜਕਮਲ ਪ੍ਰਕਾਸ਼ਨ, ਨਵੀਂ ਦਿੱਲੀ, 2010, ਪੰਨਾ 34.

4) ਤਸਲੀਮਾ ਨਸਰੀਨ, ਔਰਤ ਤੇ ਬਾਜ਼ਾਰ, ਫਿਲਹਾਲ ਅੰਕ 14, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 40.

5) ਸੁਧੀਸ਼ ਪਚੌਰੀ, ਏਕ ਅੱਧਖੁੱਲਾ ਸ਼ਣ: ਸੌਂਦਰਯ ਮਿਥਕ ਕੀ ਦਵੰਦਾਤਮਕਤਾ, ਪਿੱਤਰ ਸੱਤਾ ਕੇ ਨਏਂ ਰੂਪ, ਰਾਜਕਮਲ ਪ੍ਰਕਾਸ਼ਨ, ਨਵੀਂ ਦਿੱਲੀ, 2010, ਪੰਨਾ 35.

6) ਉਹੀ, ਪੰਨਾ 39.

7) ਕਰਮਜੀਤ ਕਿਸ਼ਾਂਵਲ, ਯੁਗੇ ਯੁਗੇ ਨਾਰੀ, ਗੋਸਲ ਪ੍ਰਕਾਸ਼ਨ, ਲੁਧਿਆਣਾ, 2019, ਪੰਨਾ 59.

8) ਨਾਉਮੀ ਵੋਲਫ, ਦ ਬਿਊਟੀ ਮਿੱਥ, ਹਰਪਰ ਕੋਲਿੰਸ ਪਬਲਿਸ਼ਰਜ਼, ਨਿਊਯਾਰਕ, 2002, ਪੰਨਾ 18.

# 'ਪੰਜਾਬੀ ਬੌਰੀਆ ਬਿਰਾਦਰੀ' ਦੀ ਬੋਲੀ ਅਤੇ ਖੇਤਰੀ-ਭਾਸ਼ਾਈ ਵਖਰੇਵੇਂ (ਭਾਰਤੀ ਬਹੁ-ਭਾਸ਼ਾਵਾਦ ਦੇ ਪ੍ਰਸੰਗ ਵਿੱਚ)

**ਬਲਜੀਤ ਸਿੰਘ**
ਖੋਜਾਰਥੀ, ਪੰਜਾਬ ਯੂਨੀ. ਚੰਡੀਗੜ੍ਹ

**ਅਮੂਰਤ**

ਭਾਰਤ ਬਹੁ ਗਿਣਤੀ ਭਾਸ਼ਾਵਾਂ ਦਾ ਦੇਸ਼ ਹੈ। ਹਰ ਰਾਜ ਕੇਵਲ ਇੱਕ ਭਾਸ਼ਾ 'ਤੇ ਅਧਾਰਿਤ ਨਹੀਂ ਸਗੋਂ ਬਹੁ-ਭਾਸ਼ਾਵਾਂ ਦਾ ਸੰਗਮ ਹੈ। ਭਾਰਤ ਸ਼ੁਰੂ ਤੋਂ ਹੀ ਵਿਦੇਸ਼ੀ ਯਾਤਰੀਆਂ, ਹਮਲਾਵਰਾਂ, ਖੋਜੀਆਂ ਅਤੇ ਵਪਾਰੀਆਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਇਨਾਂ ਵਿਦੇਸ਼ੀਆਂ ਵਿੱਚ ਆਰੀਆ, ਮੰਗੋਲ, ਸ਼ੱਕ, ਹੂਣ, ਪੁਰਤਗਾਲੀ, ਤੁਰਕ, ਮੁਗ਼ਲ ਅਤੇ ਅੰਗਰੇਜ਼ੀ ਜਾਤੀਆਂ/ਵਰਗਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਕਿਉਂਕਿ ਇਹਨਾਂ ਵਿਦੇਸ਼ੀਆਂ ਨੇ ਜਿੱਥੇ ਭਾਰਤ ਦੇ ਹੋਰ ਖੇਤਰਾਂ ਵਿੱਚ ਵੱਖਰਤਾ ਲਿਆਂਦੀ ਉਥੇ ਭਾਸ਼ਾਈ ਵੱਖਰਤਾ ਪੱਖੋਂ ਵੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇਹਨਾਂ ਨੇ ਆਪਣਾ ਯੋਗਦਾਨ ਪਾਇਆ ਹੈ। ਭਾਰਤ ਦਾ ਖੇਤਰ ਦਰਿਆਵਾਂ, ਪਹਾੜਾਂ, ਮਾਰੂਥਲਾਂ, ਜੰਗਲਾਂ ਅਤੇ ਖਾੜੀਆਂ ਦੁਆਰਾ ਵੰਡਿਆ ਹੋਇਆ ਹੈ। ਇਸ ਭੂਗੋਲਿਕ ਖਿੱਤੇ ਵਿੱਚ ਵੱਖ-ਵੱਖ ਨਸਲਾਂ ਅਤੇ ਵੱਖ-ਵੱਖ ਕਬੀਲਿਆਂ ਦੇ ਲੋਕ ਰਹਿੰਦੇ ਹਨ। ਇਨਾਂ ਕਬੀਲਿਆਂ ਦਾ ਰਹਿਣ ਸਹਿਣ ਤੇ ਭਾਸ਼ਾਵਾਂ ਵੱਖੋ-ਵੱਖਰੀਆਂ ਹਨ।

**ਕੁੰਜੀ ਸ਼ਬਦ:** ਭਾਸ਼ਾਈ ਵਖਰੇਵਾਂ, ਉਪਭਾਸ਼ਾ, ਬੌਰੀਆ ਕਬੀਲਾ, ਬਹੁ-ਭਾਸ਼ਾਵਾਦ, ਰਹਿਣ-ਸਹਿਣ।

ਪੰਜਾਬੀ ਵਿੱਚ ਆਮ ਕਹਾਵਤ ਹੈ ਕਿ ਬੋਲੀ ਬਾਰ੍ਹਾਂ ਕੋਹਾਂ 'ਤੇ ਬਦਲ ਜਾਂਦੀ ਹੈ। ਇਸ ਦਾ ਅਰਥ ਭਾਸ਼ਾ ਵਿਗਿਆਨਕ ਤੌਰ 'ਤੇ ਇਹ ਹੈ ਕਿ ਇਕੋ ਭਾਸ਼ਾਈ ਇਲਾਕੇ ਵਿੱਚ ਇੱਕ ਹੀ ਭਾਸ਼ਾ ਦੇ ਵੱਖ-ਵੱਖ ਉਚਾਰਨ, ਵਿਆਕਰਨ ਅਤੇ ਸ਼ਬਦਾਵਲੀ ਦੇ ਅੰਤਰ ਦੇਖਣ ਨੂੰ ਮਿਲਦੇ ਹਨ। ਭਾਰਤ ਵਿਸ਼ਾਲ ਦੇਸ਼ ਹੈ। ਇਸ ਭੂਗੋਲਿਕ ਖਿੱਤੇ ਵਿੱਚ ਵੱਖ-ਵੱਖ ਨਸਲਾਂ ਅਤੇ ਵੱਖ-ਵੱਖ ਕਬੀਲਿਆਂ ਦੇ ਲੋਕ ਰਹਿੰਦੇ ਹਨ। ਇਨਾਂ ਕਬੀਲਿਆਂ ਦਾ ਰਹਿਣ ਸਹਿਣ ਤੇ ਭਾਸ਼ਾਵਾਂ ਵੱਖੋ-ਵੱਖਰੀਆਂ ਹਨ।[1]

ਭਾਰਤ ਬਹੁ ਗਿਣਤੀ ਭਾਸ਼ਾਵਾਂ ਦਾ ਦੇਸ਼ ਹੈ। ਹਰ ਰਾਜ ਕੇਵਲ ਇੱਕ ਭਾਸ਼ਾ 'ਤੇ ਅਧਾਰਿਤ ਨਹੀਂ ਸਗੋਂ ਬਹੁ-ਭਾਸ਼ਾਵਾਂ ਦਾ ਸੰਗਮ ਹੈ। ਭਾਰਤ ਸ਼ੁਰੂ ਤੋਂ ਹੀ ਵਿਦੇਸ਼ੀ ਯਾਤਰੀਆਂ, ਹਮਲਾਵਾਰਾਂ, ਖੋਜੀਆਂ ਅਤੇ ਵਪਾਰੀਆਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਇਨਾਂ ਵਿਦੇਸ਼ੀਆਂ ਵਿੱਚ ਆਰੀਆ, ਮੰਗੋਲ, ਸ਼ੱਕ, ਹੂਣ, ਪੁਰਤਗਾਲੀ, ਤੁਰਕ, ਮੁਗ਼ਲ ਅਤੇ ਅੰਗਰੇਜ਼ੀ ਜਾਤੀਆਂ/ਵਰਗਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਕਿਉਂਕਿ ਇਹਨਾਂ ਵਿਦੇਸ਼ੀਆਂ ਨੇ ਜਿੱਥੇ ਭਾਰਤ ਦੇ ਹੋਰ ਖੇਤਰਾਂ ਵਿੱਚ ਵੱਖਰਤਾ ਲਿਆਂਦੀ ਉਥੇ ਭਾਸ਼ਾਈ ਵੱਖਰਤਾ ਪੱਖੋਂ ਵੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇਹਨਾਂ ਨੇ ਆਪਣਾ ਯੋਗਦਾਨ ਪਾਇਆ ਹੈ। ਭਾਰਤ ਅਜਿਹਾ ਦੇਸ਼ ਹੈ ਜਿੱਥੇ ਵੱਖ-ਵੱਖ ਪ੍ਰਕਾਰ ਦੇ ਨਸਲੀ ਸਮੂਹ, ਜਾਤੀਆਂ ਅਤੇ ਕਬੀਲੇ ਨਿਵਾਸ ਕਰ ਰਹੇ ਹਨ। ਇਹਨਾਂ ਵੱਖ-ਵੱਖ ਸਮੂਹਾਂ ਅਤੇ ਬਿਰਾਦਰੀਆਂ ਦੀਆਂ ਬੋਲੀਆਂ ਅਤੇ ਸੰਸਕ੍ਰਿਤੀ ਵਿੱਚ ਬਹੁਤ ਸਾਰੇ ਕਬੀਲੇ ਅਜਿਹੇ ਹਨ ਜੋ ਆਪਣਾ ਪਿਛੋਕੜ ਰਾਜਪੂਤ-ਮੋਦੀਆਂ ਨਾਲ ਜੋੜਨ ਦਾ ਦਾਅਵਾ ਕਰਦੇ ਹਨ। ਇਨਾਂ ਦੀਆਂ ਗੋਤਰਾਂ ਦੇ ਨਾਂ ਵੀ ਕਸ਼ੱਤ੍ਰੀਆਂ

ਵਾਲੇ ਹਨ। 'ਬਾਵਰੀਆਂ ਕਬੀਲਾ' ਅਜਿਹੇ ਕਬੀਲਿਆਂ ਵਿੱਚੋਂ ਇੱਕ ਮੁੱਖ ਕਬੀਲਾ ਹੈ। 'ਬਾਵਰੀਆ ਕਬੀਲਾ' ਨੂੰ 'ਬੌਰੀਆ ਕਬੀਲਾ' ਜਾਂ 'ਬੌਰੀਏ' ਵੀ ਕਿਹਾ ਜਾਂਦਾ ਹੈ। "ਡਾ.ਕਰਨੈਲ ਸਿੰਘ ਥਿੰਦ ਨੇ ਇਹਨਾਂ ਨੂੰ ਨੌ ਪ੍ਰਕਾਰ ਦਾ ਦੱਸਿਆ ਹੈ ਜਿਵੇਂ ਦੇਸਾਵਾਲੀ, ਗੰਧੀਲੇ, ਠੁੰਮਹੇ, ਪੌਂਦਲੇ, ਕਾਲ ਸਬਕੀਏ, ਗੁਜਰਾਤੀ, ਗਡਰੀਏ, ਤੇਲ-ਭਾਦਰੀ ਅਤੇ ਮਾਰਵਾੜੀ।[2]

'ਬਾਵਰੀ ਕਬੀਲਾ' ਦੇ ਲੋਕ ਆਪਣਾ ਮੂਲ ਸਥਾਨ ਚਤੌੜਗੜ ਦੇ ਕਿਲ੍ਹੇ ਨੂੰ ਮੰਨਦੇ ਹਨ ਅਤੇ ਆਪਣੇ-ਆਪ ਨੂੰ ਰਾਜਪੂਤਾਂ ਦੀ ਵੰਸ਼ ਵਿੱਚੋਂ ਸਵੀਕਾਰ ਕਰਦੇ ਹਨ। ਬਾਵਰੀ ਸਮੁਦਾਇ ਦੇ ਲੋਕਾਂ ਅਨੁਸਾਰ ਚਤੌੜਗੜ ਕਿਲ੍ਹੇ ਤੇ ਕਬਜ਼ਾ ਹੋਣ ਕਾਰਨ ਉਹਨਾਂ ਨੂੰ ਕਿਲ੍ਹਾ ਛੱਡਣਾ ਪਿਆ। ਮੁਗਲਾਂ ਹੱਥੋਂ ਹੋਈ ਹਾਰ ਕਾਰਨ ਉਹਨਾਂ ਨੂੰ ਆਪਣੇ ਮੂਲ-ਸਥਾਨ ਤੋਂ ਪ੍ਰਵਾਸ ਕਰਕੇ ਜੰਗਲਾਂ ਵਿੱਚ ਵਾਸ ਕਰਨਾ ਪਿਆ, ਜਿੱਥੇ ਉਹ ਗੁੰਮਸ਼ੁਦਾ ਜੀਵਨ ਬਤੀਤ ਕਰਨ ਲੱਗੇ ਅਤੇ ਪੇਟ ਦੀ ਭੁੱਖ ਮਿਟਾਉਣ ਲਈ ਸ਼ਿਕਾਰੀ ਅਤੇ ਅਪਰਾਧੀ ਬਣੇ। ਸਮੇਂ ਦੇ ਬੀਤਣ ਨਾਲ ਬਾਵਰੀ ਕਬੀਲੇ ਨਾਲ ਸੰਬੰਧਿਤ ਬਿਰਾਦਰੀ ਦੇ ਲੋਕ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਵਸਣ ਲੱਗੇ। 'ਬਾਵਰੀ ਕਬੀਲਾ' ਭ੍ਰਮੀਸ਼ੀਲ ਅਤੇ ਅਪਰਾਧੀ ਹੋਣ ਕਾਰਨ ਵਧੇਰੇ ਗਤੀਸ਼ੀਲ ਰਿਹਾ ਇਸੇ ਗਤੀਸ਼ੀਲਤਾ ਕਾਰਨ ਹੀ ਇਹ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਨਵੇਂ-ਨਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਖੇਤਰੀ ਭਿੰਨਤਾ ਕਾਰਨ ਇਹਨਾਂ ਦੀ ਬੋਲੀ ਅਤੇ ਰਹਿਣ-ਸਹਿਣ ਵਿੱਚ ਵੀ ਵੱਖਰਤਾ ਪਾਈ ਜਾਂਦੀ ਹੈ।

'ਬਾਵਰੀ ਕਬੀਲੇ' ਨੂੰ ਭਾਰਤ ਦੇ ਅਪਰਾਧੀ ਕਬੀਲਿਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਅਪਰਾਧੀ ਕਬੀਲਿਆਂ ਤੋਂ ਭਾਵ, ਕਬੀਲਿਆਂ ਦੇ ਉਹ ਸਮੂਹ ਹਨ,ਜਿਹੜੇ ਨਸਲੀ ਜਾਂ ਸਮਾਜਿਕ ਸੰਬੰਧਾਂ ਦੁਆਰਾ, ਇੱਕ ਦੂਸਰੇ ਨਾਲ ਸੰਗਠਿਤ ਹਨ ਅਤੇ ਚੋਰੀ, ਠੱਗੀ ਮਾਰਕੇ ਜੀਵਨ ਨਿਰਬਾਹ ਕਰਦੇ ਹਨ।

"ਬੰਬਈ ਅਤੇ ਮਦਰਾਸ ਵਿੱਚ ਬੇਸ਼ੱਕ ਅਧਿਨਿਯਮ 1924 ਤੋਂ ਪਹਿਲੋਂ ਹੀ ਮਨਸੂਖ ਕਰ ਦਿੱਤਾ ਗਿਆ ਸੀ, ਫਿਰ ਵੀ ਇਨਾਂ ਕਬੀਲਿਆਂ ਵਿਚਲੇ ਮੈਂਬਰਾਂ ਦੀ ਗਿਣਤੀ ਲੱਖਾਂ ਵਿੱਚ ਸੀ। 1941 ਦੀ ਮਰਦਮ ਸ਼ੁਮਾਰੀ ਵੇਲੇ ਇਕੱਲੇ ਉੱਤਰ ਪ੍ਰਦੇਸ਼ ਵਿੱਚ ਹੀ ਅਪਰਾਧੀ ਕਬੀਲਿਆਂ ਦੇ 16,68,845 ਮੈਂਬਰ ਸਨ। ਜਿਨਾਂ ਵਿਚੋਂ 29,839 ਰਜਿਸਟਰਡ ਸਨ। ਇਹਨਾਂ ਵਿਚੋਂ ਵਧੇਰੇ ਪ੍ਰਸਿੱਧ ਕਬੀਲੇ ਬੌਰੀਏ, ਭੰਟੂ, ਰਾਬਰੂ, ਭੇਟ-ਕੁੱਟ, ਬਲੋਚ, ਡੋਮ, ਹਾਰਨੀ, ਕੰਜਰ, ਨਟ, ਕਾਰਵਾਲ, ਮੀਨਾ, ਪੱਖੀਵਾੜਾ, ਪਗੂ ਅਤੇ ਸਾਂਸੀ ਸਨ।[3]

ਹਰਿੰਦਰ ਸਿੰਘ ਮੁਤਾਬਕ, "ਬੌਰੀਆ/ਬਾਵਰੀਆ ਕਬੀਲੇ ਦੇ ਲੋਕ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵਸੇ ਹੋਏ ਮਿਲਦੇ ਹਨ ਜਿਵੇਂ ਜੰਮੂ, ਹਰਿਆਣਾ, ਪੰਜਾਬ, ਰਾਜਸਥਾਨ, ਗੁਜਰਾਤ, ਬੰਗਾਲ, ਮਹਾਂਰਾਸ਼ਟਰ, ਕਰਨਾਟਕ, ਕੇਰਲਾ ਆਦਿ। ਪੰਜਾਬ ਵਿੱਚ ਵੀ ਇਹਨਾਂ ਦੀ ਕਾਫੀ ਗਿਣਤੀ ਨਿਵਾਸ ਕਰ ਰਹੀ ਹੈ। ਪੰਜਾਬ ਵਿੱਚ ਫਿਰੋਜ਼ਪੁਰ, ਮੋਗਾ, ਫ਼ਰੀਦਕੋਟ, ਬਠਿੰਡਾ, ਕਪੂਰਥਲਾ, ਲੁਧਿਆਣਾ, ਪਟਿਆਲਾ, ਸੰਗਰੂਰ, ਮਾਨਸਾ ਆਦਿ ਵਿੱਚ ਰਹਿ ਰਹੇ ਹਨ।[4]

"1981 ਦੀ ਭਾਰਤੀ ਜਨਗਣਨਾ ਅਨੁਸਾਰ ਭਾਰਤ ਦੇ ਮੁੱਖ ਪ੍ਰਦੇਸ਼ਾਂ ਵਿੱਚ ਜਿਥੇ ਬਾਵਰੀ ਜਾਤੀ ਨਾਲ ਸੰਬੰਧਿਤ ਲੋਕ ਨਿਵਾਸ ਕਰ ਰਹੇ ਹਨ, ਉਹਨਾਂ ਪ੍ਰਦੇਸ਼ਾਂ ਦੀ ਬਾਵਰੀ-ਜੰਨ-ਸੰਖਿਆ ਦੇ ਅੰਕੜੇ ਹੇਠ ਲਿਖੇ ਅਨੁਸਾਰ ਹਨ।[5]

| ਲੜੀ ਨੰ. | ਪ੍ਰਦੇਸ਼ ਦਾ ਨਾਮ | ਕੁੱਲ ਆਬਾਦੀ | ਮਰਦ | ਔਰਤਾਂ |
|---|---|---|---|---|
| 1 | ਪੰਜਾਬ | 62624 | 32986 | 29638 |
| 2 | ਹਰਿਆਣਾ | 31296 | 16424 | 14872 |
| 3 | ਰਾਜਸਥਾਨ | 180054 | ------- | -------- |
| 4 | ਉੱਤਰ-ਪ੍ਰਦੇਸ਼ | 4893 | 2619 | 2274 |
| 5 | ਦਿੱਲੀ | 3953 | 2131 | 1822 |

"2011 ਦੀ ਭਾਰਤੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਬੌਰੀਆ ਬਿਰਾਦਰੀ ਦੀ ਜਨ-ਸੰਖਿਆ ਦੇ ਜਿਲ੍ਹਿਆ ਅਨੁਸਾਰ ਅੰਕੜੇ।[6]

| ਲੜੀ ਨੰ. | ਜਿਲ੍ਹੇ ਦਾ ਨਾਮ | ਕੁੱਲ | ਮਰਦ | ਔਰਤਾਂ |
|---|---|---|---|---|
| 1 | ਗੁਰਦਾਸਪੁਰ | 85 | 40 | 45 |
| 2 | ਕਪੂਰਥਲਾ | 950 | 481 | 469 |
| 3 | ਜਲੰਧਰ | 373 | 201 | 172 |
| 4 | ਹੁਸ਼ਿਆਰਪੁਰ | 197 | 100 | 97 |
| 5 | ਸ਼ਹੀਦ ਭਗਤ ਸਿੰਘ ਨਗਰ | 203 | 101 | 102 |
| 6 | ਫਤਹਿਗੜ੍ਹ ਸਾਹਿਬ | 7 | 4 | 3 |
| 7 | ਲੁਧਿਆਣਾ | 6374 | 3284 | 3090 |
| 8 | ਮੋਗਾ | 19059 | 9984 | 9075 |
| 9 | ਫਿਰੋਜ਼ਪੁਰ | 25660 | 13295 | 12365 |
| 10 | ਸ੍ਰੀ ਮੁਕਤਸਰ ਸਾਹਿਬ | 21288 | 11064 | 10224 |
| 11 | ਫਰੀਦਕੋਟ | 26603 | 13862 | 12741 |
| 12 | ਬਠਿੰਡਾ | 14158 | 7333 | 6825 |

| | | | | |
|---|---|---|---|---|
| 13 | ਮਾਨਸਾ | 3380 | 1751 | 1629 |
| 14 | ਪਟਿਆਲਾ | 1194 | 624 | 570 |
| 15 | ਅੰਮ੍ਰਿਤਸਰ | 71 | 42 | 29 |
| 16 | ਤਰਨਤਾਰਨ | 37 | 20 | 17 |
| 17 | ਰੂਪਨਗਰ | 29 | 14 | 15 |
| 18 | ਸਾਹਿਬਜਾਦਾ ਅਜੀਤ ਸਿੰਘ ਨਗਰ | 30 | 18 | 12 |
| 19 | ਸੰਗਰੂਰ | 3580 | 1837 | 1743 |
| 20 | ਬਰਨਾਲਾ | 1981 | 1055 | 926 |
| 21 | ਕੁੱਲ (ਪੰਜਾਬ) | 125259 | 65107 | 60152 |

ਉਪਰੋਕਤ ਅੰਕੜਿਆਂ ਤੋਂ 'ਬੌਰੀਆ ਕਬੀਲੇ' ਦੇ ਲੋਕਾਂ ਦੀ ਵੱਸੋਂ ਦੇ ਪਾਸਾਰ ਬਾਰੇ ਜਾਣਿਆ ਜਾ ਸਕਦਾ ਹੈ। ਜਿਥੋਂ ਤੱਕ ਬੌਰੀਆ ਕਬੀਲੇ ਦੀ ਬੋਲੀ ਦੇ ਖੇਤਰ ਅਧਾਰਿਤ ਵੱਖਰਤਾ ਦਾ ਸਵਾਲ ਹੈ, ਇਹ ਸਵਾਲ ਬੜਾ ਹੀ ਪੇਚੀਦਾ ਅਤੇ ਰੁਚੀ ਵਾਲਾ ਹੈ।ਭਾਰਤ ਦੀ ਵੱਸੋਂ ਬਹੁ-ਭਾਸ਼ੀ ਹੈ। ਬੌਰੀਆ ਬਿਰਾਦਰੀ ਦੀ ਬੋਲੀ ਵੀ ਕਈ ਭਾਰਤੀ ਭਾਸ਼ਾਵਾਂ ਦੇ ਸਹਿਵਾਸ ਵਿੱਚ ਰਹਿੰਦਿਆਂ ਬਾਵਰੀ ਲੋਕਾਂ ਲਈ ਸੰਚਾਰ ਦਾ ਮਾਧਿਅਮ ਬਣਦੀ ਹੈ।ਬਾਵਰੀ ਬੋਲੀ ਦੇ ਸਮਾਜਿਕ ਵਖਰੇਵਿਆਂ ਦੇ ਸਮਾਨਾਂਤਰ ਖੇਤਰੀ ਵਖਰੇਵੇਂ ਨੂੰ ਵੇਖਣ ਨੂੰ ਮਿਲਦੇ ਹਨ।

ਖੇਤਰੀ-ਭਾਸ਼ਾਈ ਵਖਰੇਵਾਂ, ਉਪਭਾਸ਼ਾ (ਡਾਇਕਲੈਕਟ) ਨਾਲ ਜੁੜਿਆ ਹੋਇਆ ਹੈ।ਜਦੋਂ ਕਿਸੇ ਭੂਗੋਲਿਕ ਹੱਦਬੰਦੀ ਦੀ ਦ੍ਰਿਸ਼ਟੀ ਤੋਂ ਭਾਸ਼ਾਈ ਪ੍ਰਮੁਖਤਾ ਅਨੁਸਾਰ ਕਿਸੇ ਬੋਲੀ ਦੀ ਵਿਸ਼ੇਸ਼ ਵੰਨਗੀ ਨੂੰ ਵੱਖਰੀ ਹੋਂਦ ਵਜੋਂ ਸਥਾਪਿਤ ਕੀਤਾ ਜਾਂਦਾ ਹੈ ਤਾਂ ਉਸਨੂੰ ਖੇਤਰੀ ਭਾਸ਼ਾਈ ਵਖਰੇਵਾਂ ਜਾਂ ਖੇਤਰੀ ਉਪਭਾਸ਼ਾ ਦਾ ਨਾਮ ਦਿੱਤਾ ਜਾਂਦਾ ਹੈ।ਕਿਸੇ ਵਿਸ਼ੇਸ਼ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਦੀ ਵਿਲੱਖਣ ਬੋਲੀ ਹੀ ਖੇਤਰੀ ਉਪਭਾਸ਼ਾ ਦੇ ਨਾਮ ਨਾਲ ਜਾਣੀ ਜਾਂਦੀ ਹੈ।ਖੇਤਰੀ ਭਾਸ਼ਾਈ ਵਖਰੇਵਿਆਂ ਦੀ ਪਛਾਣ ਲਈ ਉਪਭਾਸ਼ਾ-ਭੂਗੋਲ (Dialect Geography) ਦੀ ਸਹਾਇਤਾ ਲਈ ਜਾਂਦੀ ਹੈ।

"Dialectology refers to distinguish between two different dialects of the same language.[7]

ਖੇਤਰੀ ਭਾਸ਼ਾਈ ਵਖਰੇਵੇਂ ਵਜੋਂ ਜਦੋਂ ਅਸੀਂ ਬੌਰੀਆ ਬਿਰਾਦਰੀ ਦੀ ਬੋਲੀ ਦੇ ਖੇਤਰੀ ਵਖਰੇਵਿਆਂ ਨੂੰ ਵਾਚਦੇ ਹਾਂ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਜੰਗਲੀ ਵਾਸ ਹੋਣ ਕਰਕੇ ਇਸ ਬਿਰਾਦਰੀ ਦੇ ਲੋਕਾਂ ਦੀ ਬੋਲੀ ਵਿੱਚ ਮੂਲ ਸ਼ਬਦਾਵਲੀ ਆਪਣੀ ਹੈ।'ਬਾਵਰੀ ਬੋਲੀ 'ਦਾ ਖੇਤਰ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਹਰਿਆਣਾ, ਬਿਹਾਰ, ਗੁਜਰਾਤ ਆਦਿ ਪ੍ਰਦੇਸ਼ਾਂ, ਤੱਕ ਦੂਰ-ਦੂਰ ਤੱਕ ਫੈਲਿਆ ਹੋਇਆ ਹੈ। 'ਬਾਵਰੀ ਬਿਰਾਦਰੀ' ਦੇ ਲੋਕਾਂ ਦੀ ਬੋਲੀ ਨੇ ਜਿੱਥੇ ਪੰਜਾਬ ਵਿੱਚ ਪੰਜਾਬੀ ਨਾਲ ਸਹਿਵਾਸ ਕੀਤਾ ਹੈ ਉਥੇ ਬੌਰੀਆ ਜਾਤੀ ਦੀ ਬੋਲੀ ਨੇ

ਰਾਜਸਥਾਨੀ, ਮਾਰਵਾੜੀ ਅਤੇ ਗੁਜਰਾਤ ਦੀ ਭੀਲ ਜਾਤੀ ਦੀ ਬੋਲੀ ਨਾਲ ਇਸ ਭਾਸ਼ਾ ਦੀ ਸਹਿ-ਹੋਂਦ ਤੇ ਵਾਸ ਨੂੰ ਦੇਖਿਆ ਜਾ ਸਕਦਾ ਹੈ। 'ਭੀਲ ਬੋਲੀ' ਅਤੇ 'ਕਨਿਸ਼ਠ ਭੀਲੀ' ਬੋਲੀਆਂ ਦੇ ਦੋ ਵਰਗਾਂ ਵਿਚੋਂ 'ਗ੍ਰੀਅਰਸਨ' ਨੇ ਬਾਵਰੀ ਭਾਸ਼ਾ ਨੂੰ 'ਕਨਿਸ਼ਠ ਭੀਲੀ' ਭਾਸ਼ਾ ਦੀਆਂ ਉਪਬੋਲੀਆਂ ਵਿੱਚੋਂ ਇੱਕ ਮੰਨਿਆ ਹੈ।

"ਬਾਵਰੀ" ਬਾਵਰੀਆਂ ਦੀ ਭਾਸ਼ਾ ਹੈ ਜੋ ਸ਼ਿਕਾਰੀ ਤੇ ਅਪਰਾਧੀ ਜਨਜਾਤੀ ਹੈ।ਪੰਜਾਬ ਅਤੇ ਯੂ.ਪੀ ਦੇ ਮੁੱਜ਼ਫਰਨਗਰ ਵਿੱਚ ਰਹਿੰਦੀ ਹੈ।ਰਾਜਪੁਤਾਨਾਂ ਦੇ ਕਿਸ਼ਨਗੜ ਦੇ 400 ਮੋਘਿਆਂ ਦੀ ਭਾਸ਼ਾ ਬਾਉਰੀ ਮੰਨੀ ਗਈ ਹੈ।[8]

## ਬੌਰੀਆ ਬਿਰਾਦਰੀ ਦੀ ਬੋਲੀ ਦੀਆਂ ਖੇਤਰੀ ਭਾਸ਼ਾਈ ਵਿਲੱਖਣਤਾਵਾਂ ਤੇ ਵਿਸ਼ੇਸ਼ਤਾਵਾਂ:-

ਪੰਜਾਬ ਵਿੱਚ ਬੋਲੀ ਜਾਣ ਵਾਲੀ 'ਬੌਰੀਆ ਬਿਰਾਦਰੀ ਦੀ ਬੋਲੀ ਵਿਚ ਟਕਸਾਲੀ ਪੰਜਾਬੀ ਵਾਂਗ ਕੁਝ ਧੁਨੀਆਂ ਦੇ ਉਚਾਰ ਦੇ ਵੱਖਰੇ ਪੈਟਰਨ ਮਿਲਦੇ ਹਨ।

| ਲੜੀ ਨੰ: | ਪੰਜਾਬੀ ਸੈਂਟਰਲ ਬਾਵਰੀ ਬੋਲੀ | ਮਾਨਸਾ/ਬਠਿੰਡਾ ਖੇਤਰਾਂ ਵਿੱਚ ਬਾਵਰੀ ਬੋਲੀ |
|---|---|---|
| 1 | ਅੰਮੈਂ (ਅਸੀਂ) | ਅੰਬੈਂ (ਅਸੀਂ) |
| 2 | ਤੰਮੈਂ (ਤੁਸੀਂ) | ਤੰਬੈਂ (ਤੁਸੀਂ) |

ਪੰਜਾਬ ਦੀ ਬੌਰੀਆ ਬਿਰਾਦਰੀ ਬੋਲੀ ਅਤੇ ਉੱਤਰ ਪ੍ਰਦੇਸ਼ ਦੀ ਬੌਰੀਆ ਬਿਰਾਦਰੀ ਦੀ ਬੋਲੀ ਵਿਚਲੇ ਖੇਤਰੀ ਵਖਰੇਵੇਂਉਕਤ ਸ਼ਬਦਾਵਲੀ ਚਾਰਟ ਵਿੱਚ ਅਸੀਂ ਦੇਖਦੇ ਪੰਜਾਬੀ ਖੇਤਰਾਂ ਵਿੱਚ ਬੋਲੀ ਜਾਣ ਵਾਲੀ

| ਲੜੀ ਨੰ: | ਪੰਜਾਬੀ ਬਾਵਰੀ ਬੋਲੀ | ਯੂ.ਪੀ ਦੀ ਬਾਵਰੀ ਬੋਲੀ |
|---|---|---|
| 1 | ਹਾਬਣ (ਸਾਬਣ) | ਖਾਬਣ |
| 2 | ਹਾਹਰੌਂ (ਸਹੁਰਾ) | ਖਾਖਰੌਂ |
| 3 | ਹਬ (ਸਾਰੇ) | ਖ਼ਬ |
| 4 | ਫਹਲ (ਫਸਲ) | ਫਖਲ |
| 5 | ਮਾਹਲੂੰ (ਘੜਾ) | ਮਾਖਲੂੰ |
| 6 | ਮਾਹ (ਮਾਸ) | ਮਾਖ਼ |
| 7 | ਖੇਹ (ਕੇਸ) | ਖੇਖ਼ |
| 8 | ਦੋਹ (ਦਸ) | ਦੋਖ਼ |

'ਬੌਰੀਆ ਬੋਲੀ', ਦੀ ਸ਼ਬਦਾਵਲੀ ਦੇ ਉਚਾਰਨ ਮੁਕਾਬਲੇ ਯੂ.ਪੀ. ਦੀ ਬੌਰੀਆ ਬੋਲੀ ਨੂੰ ਵੱਖਰਾ ਪਾਇਆ ਜਾਂਦਾ ਹੈ।ਪੰਜਾਬੀ ਬੌਰੀਆ ਬੋਲੀ ਦੀ ਧੁਨੀ /ਹ/ ਦਾ ਉਚਾਰਨ ਯੂ.ਪੀ ਬਾਵਰੀ ਭਾਸ਼ਾ ਵਿੱਚ /ਖ/ ਵਿੱਚ ਬਦਲ ਗਿਆ ਹੈ।

ਇਹ ਵੱਖਰਤਾ ਇਲਾਕਾਈ ਭੇਦ ਸਦਕਾ ਆਉਂਦੀ ਹੈ।ਖੇਤਰੀ ਵੱਖਰਤਾ ਲਈ ਕਈ ਭੂਗੋਲਿਕ ਪਰਸਥਿਤੀਆਂ ਅਤੇ ਕਈ ਸਮਾਜਿਕ ਕਾਰਜ ਆਪਣਾ ਰੋਲ ਅਦਾ ਕਰਦੇ ਹਨ।ਭੂਗੋਲਿਕ ਤੌਰ 'ਤੇ ਇਹ ਕਾਰਨ ਦਰਿਆ, ਪਹਾੜ, ਮਾਰੂਥਲ, ਜੰਗਲ ਅਤੇ ਸਮਾਜਿਕ ਤੌਰ 'ਤੇ ਇਹ ਰਾਜਨੀਤਕ, ਆਰਥਿਕ, ਅਤੇ ਪ੍ਰਦੇਸ਼ਿਕ ਵੰਡ ਅਧਾਰਿਤ ਹੋ ਸਕਦੇ ਹਨ।ਉਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ 'ਬੌਰੀਆ ਬਿਰਾਦਰੀ' ਦੇ ਲੋਕਾਂ ਦਾ ਸਹਿਵਾਸ ਕਈ ਜਾਤੀਆਂ, ਉਪਜਾਤੀਆਂ ਨਾਲ ਹੈ।ਬੌਰੀਆ ਲੋਕਾਂ ਦੀ ਬੋਲੀ ਕਈ ਭਾਸ਼ਾਵਾਂ ਉਪਭਾਸ਼ਾਵਾਂ ਦੇ ਸਹਿਵਾਸ ਵਿੱਚ ਰਹਿ ਕੇ ਆਪਣੀ ਮੂਲ ਸ਼ਬਦਾਵਲੀ ਅਧਾਰਿਤ ਵੰਨਗੀ ਵਜੋਂ ਬੌਰੀਆ ਬਿਰਾਦਰੀ ਦੇ ਲੋਕਾਂ ਲਈ ਸੰਚਾਰ ਦਾ ਮਾਧਿਅਮ ਬਣੀ ਹੈ। ਭਾਰਤੀ ਬਹੁ-ਭਾਸ਼ਾਵਾਦ ਦੇ ਪ੍ਰਸ਼ਨ ਵਜੋਂ 'ਬੌਰੀਆ ਬਿਰਾਦਰੀ' ਦੀ ਬੋਲੀ ਵਿੱਚ ਮੌਲਿਕਤਾ ਅਤੇ ਵਿਲੱਖਣਤਾ ਦੇ ਤੱਤ ਮੌਜੂਦ ਹਨ, ਜੋ ਧੁਨੀ, ਸ਼ਬਦ ਅਤੇ ਅਰਥ-ਵਿਓਂਤ ਪੱਧਰ 'ਤੇ ਇਸਨੂੰ ਇੱਕ ਪਰਿਪੱਕ ਭਾਸ਼ਾ ਵਜੋਂ ਸਥਾਪਿਤ ਕਰਦੇ ਹਨ।

ਭਾਰਤੀ ਵੱਸੋਂ ਵੀ ਬਹੁ-ਭਾਸ਼ੀ ਹੈ।ਇੱਥੇ ਬਹੁ-ਭਾਸ਼ਾਵਾਦ ਸਚਮੁੱਚ ਹੀ ਵਾਦ ਬਣਿਆ ਹੋਇਆ ਹੈ।ਕਿਸੇ ਵੀ ਹੋਰ ਬਹੁਭਾਸ਼ੀ ਦੇਸ਼ ਵਿਚ ਇਹ ਸਮੱਸਿਆ ਏਨੀ ਪੇਚੀਦਾ ਨਹੀਂ ਹੋਈ ਜਿੰਨੀ ਭਾਰਤ ਵਿੱਚ ਹੈ।ਭਾਰਤ ਵਿੱਚ ਭਾਸ਼ਾਈ ਸਮੱਸਿਆ ਕੀ ਹੈ?ਇਸ ਦੀਆਂ ਕਿਹੜੀਆਂ ਪੇਚੀਦਗੀਆਂ ਹਨ? ਭਾਰਤੀ ਸੰਵਿਧਾਨ ਇਸ ਬਾਰੇ ਕੀ ਕਹਿੰਦਾ ਹੈ? ਇਨ੍ਹਾਂ ਤੱਥਾਂ ਨੂੰ ਸਮਝਣ ਲਈ ਸਾਨੂੰ ਭਾਰਤ ਦੀ ਭਾਸ਼ਾਈ, ਰਾਜਨੀਤਿਕ ਤੇ ਇਤਿਹਾਸਿਕ ਵਿਕਾਸ ਪ੍ਰਕਿਰਿਆ ਨੂੰ ਵੇਖਣ ਦੀ ਲੋੜ ਹੈ।[9]

## ਹਵਾਲੇ ਤੇ ਟਿੱਪਣੀਆਂ


1) ਖਹਿਰਾ, ਭੁਪਿੰਦਰ ਸਿੰਘ (ਡਾ.), 'ਨਵੀਨ ਭਾਸ਼ਾ ਵਿਗਿਆਨ' ਪਟਿਆਲਾ, ਪੈਪਸੂ ਬੁੱਕ ਡਿਪੂ, ਪਟਿਆਲਾ, ਦੂਸਰਾ ਸੰਸਕਰਣ 2016, ਪੰਨਾ ਨੰ-154.

2) ਥਿੰਦ, ਕਰਨੈਲ ਸਿੰਘ (ਡਾ.) 'ਪੰਜਾਬ ਦਾ ਲੋਕ ਵਿਰਸਾ', ਭਾਗ ਪਹਿਲਾ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੂਜਾ ਸੰਸਕਰਣ 2002, ਪੰਨਾ-27.

3) ਮਜ਼ੂਮਦਾਰ, ਡੀ ਐੱਸ, 'ਭਾਰਤੀ ਸੰਸਕ੍ਰਿਤੀਆ ਅਤੇ ਜਾਤੀਆਂ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975, ਪੰਨਾ-422.

4) ਹਰਿੰਦਰ ਸਿੰਘ (ਡਾ.) 'ਬੌਰੀਆਂ ਦੀ ਸ਼ਬਦਾਵਲੀ', ਪੰਜਾਬੀ ਕੋਸ਼ਕਾਰੀ ਚੁਣੌਤੀਆਂ ਅਤੇ ਸੰਭਾਵਨਾਵਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ-100.

5) http://censusindia.gov.in (1 ਮਈ 2022).

6) http://censusindia.gov.in (1 ਮਈ 2022).

7) Yule George 'The study of language' Cambridge, Cambridge University Press, 2009, P. 196.

8) Grierson, G.A. 'Linguistic Survey of India' Vol-IX Part-III, The Bhil Language (Motilal Bnarsi Dass) 1907, Boari, P.17.

9) ਬਰਾੜ, ਬੂਟਾ ਸਿੰਘ (ਡਾ.), 'ਪੰਜਾਬੀ ਭਾਸ਼ਾ ਸਰੋਤ ਤੇ ਸਰੂਪ', ਅੰਮ੍ਰਿਤਸਰ, ਵਾਰਿਸ਼ ਸ਼ਾਹ ਫ਼ਾਉਡੇਸ਼ਨ, ਅੰਮ੍ਰਿਤਸਰ, 2015, ਪੰਨਾ-174.

# ਲਾਇਬ੍ਰੇਰੀ ਸਾਇੰਸ ਵਿੱਚ ਵਰਗੀਕਰਣ ਵਿਧੀ

**ਨਿਸ਼ਾ ਦੇਵੀ**
ਲਾਇਬ੍ਰੇਰੀਅਨ
ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ
ਆਫ਼ ਸੋਸ਼ਲ ਸਾਇੰਸਜ਼, ਸ੍ਰੀ ਆਨੰਦਪੁਰ ਸਾਹਿਬ।

**ਅਮੂਰਤ**

ਲਾਇਬ੍ਰੇਰੀ ਪੁਸਤਕਾਂ ਦੀ ਵਰਤੋਂ ਅਤੇ ਗਿਆਨ ਵਿੱਚ ਵਾਧਾ ਕਰਨ ਲਈ ਸਥਾਪਿਤ ਕੀਤੀ ਜਾਂਦੀ ਹੈ।ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਲਾਇਬ੍ਰੇਰੀ, ਪੁਸਤਕਾਂ ਪ੍ਰਾਪਤ ਕਰਨ, ਪਾਠਕਾਂ ਨੂੰ ਉਨ੍ਹਾਂ ਬਾਰੇ ਸੂਚਿਤ ਕਰਨ ਅਤੇ ਪੁਸਤਕਾਂ ਦੀ ਪਛਾਣ ਅਤੇ ਭਾਲ ਵਿੱਚ ਸਹਾਇਤਾ ਦਿੰਦੀ ਹੈ।ਇਸ ਤੋਂ ਇਲਾਵਾ ਲਾਇਬ੍ਰੇਰੀ, ਪਾਠਕਾਂ ਨੂੰ ਲਾਇਬ੍ਰੇਰੀ ਦੇ ਅੰਦਰ ਅਤੇ ਘਰ ਵਿੱਚ ਪੁਸਤਕਾਂ ਵਰਤਣ ਦੀ ਸਹੂਲੀਅਤ ਦਿੰਦੀ ਹੈ ਅਤੇ ਦੂਜੀਆਂ ਸੇਵਾਵਾਂ ਰਾਹੀਂ ਪੁਸਤਕਾਂ ਵਿੱਚ ਦਰਜ ਗਿਆਨ ਨਾਲ ਪਾਠਕਾਂ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ।ਲਾਇਬ੍ਰੇਰੀ ਗਿਆਨ ਅਤੇ ਵਿਦਵਤਾ ਦਾ ਸੋਮਾ ਹੁੰਦੇ ਹੋਏ ਇਸ ਵਿਚ ਸਾਂਭੇ ਪੁਰਾਣੇ ਰਿਕਾਰਡ ਸਾਡੇ ਸੱਭਿਆਚਾਰ ਤੇ ਹਰ ਪ੍ਰਕਾਰ ਦੇ ਇਤਿਹਾਸ ਦਾ ਸੋਮਾ ਹੁੰਦੇ ਹਨ।ਇਸੇ ਰਿਕਾਰਡ 'ਚੋਂ ਵਿਰਸੇ ਨੂੰ ਖੋਜ ਕੇ ਅਕਾਦਮਿਕ ਪੱਧਰ ਦੇ ਗਿਆਨ ਨੂੰ ਉੱਚਾ ਚੁੱਕਦੇ ਹਾਂ।ਲਾਇਬ੍ਰੇਰੀਆਂ ਦਾ ਹੋਣਾ ਸੱਭਿਆਚਾਰਕ ਤੇ ਇਤਿਹਾਸਕ ਵਿਰਸੇ ਦੇ ਅਮੀਰ ਤੇ ਕਿਰਿਆਸ਼ੀਲ ਹੋਣ ਦੀ ਗਵਾਹੀ ਹੈ।

**ਕੁੰਜੀ ਸ਼ਬਦ :** ਪੁਸਤਕ ਵਰਗੀਕਰਣ, ਪੁਸਤਕ ਸੂਚਨਾ, ਪੁਸਤਕ ਪਛਾਣ, ਸੁਵਿਧਾਜਨਕ ਉਪਲੱਬਧੀ।

ਲਾਇਬ੍ਰੇਰੀ ਸਾਇੰਸ ਆਪਣੇ ਆਪ ਵਿੱਚ ਉਨਾਂ ਤਕਨੀਕਾਂ ਬਾਰੇ ਦੱਸਦੀ ਹੈ ਜੋ ਪੁਸਤਕਾਂ ਦੇ ਪ੍ਰਬੰਧ ਤੋਂ ਲੈ ਕੇ ਸਾਂਭ ਸੰਭਾਲ ਦੀ ਜਾਣਕਾਰੀ ਦਿੰਦੀ ਹੈ।ਲਾਇਬ੍ਰੇਰੀ ਵਰਗੀਕਰਣ ਵੀ ਇਸ ਦੀ ਇੱਕ ਵਿਧੀ ਹੈ।ਲਾਇਬ੍ਰੇਰੀ ਵਿੱਚ ਵਰਗੀਕਰਣ ਦੀ ਲੋੜ ਪੁਸਤਕਾਂ ਨੂੰ ਵਰਗੀਕਰਣ ਕਰਨ ਲਈ ਵਰਤੇ ਜਾਣ ਵਾਲੇ ਗੁਣ ਪਾਠਕਾਂ ਨੂੰ ਪੁਸਤਕ ਬਾਰੇ ਸੂਚਿਤ ਕਰਨ ਅਤੇ ਲਾਇਬ੍ਰੇਰੀ ਵਿੱਚ ਪੁਸਤਕਾਂ ਦੀ ਪਛਾਣ ਅਤੇ ਭਾਲ ਵਿੱਚ ਸੁਵਿਧਾ ਦੇਣ ਲਈ ਦੋ ਢੰਗ ਵਰਤੇ ਜਾਂਦੇ ਹਨ।

1) ਵਰਗੀਕਰਣ
2) ਸੂਚੀਕਰਣ

**ਵਰਗੀਕਰਣ :** ਲਾਇਬ੍ਰੇਰੀ ਵਿੱਚ ਪੁਸਤਕਾਂ ਨੂੰ ਵਿਸ਼ੇ ਵਾਰ ਤਰਤੀਬ ਦੇਣ ਦੀ ਪ੍ਰਕ੍ਰਿਆ ਨੂੰ ਵਰਗੀਕਰਣ ਆਖਿਆ ਜਾਂਦਾ ਹੈ।ਸੂਚੀ ਜਾਂ ਕੈਟਾਲਾਗ ਲਾਇਬ੍ਰੇਰੀ ਵਿੱਚ ਉਪਲਬੱਧ ਪੁਸਤਕਾਂ ਦੀ ਇਕ ਤਰਤੀਬਵਾਰ ਸੂਚੀ ਹੁੰਦੀ ਹੈ।ਜਿਸ ਵਿੱਚ ਪੁਸਤਕਾਂ ਬਾਰੇ ਉਨ੍ਹਾਂ ਦੀ ਲਾਇਬ੍ਰੇਰੀ ਵਿੱਚ ਨਿਸ਼ਚਿਤ ਥਾਂ ਦੀ ਜਾਣਕਾਰੀ ਅੰਕਿਤ ਕੀਤੀ ਗਈ ਹੁੰਦੀ ਹੈ।ਕੈਟਾਲਾਗ ਦਾ ਮਨੋਰਥ ਪਾਠਕਾਂ ਨੂੰ ਲਾਇਬ੍ਰੇਰੀ ਵਿੱਚ ਉਪਲਬੱਧ ਪੁਸਤਕ ਬਾਰੇ ਪੂਰਨ ਜਾਣਕਾਰੀ ਦੇਣਾ ਹੁੰਦਾ ਹੈ ਤਾਂ ਕਿ ਉਹ ਲੋੜੀਂਦੀਆਂ ਪੁਸਤਕਾਂ ਪ੍ਰਾਪਤ ਕਰ ਸਕਣ।

**ਸੂਚੀਕਰਣ :** ਕੈਟਾਲਾਗ ਸ਼ਬਦ ਯੂਨਾਨੀ ਵਾਕਾਂਸ਼ "ਕੈਟਾਲਾਗਸ" ਤੋਂ ਲਿਆ ਗਿਆ ਹੈ।'ਕੈਟਾ' ਦਾ ਅਰਥ ਹੈ ਦੁਆਰਾ ਜਾਂ ਆਰਡਰ।ਇਸ ਪ੍ਰਕਾਰ ਕੈਟਾਲਾਗ ਇਕ ਅਜਿਹਾ ਕੰਮ ਹੈ।ਜਿਸ ਵਿੱਚ ਸਿਰਲੇਖਾਂ ਦਾ ਰਿਕਾਰਡ

ਉਚਿਤ ਢੰਗ ਨਾਲ ਤਰਤੀਬਬੱਧ ਕੀਤਾ ਜਾਂਦਾ ਹੈ। ਵਿਆਪਕ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਲਾਇਬ੍ਰੇਰੀ ਸੂਚੀ ਕਿਸੇ ਲਾਇਬ੍ਰੇਰੀ ਵਿੱਚ ਪਈਆਂ ਪੁਸਤਕਾਂ ਅਤੇ ਦੂਸਰੇ ਸਿਰਲੇਖਾਂ ਦੀ ਸੂਚੀ ਹੁੰਦੀ ਹੈ। ਜੋ ਕਿਸੇ ਨਿਰਧਾਰਤ ਯੋਜਨਾ ਅਨੁਸਾਰ ਤਰਤੀਬਬੱਧ ਕੀਤੀ ਜਾਂਦੀ ਹੈ ਅਤੇ ਕਿਸੇ ਲਾਇਬ੍ਰੇਰੀ ਵਿੱਚ ਪਈ ਸਮੱਗਰੀ ਦੀ ਸਥਿਤੀ ਤੇ ਪਛਾਣ ਦੱਸਦੀ ਹੈ।

**ਵਰਗੀਕਰਣ ਦੀ ਲੋੜ :** ਜਿੱਥੇ ਵੀ ਪੁਸਤਕਾਂ ਦਾ ਸੰਗ੍ਰਹਿ ਹੁੰਦਾ ਹੈ। ਉੱਥੇ ਹੀ ਉਨਾਂ ਨੂੰ ਤਰਤੀਬ ਦੇਣ ਦੀ ਲੋੜ ਪੈਦੀ ਹੈ। ਕਿਉਂਕਿ ਜਦੋਂ ਤੱਕ ਪੁਸਤਕਾਂ ਨੂੰ ਕਿਸੇ ਯੋਗ ਤਰਤੀਬ ਵਿੱਚ ਨਹੀਂ ਰਖਿਆ ਜਾਂਦਾ ਉਦੋਂ ਤੱਕ ਉਨਾਂ ਵਿਚੋਂ ਲੋੜੀਂਦੀਆਂ ਪੁਸਤਕਾਂ ਲੱਭਣੀਆਂ ਸੰਭਵ ਨਹੀਂ ਹੁੰਦੀਆਂ। ਇਕ ਛੋਟੇ ਆਕਾਰ ਵਾਲੀ ਲਾਇਬ੍ਰੇਰੀ ਵਿੱਚ ਸੈਂਕੜੇ ਪੁਸਤਕਾਂ ਉਪਲੱਬਧ ਹੁੰਦੀਆਂ ਹਨ। ਉਨ੍ਹਾਂ ਵਿੱਚੋਂ ਲਾਇਬ੍ਰੇਰੀਅਨ ਭਾਵੇਂ ਛੇਤੀ ਲੋੜੀਂਦੀ ਪੁਸਤਕ ਦੀ ਭਾਲ ਕਰ ਸਕਦਾ ਹੈ। ਪਰ ਅਜਿਹੀ ਲਾਇਬ੍ਰੇਰੀ ਵਿਚ ਵੀ ਇਕ ਵਿਸ਼ੇਸ਼ ਵਿਸ਼ੇ ਜਾਂ ਵਿਸ਼ਾ ਗਰੁੱਪ ਦੀਆਂ ਪੁਸਤਕਾਂ ਭਾਲ ਸਕਣ ਵਿਚ ਕਾਫ਼ੀ ਦਿੱਕਤ ਪੇਸ਼ ਆ ਸਕਦੀ ਹੈ। ਲਾਇਬ੍ਰੇਰੀ ਵਿਚ ਆਮ ਤੌਰ 'ਤੇ ਪੁਸਤਕਾਂ ਹਜ਼ਾਰਾਂ ਦੀ ਗਿਣਤੀ ਵਿਚ ਹੁੰਦੀਆਂ ਹਨ ਜਿਨਾਂ ਵਿਚੋਂ ਪਾਠਕਾਂ ਨੂੰ ਲੋੜੀਦੀਆਂ ਪੁਸਤਕਾਂ ਆਪੇ ਹੀ ਲੱਭਣੀਆਂ ਪੈਂਦੀਆਂ ਹਨ। ਇਸ ਲਈ ਪੁਸਤਕਾਂ ਨੂੰ ਪਾਠਕਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਤਰਤੀਬ ਦੇਣੀ ਜ਼ਰੂਰੀ ਹੁੰਦੀ ਹੁੰਦੀ ਹੈ। ਆਮ ਤੌਰ 'ਤੇ ਪਾਠਕ ਲਾਇਬ੍ਰੇਰੀ ਵਿਚ ਕੋਈ ਵਿਸ਼ੇਸ਼ ਪੁਸਤਕ ਜਾਂ ਕਿਸੇ ਵਿਸ਼ੇਸ਼ ਵਿਸ਼ੇ 'ਤੇ ਲਿਖੀ ਪੁਸਤਕ ਪੜ੍ਹਨ ਲਈ ਉਧਾਰ ਲੈਣ ਲਈ ਆਉਂਦੇ ਹਨ। ਵਿਸ਼ੇਸ਼ ਪੁਸਤਕਾਂ ਦੀ ਪਛਾਣ ਪੁਸਤਕ ਦੇ ਵਿਸ਼ੇ, ਉਸ ਦੇ ਲੇਖਕ ਦਾ ਨਾਂ ਜਾਂ ਸਿਰਲੇਖ ਨਾਲ ਕੀਤੀ ਜਾਂਦੀ ਹੈ। ਇਸ ਲਈ ਆਮ ਤੌਰ 'ਤੇ ਪਾਠਕ ਪੁਸਤਕਾਂ ਪਛਾਨਣ ਅਤੇ ਲੱਭਣ ਲਈ ਲੇਖਕ ਦੇ ਨਾਂ ਜਾਂ ਸਿਰਲੇਖ ਜਾਂ ਵਿਸ਼ੇ ਨੂੰ ਆਧਾਰ ਬਣਾਉਂਦੇ ਹਨ। ਭਾਵੇਂ ਕਈ ਪਾਠਕ ਲਾਇਬ੍ਰੇਰੀ ਵਿਚ ਪਈਆਂ ਪੁਸਤਕਾਂ ਤੱਕ ਪੁਜਣ ਲਈ ਪੁਸਤਕਾਂ ਦੇ ਲੇਖਕਾਂ ਦੇ ਨਾਵਾਂ ਜਾਂ ਸਿਰਲੇਖ ਦਾ ਸਹਾਰਾ ਲੈਂਦੇ ਹਨ। ਫੇਰ ਵੀ ਪਾਠਕਾਂ ਦੀ ਬਹੁ-ਦਿਲਚਸਪੀ ਰੱਖਦੀ ਹੈ। ਇਸ ਲਈ ਪੁਸਤਕਾਂ ਦੀ ਕੇਵਲ ਵਿਸ਼ੇ ਵਾਰ ਤਰਤੀਬ ਹੀ ਵੱਧ ਤੋਂ ਵੱਧ ਪਾਠਕਾਂ ਦੀਆਂ ਲੋੜਾਂ ਪੂਰੀ ਕਰਦੀ ਹੈ।

ਪੁਸਤਕਾਂ ਦੀ ਤਰਤੀਬ ਸਵੈ-ਸਪਸ਼ਟ ਅਤੇ ਸਮਝਣ ਲਈ ਆਸਾਨ ਹੋਣੀ ਚਾਹੀਦੀ ਹੈ ਤਾਂ ਕਿ ਪਾਠਕਾਂ ਨੂੰ ਪੁਸਤਕਾਂ ਲੱਭਣ ਲਈ ਲਾਇਬ੍ਰੇਰੀ ਅਮਲੇ ਦੀ ਸਹਾਇਤਾ ਦੀ ਲੋੜ ਨਾ ਪਵੇ ਅਤੇ ਉਨਾਂ ਦਾ ਘੱਟ ਤੋਂ ਘੱਟ ਸਮਾਂ ਪੁਸਤਕਾਂ ਲੱਭਣ ਲਈ ਲੱਗੇ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸੰਬੰਧਿਤ ਪੁਸਤਕਾਂ ਕਿਸੇ ਖਾਸ ਤਰਤੀਬ ਅਨੁਸਾਰ ਪਈਆਂ ਹੋਣ। ਉਦਾਹਰਣ ਵਜੋਂ ਪੰਜਾਬ ਦੇ ਇਤਿਹਾਸ ਤੇ ਪੁਸਤਕਾਂ ਭਾਰਤ ਦੇ ਇਤਿਹਾਸ ਦੀਆਂ ਪੁਸਤਕਾਂ ਦੇ ਨਾਲ ਪਈਆਂ ਹੋਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਪੰਜਾਬ ਦੇ 1849 ਤੱਕ ਦੇ ਇਤਿਹਾਸ ਦੀਆਂ ਪੁਸਤਕਾਂ 1963 ਤੱਕ ਦੇ ਪੰਜਾਬ ਦੇ ਇਤਿਹਾਸ ਤੋਂ ਪਹਿਲਾਂ ਪਈਆਂ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਨਿਮਨਲਿਖਤ ਵਿਸ਼ੇ ਜਿਨ੍ਹਾਂ ਦਾ ਨੇੜੇ ਦਾ ਸੰਬੰਧ ਹੈ ਇਕ ਦੂਜੇ ਦੇ ਨੇੜੇ ਆਉਣੇ ਚਾਹੀਦੇ ਹਨ-

1) ਗਣਿਤ
2) ਭੌਤਿਕ ਵਿਗਿਆਨ
3) ਇੰਜੀਨੀਅਰ ਵਿਗਿਆਨ
4) ਰਸਾਇਣ ਵਿਗਿਆਨ
5) ਤਕਨਾਲੋਜੀ

ਹਰ ਇਕ ਪੁਸਤਕ ਜਾਂ ਵਿਸ਼ੇ ਦੀ ਥਾਂ ਪੱਕੀ ਨਿਸ਼ਚਿਤ ਹੋਣੀ ਚਾਹੀਦੀ ਹੈ ਤਾਂ ਕਿ ਨਵੀਆਂ ਪੁਸਤਕਾਂ ਨੂੰ

ਪੁਸਤਕ ਕ੍ਰਮ ਵਿਚ ਅਦਲਾ ਬਦਲੀ ਕੀਤੇ ਬਿਨਾਂ ਹੀ ਨਿਸ਼ਚਿਤ ਥਾਂ ਤੇ ਟਿਕਾਇਆ ਜਾ ਸਕੇ ਅਤੇ ਪਾਠਕਾਂ ਤੋਂ ਮੁੜ ਕੇ ਆਈਆਂ ਹੋਰ ਪੁਸਤਕਾਂ ਸੈਲਫ ਤੇ ਸਿੱਧੀ ਆਪਣੀ ਨਿਸ਼ਚਿਤ ਥਾਂ ਤੇ ਪਹੁੰਚ ਜਾਣ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਪੁਸਤਕ ਕ੍ਰਮ ਨੂੰ ਇੱਕ ਪੱਕਾ ਨੰਬਰ ਲਾ ਕੇ ਯੰਤਰਬਧ ਕੀਤਾ ਜਾਵੇ।

## ਪੁਸਤਕਾਂ ਨੂੰ ਵਰਗੀਕਰਣ ਕਰਨ ਲਈ ਵਰਤੇ ਜਾਣ ਵਾਲੇ ਗੁਣ

ਉੱਪਰ ਦਿੱਤੀਆਂ ਤਿੰਨ ਲੋੜਾਂ ਨੂੰ ਪੂਰਾ ਕਰਨ ਵਾਲੀ ਵਰਗੀਕਰਣ ਪ੍ਰਣਾਲੀ ਅਨੁਸਾਰ ਪੁਸਤਕਾਂ ਦੇ ਕਿਹੜੇ ਗੁਣਾਂ ਨੂੰ ਵਰਗੀਕਰਣ ਦਾ ਆਧਾਰ ਬਣਾਉਣਾ ਚਾਹੀਦਾ ਹੈ। ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਸਾਨੂੰ ਪਹਿਲਾਂ ਇਹ ਵੇਖਣਾ ਪੈਂਦਾ ਹੈ ਕਿ ਪੁਸਤਕਾਂ ਦੇ ਕਿਹੜੇ ਗੁਣ ਪੁਸਤਕਾਂ ਪਛਾਣਨ ਅਤੇ ਸ਼ੈਲਫਾਂ ਤੇ ਤਰਤੀਬ ਦੇਣ ਲਈ ਵਰਤੇ ਜਾ ਸਕਦੇ ਹਨ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1) ਪੁਸਤਕ ਦਾ ਆਕਾਰ
2) ਪੁਸਤਕ ਦਾ ਰੂਪ
3) ਪੁਸਤਕ ਦਾ ਵਜ਼ਨ
4) ਪੁਸਤਕ ਦੀ ਜਿਲਦ ਦਾ ਰੰਗ
5) ਪੁਸਤਕ ਦੀ ਐਕਸ਼ੈਸ਼ਨ ਜਾਂ ਪ੍ਰਾਪਤੀ ਸੰਖਿਆ
6) ਪੁਸਤਕ ਦੀ ਜਿਲਦ ਦੀ ਕਿਸਮ
7) ਪੁਸਤਕ ਦੇ ਲੇਖਕ ਦਾਂ ਨਾਂ
8) ਪੁਸਤਕ ਦਾ ਸਿਰਲੇਖ
9) ਪੁਸਤਕ ਦਾ ਵਿਸ਼ਾ

ਪੁਸਤਕਾਂ ਨੂੰ ਉਪਰ ਦੱਸੇ 9 ਗੁਣਾਂ ਵਿਚੋਂ ਕਿਸੇ ਇਕ ਗੁਣ ਦੇ ਆਧਾਰ ’ਤੇ ਤਰਤੀਬਿਆ ਜਾ ਸਕਦਾ ਹੈ। ਪਰ ਪੁਸਤਕਾਂ ਦੀ ਗਿਣਤੀ ਵੱਧ ਜਾਣ ਕਾਰਨ ਪੁਸਤਕਾਂ ਨੂੰ ਭੌਤਿਕ ਗੁਣਾਂ ਜਿਵੇ ਕਿ ਰੰਗ, ਜਿਲਦ ਦਾ ਆਕਾਰ ਆਦਿ ਅਨੁਸਾਰ ਤਰਤੀਬਣਾ ਪਾਠਕ ਲਈ ਵਧੇਰੇ ਸੁਖਾਵਾਂ ਨਹੀਂ ਜਾਪਦਾ। ਇਸ ਲਈ ਪੁਸਤਕਾਂ ਤੇ ਭੌਤਿਕ ਗੁਣਾਂ ਨੂੰ ਵਰਗੀਕਰਣ ਦਾ ਆਧਾਰ ਬਣਾਉਣਾ ਵਧੇਰੇ ਸਹਾਇਕ ਸਾਬਿਤ ਨਹੀਂ ਹੁੰਦਾ ਇਸ ਲਈ ਉਪਰ ਦਿੱਤੇ ਇਕ ਤੋਂ ਪੰਜ ਨੰਬਰ ਤੱਕ ਦੇ ਗੁਣਾਂ ਨੂੰ ਪੁਸਤਕਾਂ ਨੂੰ ਪਛਾਣਨ ਅਤੇ ਲਾਇਬ੍ਰੇਰੀ ਸੰਗ੍ਰਹਿ ਵਿਚੋਂ ਲੱਭਣ ਲਈ ਉੱਕਾ ਹੀ ਨਹੀਂ ਵਰਤਿਆਂ ਜਾਂਦਾ ਕਿਉਂਕਿ ਪਾਠਕਾਂ ਨੂੰ ਪੁਸਤਕਾਂ ਦੇ ਭੌਤਿਕ ਸਰੂਪ ਵਿਚ ਵਧੇਰੇ ਦਿਲਚਸਪੀ ਨਹੀਂ ਹੁੰਦੀ। ਇਸ ਤੋਂ ਇਲਾਵਾ ਇਨ੍ਹਾਂ ਵਿਚ ਕਈ ਵਾਰ ਵਿਸ਼ੇ ਨਿਰਧਾਰਣ ਕਰਨੇ ਵੀ ਔਖੇ ਹੁੰਦੇ ਹਨ। ਇਨ੍ਹਾਂ ਵਿਚੋਂ ਕਈ ਗੁਣਾਂ ਵਿਚ ਅਕਸਰ ਸਮਾਂ ਪੈਣ ’ਤੇ ਪਰਿਵਰਤਨ ਆ ਜਾਂਦਾ ਹੈ। ਇਸ ਲਈ ਪਹਿਲੇ ਪੰਜ ਗੁਣਾਂ ਵਿਚੋਂ ਕੋਈ ਗੁਣ ਵੀ ਆਧੁਨਿਕ ਲਾਇਬ੍ਰੇਰੀਆਂ ਵਿਚ ਪੁਸਤਕਾਂ ਦੇ ਵਰਗੀਕਰਣ ਲਈ ਨਹੀਂ ਵਰਤਿਆ ਜਾਂਦਾ।

1) **ਪੁਸਤਕਾਂ ਦੀ ਪ੍ਰਾਪਤੀ ਸੰਖਿਆ**- ਪੁਸਤਕਾਂ ਨੂੰ ਪ੍ਰਾਪਤੀ ਸੰਖਿਆਵਾਂ ਦੇ ਆਧਾਰ ’ਤੇ ਕ੍ਰਮ ਦੇਣਾ ਵੀ ਪਾਠਕਾਂ ਲਈ ਸਹਾਇਕ ਸਿੱਧ ਨਹੀਂ ਹੁੰਦਾ ਕਿਉਂਕਿ ਪ੍ਰਾਪਤੀ ਸੰਖਿਆਵਾਂ ਪੁਸਤਕਾਂ ਦੇ ਲਾਇਬ੍ਰੇਰੀ ਵਿਚ ਆਉਣ ਦੀ ਤਰਤੀਬ ਦੱਸਦੀਆਂ ਹਨ ਨਾ ਕਿ ਪੁਸਤਕਾਂ ਨੂੰ ਕਿਸੇ ਸਹਾਇਕ ਕ੍ਰਮ ਵਿਚ ਤਰਤੀਬ ਦੀਆਂ ਹਨ। ਇਸ ਲਈ ਸੰਖਿਆਵਾਂ ਨੂੰ ਜਾਣਨਾ ਅਤੇ ਯਾਦ ਰਖਣਾ ਪਾਠਕਾਂ ਲਈ ਸੰਭਵ ਨਹੀਂ ਹੈ।

**ਲੇਖਕ ਦਾ ਨਾਂ**- ਜੇਕਰ ਲਾਇਬ੍ਰੇਰੀ ਵਿਚ ਪੁਸਤਕਾਂ ਨੂੰ ਲੇਖਕਾਂ ਦੇ ਨਾਵਾਂ ਦੇ ਆਧਾਰ ਤੇ ਕ੍ਰਮ ਦਿੱਤਾ ਜਾਵੇ ਤਾਂ ਸਿਰਫ ਉਹੀ ਪਾਠਕ ਜੋ ਲੇਖਕਾਂ ਦੇ ਨਾਂ ਜਾਣਦੇ ਹਨ, ਲੋੜੀਦੀਆਂ ਪੁਸਤਕਾਂ ਨੂੰ ਲੱਭ ਸਕਣਗੇ। ਕਿਉਂਕਿ

ਸਾਰੀਆਂ ਲੋੜੀਦੀਆਂ ਪੁਸਤਕਾਂ ਦੇ ਲੇਖਕਾਂ ਨਾਂ ਜਾਣਨ ਜਾਂ ਯਾਦ ਰੱਖ ਸਕਣ ਵਾਲੇ ਪਾਠਕਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ ਇਸ ਲਈ ਪੁਸਤਕਾਂ ਨੂੰ ਲੇਖਕਾਂ ਦੇ ਨਾਵਾਂ ਦੇ ਆਧਾਰ ਤੇ ਦਿੱਤੀ ਤਰਤੀਬ ਪਾਠਕਾਂ ਦੀ ਬਹੁ ਗਿਣਤੀ ਲਈ ਸਹਾਇਕ ਸਿੱਧ ਨਹੀਂ ਹੁੰਦੀ।

**ਪੁਸਤਕਾਂ ਦੇ ਸਿਰਲੇਖ**–ਲੇਖਕਾਂ ਦੇ ਨਾਵਾਂ ਦੀ ਤਰ੍ਹਾਂ ਪੁਸਤਕਾਂ ਦੇ ਸਿਰਲੇਖ ਵੀ ਯਾਦ ਰੱਖਣੇ ਔਖੇ ਹੁੰਦੇ ਹਨ।ਸਿਰਲੇਖਾਂ ਦੇ ਆਧਾਰ 'ਤੇ ਪੁਸਤਕ ਕ੍ਰਮ ਸੰਬੰਧਿਤ ਪੁਸਤਕਾਂ ਨੂੰ ਨਿਖੇੜ ਦਿੰਦਾ ਹੈ।ਇਸ ਲਈ ਸਿਰਲੇਖਾਂ ਦੇ ਆਧਾਰ 'ਤੇ ਕੀਤੀ ਪੁਸਤਕ ਵਰਗੀਕਰਣ ਪਾਠਕਾਂ ਦੀ ਬਹੁਗਿਣਤੀ ਲਈ ਸਹਾਇਕ ਸਿੱਧ ਨਹੀਂ ਹੁੰਦੀ ਅਤੇ ਲਾਇਬ੍ਰੇਰੀਆਂ ਵਿੱਚ ਪੁਸਤਕਾਂ ਦੇ ਵਰਗੀਕਰਣ ਲਈ ਸਿਰਲੇਖ ਨੂੰ ਆਧਾਰ ਨਹੀਂ ਬਣਾਇਆ ਜਾਂਦਾ।

**ਪੁਸਤਕਾਂ ਦਾ ਵਿਸ਼ਾ**– ਪਾਠਕਾਂ ਦੀ ਬਹੁ ਗਿਣਤੀ ਗਿਆਨ ਜਾਂ ਜਾਣਕਾਰੀ ਪ੍ਰਾਪਤ ਕਰਨ ਲਈ ਪੁਸਤਕਾਂ ਵਰਤਦੀ ਹੈ।ਗਿਆਨ ਜਾਂ ਜਾਣਕਾਰੀ ਦੀ ਪ੍ਰਤੀਨਿਧਤਾ ਪੁਸਤਕਾਂ ਦਾ ਵਿਸ਼ਾ ਕਰਦਾ ਹੈ।ਇਸ ਲਈ ਪੁਸਤਕਾਂ ਦਾ ਉਨ੍ਹਾਂ ਦੇ ਵਿਸ਼ੇ 'ਤੇ ਆਧਾਰਿਤ ਕ੍ਰਮ ਲਾਇਬ੍ਰੇਰੀ ਵਰਤਣ ਵਾਲਿਆਂ ਦੀ ਬਹੁ ਗਿਣਤੀ ਦੀਆਂ ਲੋੜਾਂ ਪੂਰੀਆਂ ਕਰਦਾ ਹੈ।ਵਿਸ਼ਾ – ਕ੍ਰਮ ਸੰਬੰਧਿਤ ਪੁਸਤਕਾਂ ਨੂੰ ਇਕ ਥਾਂ ਇੱਕਠੀਆਂ ਕਰ ਦਿੰਦਾ ਹੈ।ਇਸ ਤੋਂ ਇਲਾਵਾ ਲੋੜੀਦੀਆਂ ਪੁਸਤਕਾਂ ਸੈਲਫ਼ਾਂ ਤੋਂ ਲੱਭਣ ਲਈ ਪਾਠਕਾਂ ਨੂੰ ਉਨਾਂ ਦੀਆਂ ਪ੍ਰਾਪਤੀ ਸੰਖਿਆਵਾਂ, ਸਿਰਲੇਖ ਜਾਂ ਲੇਖਕਾਂ ਦੇ ਨਾਂ ਜਾਨਣ ਤੇ ਯਾਦ ਰੱਖਣ ਦੀ ਲੋੜ ਨਹੀਂ ਰਹਿੰਦੀ।

ਇਸ ਲਈ ਲਾਇਬ੍ਰੇਰੀਆਂ ਵਿਚ ਵਰਗੀਕਰਣ ਦਾ ਆਧਾਰ ਪੁਸਤਕਾਂ ਦਾ ਵਿਸ਼ਾ ਬਣਾਇਆ ਜਾਂਦਾ ਹੈ।ਅੱਜ ਕੱਲ ਦੀ ਜੋ ਲੋੜ ਹੈ ਇਸ ਨੂੰ ਧਿਆਨ ਵਿਚ ਰਖਕੇ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਜਿਹੜੀਆਂ ਆਮ ਵਰਗੀਕਰਣ ਦੀਆਂ ਸਕੀਮਾਂ ਚਲ ਰਹੀਆਂ ਹਨ ਇਨਾਂ ਦਾ ਭਵਿੱਖ ਕੀ ਹੋਵੇਗਾ।ਕੁਝ ਇੰਝ ਲਗਦਾ ਹੈ ਕਿ ਕਿਤੇ ਵਰਗੀਕਰਣ ਦਾ ਪੁਨਰ ਜਨਮ ਨਾ ਹੋ ਜਾਵੇ।Colon Classification ਦਾ ਭਵਿੱਖ ਡਾ.ਰੰਗਾਨਾਥਨ ਦੀ ਹੋਈ 1972 ਵਿਚ ਮੌਤ ਨੇ ਧੁੰਧਲਾ ਕਰ ਦਿੱਤਾ ਹੈ।ਕਿਉਂਕਿ ਉਨਾਂ ਦੀ ਮੌਤ ਤੋਂ ਬਾਅਦ ਇਸ ਦੀ ਸੋਧ ਬਹੁਤ ਧੀਮੀ ਪੈ ਗਈ ਹੈ।ਇਸ ਤਰ੍ਹਾਂ ਲਗਦਾ ਹੈ ਕਿ LC ਅਤੇ DDC ਦੀ ਪਕੜ ਜਿਆਦਾ ਮਜਬੂਤ ਹੋ ਜਾਵੇਗੀ।UDC ਦੀ ਵਰਤੋਂ ਕਾਫ਼ੀ ਲਾਇਬ੍ਰੇਰੀਆਂ ਵਿਚ ਵੱਧ ਜਾਵੇਗੀ ਕਿਉਂਕਿ ਇਨ੍ਹਾਂ ਸਕੀਮਾਂ ਵਿਚ ਸੋਧ ਲਗਾਤਾਰ ਹੋ ਰਹੀ ਹੈ ਤੇ ਇਨਾਂ ਨੂੰ ਕੰਪਿਊਟਰ ਰਾਹੀਂ ਵਰਤੋਂ ਲਿਆਉਣ ਲਈ ਲਗਾਤਾਰ ਦੁਨੀਆ ਪੱਧਰ 'ਤੇ ਕੋਸ਼ਿਸ਼ਾਂ ਹੋ ਰਹੀਆਂ ਹਨ।ਸਾਰੀਆਂ ਮੌਜੂਦਾ ਵਰਗੀਕਰਣ ਦੀਆਂ ਸਕੀਮਾਂ 'ਤੇ ਖੋਜ ਕਰਨ ਤੋਂ ਬਾਅਦ ਇਹ ਪਾਇਆ ਗਿਆ ਹੈ ਕੋਈ ਵੀ ਸਕੀਮ ਮਸ਼ੀਨੀ ਤਰਤੀਬ ਦੇਣ ਤੇ ਜਾਣਕਾਰੀ ਨੂੰ ਸਟੋਰ ਕਰਣ ਵਾਸਤੇ ਯੋਗ ਨਹੀਂ ਹੈ।ਇਸ ਲਈ ਕਿਸੇ ਨਵੀਂ ਆਮ ਤਰ੍ਹਾਂ ਦੀ ਵਰਗੀਕਰਣ ਸਕੀਮ ਦੀ ਲੋੜ ਮਹਿਸੂਸ ਕੀਤੀ ਗਈ।ਕੰਪਿਊਟਰ ਦੀ ਕੰਮ ਕਰਨ ਦੀ ਯੋਗਤਾ ਦਾ ਪੁਸਤਕਾਂ ਦੇ ਵਰਗੀਕਰਣ ਤੇ index ਬਣਾਉਣ ਦੀ ਤੇਜ ਚਾਲ ਦਾ ਵੀ ਆਉਣ ਵਾਲੇ ਸਾਲਾਂ 'ਤੇ ਅਸਰ ਪਵੇਗਾ।ਇਹ ਵੀ ਆਸ ਹੈ ਕਿ ਪਾਠਕਾਂ ਦੀ ਰੁਚੀ ਵਾਲੇ subject indexes ਅਤੇ ਜਾਣਕਾਰੀ ਦੀਆਂ ਫ਼ਾਈਲਾਂ ਉਨਾਂ ਨੂੰ ਆਪਣੇ ਵੱਲ ਖਿੱਚਣ।ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਹੋਰ ਸ਼ਕਤੀਸ਼ਾਲੀ ਕੰਪਿਊਟਰਾਂ ਤੇ ਮਸ਼ੀਨਾਂ ਦੀ ਆਮਦ ਨਾਲ, ਵਰਗੀਕਰਣ ਦੇ ਕੰਮ ਵਿਚ ਹੋਰ ਵਧੀਆਪਨ ਤੇ ਤੇਜੀ ਆ ਜਾਵੇ।

**ਵਰਗੀਕਰਣ ਦਾ ਉਦੇਸ਼ ਅਤੇ ਮੰਤਵ**– ਵਰਗੀਕਰਣ ਦਾ ਉਦੇਸ਼ ਵਸਤਾਂ ਨੂੰ ਵੱਧ ਤੋਂ ਵੱਧ ਸਹਾਇਕ ਕ੍ਰਮ ਵਿਚ ਤਰਤੀਬਣਾ ਹੁੰਦਾ ਹੈ।ਇਹ ਦੱਸਣ ਯੋਗ ਹੋਵੇਗਾ ਕਿ ਹਰ ਵਰਗੀਕਰਣ ਪਿਛੇ ਕੋਈ ਨਾ ਕੋਈ ਉਦੇਸ਼ ਅਵੱਸ਼ ਹੁੰਦਾ ਹੈ।ਇਕ ਕਿਸਮ ਦੀਆਂ ਵਸਤਾਂ ਵੱਖ-ਵੱਖ ਉਦੇਸ਼ਾਂ ਲਈ, ਵੱਖ-ਵੱਖ ਵਿਅਕਤੀਆਂ ਦੁਆਰਾ ਵੱਖ-ਵੱਖ ਢੰਗਾਂ ਨਾਲ ਵਰਗੀਕ੍ਰਿਤ ਕੀਤੀਆਂ ਜਾ ਸਕਦੀਆਂ ਹਨ।ਕੈਸ਼ੀਅਰ ਸਿੱਕਿਆਂ ਨੂੰ ਕੀਮਤ ਅਨੁਸਾਰ ਤਰਤੀਬ ਦਿੰਦਾ ਹੈ।ਜਦੋਂ ਕਿ ਸਿੱਕਿਆ ਨੂੰ ਸੰਭਾਲਣ ਵਾਲਾ ਉਨਾਂ ਨੂੰ ਇਤਿਹਾਸਕ ਕ੍ਰਮ ਵਿਚ ਤਰਤੀਬ ਦਿੰਦਾ ਹੈ।

ਇਹ ਜ਼ਰੂਰੀ ਹੈ ਕਿ ਲਾਇਬ੍ਰੇਰੀ ਵਰਗੀਕਰਣ ਨੂੰ ਹਰੇਕ ਪ੍ਰਲੇਖ ਉਪਲਬੱਧ ਕਰਵਾਉਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਪ੍ਰਲੇਖ ਛੇਤੀ ਤੋਂ ਛੇਤੀ ਲੱਭੇ ਜਾਣੇ ਚਾਹੀਦੇ ਹਨ। ਇਹ ਭਲੀ-ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਲਾਇਬ੍ਰੇਰੀ ਪਾਠਕਾਂ ਲਈ ਹੈ ਅਤੇ ਆਧੁਨਿਕ ਲਾਇਬ੍ਰੇਰੀ ਦਾ ਮੂਲ ਉਦੇਸ਼ ਪਾਠਕਾਂ ਅਤੇ ਪੁਸਤਕਾਂ ਦਾ ਸੁਮੇਲ ਕਰਾਉਣਾ ਹੈ ਅਰਥਾਤ ਪੁਸਤਕਾਂ ਅਤੇ ਹੋਰ ਪ੍ਰਲੇਖਾਂ ਦੀ ਵੱਧ ਤੋਂ ਵੱਧ ਵਰਤੋਂ ਹੋਣੀ ਚਾਹੀਦੀ ਹੈ। ਪੁਸਤਕਾਂ ਨੂੰ ਇਕੱਠੇ ਕਰਨ ਨਾਲ ਹੀ ਇਹ ਨਹੀਂ ਸਮਝਿਆ ਜਾ ਸਕਦਾ ਕਿ ਉਨਾਂ ਦੀ ਵਰਤੋਂ ਆਪਣੇ ਆਪ ਹੀ ਆਰੰਭ ਹੋ ਜਾਵੇਗੀ। ਪਾਠਕਾਂ ਨੂੰ ਲਾਇਬ੍ਰੇਰੀ ਸੰਗ੍ਰਹਿ ਦੀ ਜਾਣਕਾਰੀ ਦੇਣ ਦੇ ਯੋਗ ਜਤਨ ਕਰਨੇ ਜ਼ਰੂਰੀ ਹਨ। ਜੇਕਰ ਅਜਿਹੇ ਜ਼ਰੂਰੀ ਕਦਮ ਨਹੀਂ ਚੁੱਕੇ ਜਾਂਦੇ ਤਾਂ ਲਾਇਬ੍ਰੇਰੀ ਦੇ ਸਾਧਨ ਜੁਟਾਉਣ ਉਪਰ ਖਰਚਿਆ ਧਨ ਅਤੇ ਸਮਾਂ ਵਿਅਰਥ ਹੋ ਜਾਂਦਾ ਹੈ।

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਵਰਗੀਕਰਣ ਪੁਸਤਕਾਂ ਵਰਤਣ ਵਾਲਿਆਂ ਨੂੰ ਪੁਸਤਕਾਂ ਦੇ ਵਿਸ਼ਿਆਂ ਬਾਰੇ ਸੂਚਿਤ ਕਰਦੀ ਹੈ। ਪੁਸਤਕਾਂ ਨੂੰ ਲਾਇਬ੍ਰੇਰੀ ਦੀਆਂ ਸੈਲਫ਼ਾਂ 'ਤੇ ਵਿਸ਼ਿਆਂ ਦੇ ਸੰਬੰਧਾਂ ਦੀ ਨੇੜਤਾ ਦੇ ਆਧਾਰ 'ਤੇ ਕ੍ਰਮ ਦਿੰਦੀ ਹੈ ਅਤੇ ਵਰਗਕ੍ਰਮ ਨੂੰ ਯੰਤਰ ਬੱਧ ਕਰਦੀ ਹੈ। ਇਸ ਲਈ ਵਰਗੀਕਰਣ ਪ੍ਰਣਾਲੀ ਦੀ ਨਿਪੁੰਨਤਾ ਅਤੇ ਪ੍ਰਭਾਵਸ਼ੀਲਤਾ ਦਾ ਅਨੁਮਾਨ ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰਾਂ ਤੋਂ ਲਾਇਆ ਜਾ ਸਕਦਾ ਹੈ :

- ਪੁਸਤਕਾਂ ਦਾ ਵਰਗ-ਕ੍ਰਮ ਕਿਸ ਹੱਦ ਤੱਕ ਵਿਸ਼ਿਆਂ ਨੂੰ ਉਘਾੜਨ ਅਤੇ ਉਨ੍ਹਾਂ ਦੀ ਪ੍ਰਦਰਸ਼ਨੀ ਕਰਨ ਵਿਚ ਸਫ਼ਲ ਹੈ?
- ਕੀ ਸੰਬੰਧਿਤ ਵਿਸ਼ਿਆਂ ਤੇ ਸਾਰੀਆਂ ਪੁਸਤਕਾਂ ਇਕ ਥਾਂ ਇੱਕਠੀਆਂ ਹੋ ਜਾਂਦੀਆਂ ਹਨ?
- ਕੀ ਸੰਬੰਧਿਤ ਵਿਸ਼ਿਆਂ ਤੇ ਉਪਲਬੱਧ ਪੁਸਤਕਾਂ ਨੇੜਤਾ ਦੇ ਆਧਾਰ 'ਤੇ ਪਾਠਕਾਂ ਲਈ ਸਹਾਇਕ ਕ੍ਰਮ ਵਿਚ ਆ ਜਾਦੀਆਂ ਹਨ?
- ਕੀ ਵਰਗ ਕ੍ਰਮ ਦੀ ਕਿਸੇ ਸੰਕੇਤਨ ਪ੍ਰਣਾਲੀ ਰਾਹੀਂ ਪ੍ਰਤੀਨਿਧਤਾ ਕੀਤੀ ਜਾ ਸਕਦੀ ਹੈ?
- ਕੀ ਵਰਗੀਕਰਣ ਕਰਨ ਨਾਲ ਪਾਠਕਾਂ ਦਾ ਸਮਾਂ ਬਚਦਾ ਹੈ?

## ਪੁਸਤਕ ਸੂਚੀ


1) ਐਸ.ਆਰ ਰੰਗਾਨਾਥਨ, ਪ੍ਰਾਲੀਗਾਮੀਨਾ ਟੂ ਲਾਇਬ੍ਰੇਰੀ ਕਲਾਸੀਫਿਕੇਸ਼ਨ, ਤੀਜਾ ਐਡੀਸ਼ਨ, 1967,ਭਾਗ ਸੀ
2) ਐਮ.ਪੀ.ਸਤੀਜਾ, ਏ ਮੈਨੂਮਲ ਆਫ਼ ਪ੍ਰੈਕਟੀਕਲ ਕੌਲਨ ਕਲਾਸੀਫਿਕੇਸ਼ਨ, ਚੌਥਾ ਐਡੀਸ਼ਨ, 2002
3) ਜਸਮੇਰ ਸਿੰਘ, ਲਾਇਬ੍ਰੇਰੀ ਵਰਗੀਕਰਣ : ਸਿਧਾਂਤ 1, ਪੰਜਾਬੀ ਯੂਨੀਵਰਸਿਟੀ, ਪਟਿਆਲਾ
4) ਹਾਕਮ ਸਿੰਘ, ਲਾਇਬ੍ਰੇਰੀ ਸਾਇੰਸ ਦੀ ਜਾਣ ਪਛਾਣ, ਅਧਿਆਇ 9, ਪੰਨੇ 93-94
5) ਕ੍ਰਿਸ਼ਨ ਕੁਮਾਰ, ਥਿਊਰੀ ਆਫ਼ ਕਲਾਸੀਫਿਕੇਸ਼ਨ, ਅਧਿਆਇ 1, ਪੰਨਾ 12 (ਅੰਗਰੇਜ਼ੀ ਵਿਚ)
6) ਸਿਰੀਵਾਸਤਵਾ ਏ.ਪੀ, ਥਿਊਰੀ ਆਫ਼ ਨਾਲਿਜ ਕਲਾਸੀਫਿਕੇਸ਼ਨ ਇਨ ਲਾਇਬ੍ਰੇਰੀਜ਼,ਪੰਨਾ 11(ਅੰਗਰੇਜ਼ੀ ਵਿੱਚ)
7) ਐਸ.ਪੀ. ਸਤੀਜਾ, ਇਨਟਰੋਡਕਸ਼ਨ ਟੂ ਦਾ ਪ੍ਰੈਕਟਿਸ ਆਫ਼ ਡੀ.ਵੀ. ਡੈਸੀਮਲ ਕਲਾਸੀਫਿਕੇਸ਼ਨ, 1987
8) ਐਸ.ਪੀ. ਸਤੀਜਾ, ਕੋਲਨ ਵਰਗੀਕਰਣ, ਪ੍ਰੈਕਟੀਕਲ ਗਾਈਡ, ਮਦਾਨ ਪਬਲੀਕੇਸ਼ਨਜ, ਪਟਿਆਲਾ, 2005
9) ਸੀ.ਕੇ. ਸ਼ਰਮਾ ਅਤੇ ਅਮਿਤ ਕੇ ਸ਼ਰਮਾ, ਲਾਇਬ੍ਰੇਰੀ ਵਰਗੀਕਰਣ, 2007

# "WE ARE JUST SHELLS OF THE SAME ABSOLUTE": RECONFIGURED CULTURAL SPHERES OF WOMAN IN BHARATI MUKHERJEE's SELECT NOVELS

**Dr. Neelam Bhardwaj**
Associate Professor, P.G. Dept. of English
S.C.D. Govt. College
Ludhiana, Punjab, India

## Abstract

This paper attempts to show how immigrant female protagonists in Bhararti Mukherjee's novels try to adopt to American society and how, in consequence, are portrayed as rootless trying to reconfigure in spheres facing cultural dilemma.She writes about the female protagonists who have left their countries for various reasons and come to America with their hopes, their aspirations, their struggles, their alienation, their pain and trauma. Their native feminine sensibility and moral consciousness is at a continuous war with their hybrid surroundings. The protagonists, in Mukherjee's novels under study, are in the transitional phase where complete freedom is not granted to them but freedom within the boundaries is given. The setting ranges from rural India to up market Manhattan. From just literates to well-educated and from modest financial backgrounds to rich, the backgrounds change, people change, countries change but the struggle remains constant as to whether women are actually liberal?

**Keywords**: Culture, Isolation, Homelessness, Insecurity, Identity, Nostalgia

> Oh, East is East, and West is West, and never the twain shall meet…
>
> -Rudyard Kipling

Globalization brought a drastic change in the social setup during the third quarter of Twentieth century and encouraged the phenomenon of migration, immigration and trans-nationalism. The scarcity of respectable and lucrative jobs on the one hand and the intense desire for liberation from traditional conservativeness on the other lured the Third World immigrants to refuge of Canada and America Where as Divakaruni says "Pavements are silver and the roots are gold?" (Divakaruni 46). This expatriation brought with it not only geographical shift of location but also cultural dilemma. The immigrants moving between the two poles of oriental and occidental cultures have given birth to such writings which present social, cultural and psychological dualities haunting the mind and consciousness. The nostalgia of their homeland and the cultural affinities haunt the immigrants and they develop the feeling of isolation, homelessness and insecurity of existence.The diaspora community has a common memory, image, or myth about their country, including its physical location, history, accomplishments, and sufferings. The dispersed group believes they will never be totally accepted by their host

society and thus feels alienated and distanced from it.

In the 1980s, there was a renaissance in creative writing, as well as a greater awareness of the country's diversity. The beautiful works of art, fictions, and other types of creative works depicted the new Postcolonial India with its evolving worldview, which is primarily a blend of tradition and modernization, and highlighted the East-West clash.It exemplifies the global vision of the new generation, which tries to strike a balance between inherited traditional values and assimilated foreign culture. Modern authors, who were transnational and transcontinental in nature, were successful in every way.Salman Rushdie, Amitav Ghosh and Upamanyu Chatterjee are the writers of Indian fiction in English who have made bold attempts to represent post-colonial India's altered perspectives.Their use of revolutionary narrative technique has elevated their place among the writers of Indian Fiction in English.

With their powerful strides, Indian women authors are also keeping up with the world's pace.They are noted for their inventiveness, adaptability, and the distinct flavour of the soil they work in.Bharati Mukherjee, Anita Desai, Nayantara Sahgal, Kiran Desai, JhumpaLahiri, and a slew of other Indian women writers were pioneers in bringing a diverse range of indigenous Indian themes to readers, all while maintaining a strong feminist perspective.Although their creativity stretches beyond their gender, they have contributed to the field of Indian English fiction. They speak to an Indian culture that is facing social agony and cultural displacement both within and outside the country.They express the anguish of Indian immigrants who have found themselves in an unfamiliar land, full of sensations and emotions of loneliness and dislocation, with no other options for freedom on many fronts.However, the literary oeuvre they offer to the readers is astounding, and they give voice to the voiceless immigrants from all over the world.

Bharati Mukherjee, one of the most committed Indo Canadian writers, portrays her women protagonists to be caught in the conflict of two world ideologies and the prejudices of the oriental and the occidental; the East and the West. She presents the dilemma of cultural conflict and sufferings of women surviving in the multi-cultural society of America. Her works, earnestly, present the issues of her own cultural location in West Bengal in India, her displacement from her motherland to Canada where she didn't get the fame of a writer and was instead overexposed as a racial minority and her final settlement in USA. In most of her works, the dilemma of belongingness is a matter of pain and agony, which explores the problems of nationality, location, identity and historical memory in Canada.

In almost all her works e.g. The Tiger's Daughter, Wife, Jasmine, The Holder of theWorld, Leave it to me, Desirable Daughters, The Tree Bride etc.,Bharati Mukherjee presents the world of immigrant through the middle class Indian women's plights, sufferings, suffocation and dilemma. In her narratives- dislocation, nostalgia, dilemma of cultural conflict and the faith in Indian moral values and personal relationship are dealt with. She brings forth her purpose in the creation of immigrant women in the following lines:

> The kind of women I write about …are those who are adaptable.

> We've been raised to please, been trained to be adaptable as wives and that adaptability is working to be woman's advantage when we come over as immigrants. (Connel25)

Mukherjee's female protagonists constantly suffer for their faith in religion, morality and strong bonding of personal relationships against the practicality and professionalism of American society. Through her writings, she tries to present Indian women caught in the dilemma of identities, an unresolved knot of past and present and their painful awareness of distinction between reconfiguredspheres of differentcultures.

Bharati Mukherjee's novelJasmine (1989) opens with 'lifetimes ago' giving us a subtle−hint that the protagonist has to live too many lives in one lifetime. In Jasmine, Mukherjee portrays a young, humble and semi educated Punjabi Girl Jasmine who passes through the trauma of existence amid the cultural dilemma. Although named Jyoti by birth, born into a traditional family "eighteen years after the Partition Riots" (Jasmine 44), she has undergone transformation in each of her new locations, moving from Punjab to Florida to New York to Iowa and finally to California. For each new transformation, she also acquires a new name: Jasmine, Jazzy, Jase and Jane. The main backdrop of the novel is the mixing of the East and the West presented through the life of Jasmine. Bharati Mukherjee sketches the journey of Jyoti of Hasnapur to Jane of New York only for her to realize that no matter which name she takes up she is ultimately designed by nature to survive to the expectation of people around her. Only this time she takes decisions along with the responsibilities and stands for her decisions.She accepts her fate and refutes it at the same time saying, "l was nothing a speck in the solar system" (Jasmine 40) and within few lines declares herself as a sage, ready to accept her life and various changes in it as they come indifferently trying to gel with the times and most of all circumstances. The role keeps changing mostly circumstantially and fancies of people who enter in her life and take up such an important position that she has to keep changing just to adapt and adjust.She has to face tribulations and painful experiences and a life that she never expected. At many points, she is seen referring to herself in third person as goddess, Jyoti of Hasnapur or Jane Ripplemeyer. With every transition that she goes through she observes herself objectively.KalpanaWandrekar describes about this transformation:

> Jasmine ……to a strong independent Indo-American woman who lives mostly in the now and the present and stops worrying about the future and is indifferent to the past... (Wandrekar125)

The freedom of change is granted to her but also weighs heavily on her mind especially when she has to take decisions about whom she has to be with. But like the proverbial phoenix, Jasmine rises from her ashes, as it were. In an interview with Carb, Bharati Mukherjee has said, "I believe that our souls can be reborn in another body, so the perspective I have about a single character's life is different from that of an American writer who believes that he has only one life" (Carb 651).Seemingly, it is the various lives of Jasmine that Mukherjee narrates. The suffering is expressed all the more distinctively as Mukherjee has experienced the same disoriented feeling, the sense of

being lostamongst her own, the sense of being chained of which there is no freedom.

Later in the novel when she reaches America and has to stay as a refugee, her liberating process of begins. The liberation, thus, then becomes a term where it has more to do with the educational status, financial freedom and social status whereas, in reality, it has to be reflected in the thoughts. Freedom here of course comes with a price. “Jyoti was now a sati-goddess, she had burned herself in a trash-can-funeral pyre behind a hoarded-up mooted in Florida” (Jasmine 176) and hence she decides to ‘travel light’ but she is never able to get over with her memories. Her adopted son Du reminds her of Prakash due to his technical capabilities “He is more like Prakash” (Jasmine178). This further strengthens the thought that for Jane it will be difficult to get rid of her past as Jasmine.

Though the novel is set in America, the Mecca of liberty, it does not change the status of the protagonist or the mind-set of the society around her, as it speaks volumes of the current scenario.Liberty and freedom does not come free of cost but with a price tag attached to it.The Americanization of Jasmine is not her liberation though it hints at breaking of the rigid behavioural norms of the traditional Indian society. Jasmine attempts to come to terms with the two worlds- the oriental and the occidental; one of ‘nativity’ and the other as an ‘immigrant’. Here in this context the unity between the First and the Third World is shown to be in the treatment of women as subordinate in both countries.

It is interesting to glance briefly at Mukherjee’s two earlier novels. The Tiger’s Daughter (1973) and Wife (1976) too deal with the immigrant experience.Bharati’s writings have presented forth a distinguishable movement towards Americanization in style as well as in protagonist’s’ adaptation of a country that allows them to live their own life.

The Tiger’s Daughter(1973) has been rated as her elegant first novel and is considered to be written skillfully. During her interview with Sybil Steinberg, Bharati said about her first effort:

It is the wisest of my novels in the sense I was between both worlds. I was detached enough from India so that I could look back with affection and irony, but I didn’t know America long enough to feel any conflict.(Steinberg 46)

Tara Banerjee Cartwright is the protagonist of The Tiger’s Daughter. Sheis a Western-educated affluent Bengali woman who is married to an American. The Tiger’s Daughter captures an opposite direction with the return to India of Tara, twenty-two years old daughter of a wealthy and prominent Bengali Brahmin. Tara Banerjee Cartwright goes to the United States for higher education. There she marries David, an American and settles down in New York. After her seven year-stay in the USA,Tara returns backto her home i.e. Calcutta as she wants to go to her cultural roots.She is in dire need of reclaiming her inherited identity as the daughter of Bengal Tiger and as the granddaughter of Hari Lal Banerjee of Pachaparaand tries to pick up the threads of her old life. She moves like a shuttlecock between Calcutta and New York, bestriding Indian and American cultures.

Through her earlier childhood memories, she is unable to converse with her friends, as they are more interested in her American affluence than in her new life with her American husband. Tara returns to India after a period of seven years. Having married David Cartwright, a writer, she is now Tara Banerjee Cartwright. When she comes back to India, she finds it difficult to relate to her relatives in Bombay and Calcutta. They treat her like a foreigner. Though her parents and relatives accept her with her acquired foreignness, Tara feels a sense of insecurity. Even at home, she feels uncomfortable to play the role of a typical Bengali Brahmin as she forgets the steps followed in religious rituals. She feels out of place in the company of her Indian friends every time she meets them at the Catelli-Continental. She is a dispossessed exile in both the worlds. Though she has lived in America for seven years, married to an American and has an American passport, yet she is not keen to belong to America. She realizes that she has become rootless and out of place both in India and America.At the end, she is caught up in a violent demonstration, and the book ends with this young immigrant surrounded by different ideas and cultures.

In Wife(1976),Bharati Mukherjee portrays a Bengali Indian wife, Dimple Basu who is married to Amit, an engineer who has already applied for immigration to Canada and the U.S. After marriage, she also migrates to America in the anticipation of more comfortable, luxurious, glamorous and settled life, and in the hope of getting rid of the Bengali traditions where the consciousness of conventions is a hurdle to the identity and freedom of Indian woman. However, in America, Dimple's dreams shatter when she finds herself insecure, lonely and isolated in the highly technical society of America. She becomes increasingly addicted to the media, and begins to lose her sense of balance and her sense of reality. She is extremely lonely and feels cut off from everything around her. Her resistance against the multi-cultural society of America makes her crazy to the extent that she loses control over her own conscious self and in a state of temporary insanity kills her own husband Amit.

The emotional collapse and the shattered self of Dimple is the proof of her failure to achieve 'wholeness' in alien cultural surroundings. In her marriage with Amit, a software engineer, and subsequent migration to California, she seeks the possibilities of independent life against the tradition bound life in Calcutta. However, her separation from her motherland brings isolation and loneliness in her life and generates the feeling of 'rootlessness' and casts its distressing shadows on her personal relationship. Amit's over involvement in his office work leaves Dimple discontented and nervous. The difference between Amit and Dimple is that she migrates with the values of typical Indian wife and confines all her hopes in Amit while he migrates with the dreams of professional success. In the second part of the novel, immigration and the occidental and oriental cultural dilemma determine the directions of her consciousness. Staying in California, she realizes that marriage has betrayed her by not providing her with all the glittering things she had imagined. She wants to enjoy luxury, freedom, parties and alluring male companionship but every time she is apprehensive about American ways. The dearth of command over the language, hi-tech ways of living and failure to develop alternative identity make her week, nervous and helpless. The cultural contrast of the

East and the West makes her face ridicule and humiliation. She feels how she could have survived in a country where "Every woman was a stranger, where she felt different, ignorant and exposed to ridicule in the elevator" (Wife 112). In the third part of the novel, she suffers trauma, becomes crazy to reconcile her dreams and reality.

Tara and Dimple are both essentially lonely women.It is the only way to survive, and this 'Jasmine-like' survivor obviously haunted Mukherjee, who herself survived her earlier immigrant experience in Canada. Mukherjee herself says in an interview: "there was a pattern of discrimination… I found myself constantly fighting battles against racial prejudice" (Carb 652) But in the USA, she felt relieved and free to write.

However, neither Jasmine nor The Tiger's Daughter and Wife bring across truly the pain of exile. Mukherjee has picked up the nuances of the American idiom, but her characters are marionettes performing a part. In spite of every new guise, all that changes of Jasmine are merely the exterior, there is no corresponding growth in depth and maturity. Like Jasmine, Mukherjee has changed citizenships and cultures with remarkable rapidity.

On the basis of above discussion, we can conclude that Bharati Mukherjee has very beautifully analysed cultural collision in three of her works i.e. The Tiger's Daughter, Wife and Jasminehighlighting diaspora traits such as loneliness, isolation, cultural clashes, transnationalism, internal turmoil, and hybridity. Tara, Dimple and Jasmine accept immigration as a mode of emancipation, but the adversities faced during the process of settlement thrust them in the state of oblivion in which they lose their individuality, self-respect and belongingness. The fact cannot be denied that in spite of vague view and distorted images, Bharati Mukherjee's women appear as pillars of cultural heritage. There is a large dose of Hindu philosophy thrown in as well:

"We are just shells of the same Absolute" (Jasmine15).

## Works Cited


- Carb, Alison B. "An Interview with Bharati Mukherjee". The Massachusetts Review. 29.1 (1988/1989).
- Connel, Michael, Jessie Grearson and Tom Grimes. "An Interview with Bharati Mukherjee". Iowa Review. 20, 3 (1990).
- Divakaruni, Banerjee Chitra. Arranged Marriage. Black Swan, 1995.
- Mukherjee, Bharati. Jasmine. Penguin Books, 1990.
- The Tiger's Daughter. Chatto and Windus, 1973.
- Wife. Sterling, 1976.
- Steinberg, Sybil. ''Bharati Mukherjee Interviewed" Publisher's Weekly, August 25, 1989.
- Wandrekar, Kalpana. The Ailing Aliens – A Study of the Immigrant Psyche in Six India Novels. JIWE Publication, 1996.

# GLOBALISED WORLD AND HUMAN RIGHTS IN INDIA

**Prof. Manmeet Kaur**
Head of Department,
Political Science,
Bareilly College, Bareilly

**Prof. Vandana Sharma**
Bareilly College, Bareilly

## Abstract

Lets pray that world would be a better place for the generations to come and will be able to develop a Human Right Culture for a Globalised World.

The term "Human Rights" is comparatively recent in origin but the ideas of human rights is as old as the history of civilization. Since the inception of early civilization, people were aware of these rights. India being the motherland of oldest civilization of the world and birth place of diverse cultures and religions has very rich heritage of human rights values. It is also one of the greatest and oldest companions of International community's struggle for presentation protection and promotion of human rights.

**KeyWords:** Civilization, International Community, Centred Advocacy, Secularism, Social Control, Directive Principles, Fundamental Rights.

## Ancient Indian Culture as Human Culture

We can say India is an ancient society but a modem State. The Indian ethos has largely been a tolerant society embracing and respecting the dignity of its friends and foes alike. Because Indian culture was more receptive in respecting the inherent worth of others, it had the tendency to overlook the so called alien aspects and build a society based on the principles of cooperation rather than competition.

In recorded history and ancient scriptures there has been reference on the basic human Rights though they were not refered to by the name. The historical amount of ancient Bharat proves it beyond doubt that the Human Rights were as much visible in the ancient Hindu and Islamic Civilization as in the European Christian Civilization Ashoka and Akbar cannot be excluded from the genology of human rights what is apparent is that the ancient Indian were not indifferent or unaware of human rights Jurisprudence. The basis of ancient rights Jurisprudence was Dharma. The ideal of ancient legal theory was the establishment of socio-legal order free from traces of conflicts exploitation and miseries, indeed, such a law of Dharma was a model for the universal legal order.

## Human Rights in Vedic Period

The concept of Human Rights in India may be seen to have existed in crystallization of values that are the common heritage of mankind. References occur as in the "Rig Veda" to the civil Rights, that of tana (body) Skridhi (dwelling place) and Jibhasi (life). Long before Hobbes, the Indian scriptures tells us about the importances of freedom of the individual (civil liberties) in slate. The concept of Dharma, the supreme law which governed the sovereign and the subjects alike covering the basic principles involved in the theory of rights, duties and freedoms.

## No one is superior or inferior, All are brother

The ancient Indian social system was based on the principles of division of labour strictly relying on the aptitude and functional specialization of a person. This heavily corresponds to the Greek theory of Ideal State as portrayed by Plato in his work, The Republic. Plato has categorized society into three classes- Gold, Silver and Copper. Similarly, the VarnaVyavastha(caste system), initially based on innate nature (guna) and individual's choice of work (shrama), was divided into four classes-Brahmin, Kashatriya, Vaishya and Shudra. However, the difference lies in the fact that Indian thinkers could translate their idea into practice whereas in Greek culture it remained only as a doctrine.

Kautiliya- the author of the celebrated political treatise. "Arthashastra", not only affirm and elaborated the civil and legal rights but also added a number of economic rights. There is however witnessed a downfall of human rights jurisprudence in past vedic age. In the past vedic age, the rise of Buddhism and Jainism were certainly a reaction against the deterioration of moral order as against the rights of privileged class. But if we talk about human rights in Islamic era, the concept of human rights got lost on its way in the dark and narrow alleys of the middle ages. So the significance of Muslim rule in India was counterproductive to harmony, Justice and equality. The operational ramifications of the Islamic norms can be gleaned from the mughal history of India. It was however at a later stage that Muslim state in India became considerably modified in its form.

After that the British Period started and in British India the modern version of human rights jurisprudence may be said to have taken birth in India at the time of British rule. The origin of this ideal in India lies in the history of India especially in the struggle for freedom against British rulers. Some humanitarian ideas were honoured by the British government in the forms of abolition of slavery in 1811, abolition of sati in 1829, abolition of infanticide in 1875. But they exploited both the Indian masses and India economically, politically, culturally and spiritually. Political and civil liberties and rights of the Indian people were totally jeopardized. The destruction led the people to demand

fundamental freedoms, civil and political rights. Thus meaning of right has been changed through time. This prolonged experience helped an elaborated description of rights in the constitution of India.

**Swami Vivekanand**in his famous Chicago Address to the Worl's Parliament of Religions in 1893 announced, **(We) Indians believe no only in universal tolerance, but we accept all religions are true. I am proud to belong to a nation which has sheltered the refugees of all regions and all nations of the earth.**It may be recalled that from time immemorial Indian have called their culture by the name **manav dharma manav sanskriti** or human culture.

## Human Rights Journey in Independent India

The span for India, as a sovereign, socialist, secular, democratic, republic is very significant one. India remains a country of stark contrasts. While over the period, despite linguistic, religious and regional diversities and abortive secessionist activities the concept of one nation has been strengthened from one Indian and of belonging to this country is much more pronounced today that it was fifty years ago. On the other hand, old caste and class conflicts and interregional difference have been sharpened, creating a messy situation. again hot and cold winds blowing from inside and outside the country, India, unlike most of the other Afro-Asian countries had adhered to a democratic system of government on the other hand.

## Indian Human Right Regime

